# ਸੌ ਸਵਾਲ

ਸਤਿਬੀਰ ਸਿੰਘ

Sri Satguru Jagjit Singh Ji eLibrary NamdhariElibrary@gmail.com

# ਸੌ ਸਵਾਲ

www.archive.org/details/namdhari

ਪ੍ਰਿੰ : ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ

Sri Satguru Jagjit Singh Ji eLibrary NamdhariElibrary@gmail.com

SAU SAWAL (100 Questions on Sikhism with Answers)
*by* Principal Satbir Singh

Published by :
New Book Company, Mai Hiran Gate, Jalandhar.
Phones : 2280045, 2284325, 3293190

ISBN : 81-87476-16-8

ਪਹਿਲੀ ਵਾਰ : 1983 ; ਨੌਵੀਂ ਵਾਰ : 2002 ; ਦਸਵੀਂ ਵਾਰ : 2005 ;
ਗਿਆਰਵੀਂ ਵਾਰ : 2007 ; ਬਾਰਵੀਂ ਵਾਰ : 2009 ; ਤੇਰਵੀਂ ਵਾਰ : 2011

| ਮੁੱਲ | 100 ਰੁਪਏ |
|---|---|

| | |
|---|---|
| ਪ੍ਰਕਾਸ਼ਕ | ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ। Ph. : 2280045, 2284325, 3293190 Fax : 0181-2234081 E-mail : newbookco@hotmail.com Website : www.newbookcompany.com |
| ਟਾਈਪ ਸੈਟਿੰਗ | ਸਟਾਰ ਪਲੱਸ, ਨਰਾਇਣ ਨਗਰ, ਬਸਤੀ ਸ਼ੇਖ ਰੋਡ, ਜਲੰਧਰ। |
| ਛਾਪਕ | ਸਰਤਾਜ ਪ੍ਰਿੰਟਿੰਗ ਪ੍ਰੈਸ, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ। |


Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਗੁਰਿ ਹਾਥੁ ਧਰਿਓ ਮੇਰੈ ਮਾਥਾ

ਪਿਛਲੇ ਪੈਂਤੀ ਸਾਲਾਂ ਸਮੇਂ ਦੇਸਾਂ-ਪ੍ਰਦੇਸਾਂ, ਸਕੂਲਾਂ-ਕਾਲਜਾਂ, ਕੈਂਪਾਂ, ਸਟੱਡੀ ਸਰਕਲਾਂ, ਦੀਵਾਨਾਂ-ਇਕੱਠਾਂ, ਗੋਸ਼ਟਾਂ-ਸੈਮੀਨਾਰਾਂ, ਘਰਾਂ-ਬੈਠਕਾਂ ਵਿੱਚ ਅਨੇਕਾਂ ਹੀ ਸਵਾਲ ਮੇਰੇ 'ਤੇ ਕੀਤੇ ਗਏ। ਉਨ੍ਹਾਂ ਦਾ ਉੱਤਰ ਵੀ ਗੁਰੂ ਬਖਸ਼ੀ ਮੱਤ ਦੁਆਰਾ ਦੇਂਦਾ ਰਹਿਆ। ਇਸ ਤਰ੍ਹਾਂ ਸਵਾਲਾਂ ਦਾ ਇਕ ਗੁੱਛਾ ਜਿਹਾ ਤਿਆਰ ਹੋ ਗਿਆ ਪਰ ਝਾਤ ਮਾਰ ਡਿੱਠਾ ਤਾਂ ਦੇਖਣ ਵਿਚ ਆਇਆ ਕਿ ਗਿਣਤੀ ਵਿਚ ਭਾਵੇਂ ਇਹ ਸਵਾਲ ਸੈਂਕੜੇ ਹਨ ਪਰ ਮੁੱਢਲੇ ਸੌ ਤੋਂ ਵੱਧ ਨਹੀਂ। ਬਹੁਤਿਆਂ ਦਾ ਕੇਵਲ ਰੂਪ ਹੀ ਵੱਟਿਆ ਹੈ।

ਜਿਵੇਂ ਇਕ ਵਾਰੀ ਇਕ ਵਿਦਿਆਰਥੀ ਨੇ ਪੁੱਛਿਆ ਕਿ ਕੀ ਕੇਕ ਖਾਣਾ ਜਾਇਜ਼ ਹੈ ? ਤਾਂ ਮੈਂ ਜਾਤਾ ਕਿ ਉਸ ਨੂੰ ਸਿਰਫ਼ ਖਾਣ-ਪੀਣ, ਰਹਿਣ-ਬਹਿਣ-ਸਹਿਣ ਬਾਰੇ ਗੁਰੂ ਜੀ ਦੇ ਸਪੱਸ਼ਟ ਹੁਕਮ ਦੱਸਣ ਦੀ ਲੋੜ ਹੈ। ਗੁਰੂ ਜੀ ਕੋਈ ਡਾਇਟਰੀ (ਖਾਣ-ਸੂਚੀ) ਜਾਂ ਲਿਵਰੀ (ਪਹਿਣ-ਪ੍ਰਬੰਧ) ਤਿਆਰ ਕਰਨ ਲਈ ਨਹੀਂ ਸਨ ਆਏ। ਉਨ੍ਹਾਂ ਸਾਨੂੰ ਹੁਕਮ ਕਰ ਦਿੱਤੇ ਸਨ ਕਿ ਉਹ ਨਹੀਂ ਖਾਣਾ, ਉਹ ਨਹੀਂ ਪਹਿਨਣਾ, ਜਿਸ ਦੀ ਵਰਤੋਂ ਨਾਲ ਖ਼ੁਸ਼ੀ ਖ਼ੁਆਰ ਹੋਵੇ, ਤਨ ਪੀੜਿਆ ਜਾਏ ਤੇ ਮਨ ਮਹਿ ਵਿਕਾਰ ਉਠੇ। ਇਸ ਵਿਚ ਹਰ ਉਸ ਪੁੱਛ ਦਾ ਉੱਤਰ ਆ ਗਿਆ ਜੋ ਪਹਿਨਣ ਬਾਰੇ ਨਿਤ ਹੁੰਦੇ ਰਹਿੰਦੇ ਹਨ।

ਸੋ ਮੈਂ ਆਪਣੀ ਬੱਚੀ ਸਿਮਰਨ ਕੌਰ ਜੀ ਨੂੰ ਉਨ੍ਹਾਂ ਅਨੇਕਾਂ ਸਵਾਲਾਂ ਵਿੱਚੋਂ ਮੁੱਢਲੇ ਸਮਝੇ ਜਾਂਦੇ ਸਵਾਲਾਂ ਨੂੰ ਤਰਤੀਬ ਦੇਣ ਲਈ ਕਿਹਾ। ਇਸ ਤਰ੍ਹਾਂ ਇਹ ਸੌ ਸਵਾਲ ਬਣੇ ਜੋ ਉੱਤਰਾਂ ਸਮੇਤ ਹਾਜ਼ਰ ਹਨ। ਉਧਰੋਂ ਵੀਰ ਪ੍ਰਭਜੋਤ ਸਿੰਘ ਜੀ ਕਲਕੱਤਾ ਤੋਂ ਮੈਨੂੰ ਬਾਰ-ਬਾਰ ਲਿਖ ਰਹੇ ਸਨ ਕਿ ਹੋਰ ਕ੍ਰਿਤਾਂ ਦੀ ਛਪਵਾਈ ਪਿੱਛੇ ਪਾ ਕੇ ਪਹਿਲਾਂ 'ਸੌ ਸਵਾਲ' ਛਾਪ ਦਿਓ ਤਾਂ ਕਿ ਸਿੱਖਇਜ਼ਮ 'ਤੇ ਇਕ ਹੈਂਡ ਬੁੱਕ ਜਿਹੀ ਤਿਆਰ ਹੋ ਜਾਏ।

ਤਰਤੀਬ ਦਿੱਤੇ ਸਵਾਲਾਂ ਨੂੰ ਆਖ਼ਰੀ ਸ਼ਕਲ ਹਮੇਸ਼ਾ ਵਾਂਙ ਪਹਿਲਗਾਮ ਹੀ ਦਿੱਤੀ ਜਿੱਥੇ ਵੀਰ ਨਰਿੰਦਰ ਸਿੰਘ ਜੀ ਨੇ ਐਸਾ ਵਾਤਾਵਰਣ ਬਣਾ ਦਿੱਤਾ ਹੈ ਕਿ ਸੱਚੀਂ-ਮੁੱਚੀਂ ਮਹੀਨਿਆਂ ਦਾ ਕਾਰਜ ਦਿਨਾਂ ਵਿਚ ਹੁੰਦਾ ਹੈ।

ਸਰਦਾਰ ਮਹਿਤਾਬ ਸਿੰਘ ਜੀ ਨੂੰ ਉਚੇਚ ਕਰਕੇ ਛੇਤੀ ਛਾਪਣ ਲਈ ਕਿਹਾ ਤਾਂ ਕਿ ਮਿੱਥੇ ਸਮੇਂ ਤੋਂ ਪਹਿਲਾਂ ਪਾਠਕਾਂ ਦੇ ਹੱਥ ਪੁੱਜ ਜਾਏ। ਅੱਜ ਮੈਨੂੰ ਖ਼ੁਸ਼ੀ ਹੈ ਕਿ ਸਾਲਾਂ ਬੱਧੀ ਮਿਹਨਤ ਪੁਸਤਕ ਵਿਚ ਸਾਕਾਰ ਹੈ।

ਕੋਸ਼ਿਸ਼ ਇਹ ਹੀ ਕੀਤੀ ਹੈ ਕਿ ਇਨ੍ਹਾਂ 'ਸੌ ਸਵਾਲਾਂ' ਵਿਚ ਹਰ ਮੁੱਢਲੇ ਉਠਾਏ ਜਾਂਦੇ ਸਵਾਲ ਦਾ ਉੱਤਰ ਆ ਜਾਏ। ਸਿੱਖ, ਸਿੰਘ, ਖਾਲਸਾ, ਪੰਥ, ਧਰਮ, ਗੁਰਮਤਿ, ਰਹਿਤ, ਕੁਰਹਿਤ, ਜਨਮ, ਅਨੰਦਕਾਰਜ, ਮ੍ਰਿਤਕ-ਸੰਸਕਾਰ, ਸੰਗਤਿ, ਪੰਗਤਿ, ਜੈਕਾਰਾ, ਨਗਾਰਾ, ਲੰਗਰ, ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਚੌਂਕੀਆਂ, ਗੁਰੂ ਪਾਤਸ਼ਾਹਾਂ ਦੀਆਂ ਸ਼ਖਸੀਅਤਾਂ, ਸ਼ਹੀਦਾਂ ਦੇ ਅੰਤਮ ਬਚਨ, ਅਸੀਂ ਜਿੱਤੇ ਕਿਵੇਂ, ਹਾਰੇ ਕਿਉਂ, ਮੀਣੇ ਮਸੰਦ, ਤਨਖ਼ਾਹੀਏ, ਨਿਰਮਲੇ, ਉਦਾਸੀ ਸੰਪ੍ਰਦਾਵਾਂ, ਗੁਰੂ ਸੰਤਾਨ-ਸਬੰਧੀ ਲੋੜੀਂਦੀ ਵਾਕਫ਼ੀਅਤ ਦਿੱਤੀ ਹੈ। ਇਹ ਕੋਈ ਦਾਅਵਾ ਨਹੀਂ ਕਿ ਇਹ ਆਖ਼ਰੀ ਉੱਤਰ ਹਨ ਪਰ ਇਹ ਕਹਿ ਸਕਦਾ ਹਾਂ ਕਿ ਉਲਝੀ ਤਾਣੀ ਨੂੰ ਸੁਲਝਾਉਣ ਅਤੇ ਲੱਗੇ ਜਾਲੇ ਨੂੰ ਉਤਾਰਨ ਲਈ ਇਹ ਉਪਰਾਲਾ ਜ਼ਰੂਰ ਹੈ।

ਇਹ ਪੁਸਤਕ ਮੈਂ ਸ੍ਰੀ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਨੂੰ ਭੇਂਟ ਕੀਤੀ ਹੈ ਜਿਥੋਂ

Sri Satguru Jagjit Singh Ji eLibrary NamdhariElibrary@gmail.com

ਜਮਨਾ ਵਰਗੀ ਸੂਕਾਂ ਮਾਰਦੀ ਨਦੀ ਸ਼ਾਂਤ ਹੋ ਕੇ ਲੰਘਦੀ ਹੈ। ਇਹ ਮੇਰੀ ਅਰਦਾਸ ਹੈ ਕਿ ਸਾਡੇ ਮਨੋ-ਵੇਗ ਵੀ ਕਲਗੀਧਰ ਆਪਣੇ ਬਚਨਾਂ ਨਾਲ ਸ਼ਾਂਤ ਕਰਨ। ਇਸੇ ਪਾਉਂਟਾ ਸਾਹਿਬ ਵਿਖੇ ਹੀ ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪਹਿਲਾ ਕੈਂਪ ਲੱਗਾ ਸੀ ਜਿੱਥੇ ਸਰਦਾਰ ਸਰੂਪ ਸਿੰਘ ਜੀ ਨੇ ਮੈਨੂੰ ਹੱਥੀਂ ਕਲਮ ਫੜਾ ਲਿਖਣ ਦਾ ਵਲ ਤੇ ਫਿਰ ਬੋਲਣ ਦਾ ਢੰਗ ਸਿਖਲਾਇਆ ਸੀ।

ਇਸੇ ਭਾਵ ਦੀਆਂ ਦੋ ਹੋਰ ਪੁਸਤਕਾਂ 'ਮਾਹ ਦਿਵਸ ਸਾਲ' ਅਤੇ ਅਦੁੱਤੀ ਬਾਤਾਂ 'ਮੰਨੋ ਭਾਵੇਂ ਨਾਹ' (Believe it or not) ਤਿਆਰ ਹਨ ਜੋ ਅਗਲੇ ਸਾਲ ਛਾਪ ਪਾਠਕਾਂ ਹੱਥ ਦੇਣ ਦੀ ਵੀਚਾਰ ਹੈ ਕਿਉਂਕਿ ਹੁਣ ਸਾਰਾ ਸਮਾਂ ਗੁਰੂ ਗ੍ਰੰਥ ਸਾਹਿਬ ਦੇ ਸਾਰ-ਵਿਸਥਾਰ ਦੇ ਛਾਪਣ ਤੇ ਲੱਗ ਜਾਣਾ ਹੈ। ਸਾਰ-ਵਿਸਥਾਰ ਦੀ ਪਹਿਲੀ ਜਿਲਦ ੧੯੯੫ ਨੂੰ ਦੇਣ ਦਾ ਚਿੱਤ ਹੈ। ਗੁਰੂ ਮਿਹਰ ਕਰੇ।

ਮਾਹ-ਦਿਵਸ ਸਾਲ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਤੋਂ ਲੈ ਕੇ ੧੯੪੭ ਤੱਕ ਪਹਿਲਾਂ ਹਰ ਸਾਲ ਨੂੰ ਵਾਪਰੀ ਘਟਨਾ ਤੇ ਫਿਰ ਹਰ ਦਿਨ ਦਾ ਹਾਲ ਦਿੱਤਾ ਹੈ।

'ਮੰਨੋ ਭਾਵੇਂ ਨਾਹ' ਵਿਚ ਸਾਰੀਆਂ ਉਹ ਸਾਖਾਂ (ਟੈਸਟਾਮੈਂਟ) ਦਿੱਤੀਆਂ ਹਨ ਜੋ ਦੇਖਣ ਨੂੰ ਨਾ-ਮੁਮਕਨ ਲਗਦੀਆਂ ਹਨ ਪਰ ਸਹੀ ਸਾਡੇ ਸਾਹਮਣੇ ਹੁਣ ਵੀ ਵਾਪਰ ਰਹੀਆਂ ਹਨ। ਇਕ ਹੀ ਤੱਕੋ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਸੰਨ ੧੪੬੯ ਨੂੰ ਹੋਇਆ ਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੋਤੀ ਜੋਤ, ਸੰਨ ੧੭੦੮ ਨੂੰ ਸਮਾਏ। ਇਸ ਤਰ੍ਹਾਂ ੨੩੯ ਸਾਲ ਬਣਦੇ ਹਨ।

ਹੁਣ ਜ਼ਰਾ ਗਹੁ ਕਰੋ। ਗੁਰੂ ਗ੍ਰੰਥ ਸਾਹਿਬ ਨੂੰ ਗੁਰੂ-ਗੱਦੀ ਗੁਰੂ ਗੋਬਿੰਦ ਸਿੰਘ ਜੀ ਸੰਨ ੧੭੦੮ ਨੂੰ ਦੇ ਕੇ ਨਾਂਦੇੜ ਵਿਖੇ ਜੋਤੀ ਜੋਤ ਸਮਾਂ ਗਏ ਅਤੇ ਹਿੰਦ-ਪਾਕਿ ਦੀ ਵੰਡ ਦੇ ਸਿੱਟੇ ਵਜੋਂ ਅੱਧਾ ਪੰਥ ਉਜੜ ਕੇ ੧੯੪੭ ਨੂੰ ਇਕ ਥਾਵੇਂ ਇਕੱਠਾ ਹੋਇਆ ਹੈ ਇਸ ਰਹੱਸ ਵਿਚ। ਇਸੇ ਤਰ੍ਹਾਂ ਦੀ ਦੋ ਸੌ ਦੇ ਕਰੀਬ ਅਦੁੱਤੀ ਬਾਤਾਂ ਦੀ ਪੁਸਤਕ ਹੈ : ਮੰਨੋ ਭਾਵੇਂ ਨਾਹ।

ਜਿਸ ਮਿਹਨਤ ਨਾਲ ਸਰਦਾਰ ਬਲਬੀਰ ਸਿੰਘ ਨੇ ਇਸ ਪੁਸਤਕ ਨੂੰ ਟਾਈਪ ਕੀਤਾ ਹੈ, ਉਸ ਦਾ ਮੈਂ ਧੰਨਵਾਦ ਕਰਦਾ ਹਾਂ ਅਤੇ ਜੋ ਭਾਵ-ਪੂਰਤ ਟਾਈਟਲ ਸਰਦਾਰ ਦਵਿੰਦਰ ਸਿੰਘ ਜੀ ਨੇ ਬਣਾਇਆ ਹੈ, ਉਸਨੂੰ ਕਲਾ ਦਾ ਕ੍ਰਿਸ਼ਮਾ ਕਹਿ ਸਕਦੇ ਹਾਂ। ਬੜਾ ਮਾਣ ਹੈ ਮੈਨੂੰ ਦਵਿੰਦਰ ਜੀ ਤੇ। ਵੀਰ ਜਗਜੀਤ ਸਿੰਘ ਦਰਦੀ ਅਤੇ ਹਰਬੀਰ ਸਿੰਘ ਜੀ ਜਿਵੇਂ ਪਿਆਰ ਦੇ ਰਹੇ ਹਨ, ਇਹ ਮੈਨੂੰ ਖੀਵਾ ਕਰੀ ਫਿਰਦਾ ਹੈ।

ਨੀਹਾਂ ਵਿਚ ਚਿਣੇ ਜਾਣ ਵੇਲੇ ਜੋ ਜੁਰਅੱਤ ਭਰੇ ਬਚਨ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹ ਸਿੰਘ ਜੀ ਨੇ ਬੋਲੇ, ਉਹ ਹਰ ਮਾਂ ਆਪਣੇ ਬੇਟੇ-ਬੇਟੀ ਨੂੰ ਯਾਦ ਕਰਾ ਦੇਵੇ ਤਾਂ ਮੇਰਾ ਵਿਸ਼ਵਾਸ ਹੈ ਕਿ ਕਦੇ ਕੋਈ ਸਿੱਖ ਧਰਮੋਂ ਨਹੀਂ ਡੋਲੇਗਾ।

ਬਚਨ ਹਨ :—

ਹਮਰੇ ਬੰਸ ਰੀਤ ਇਮ ਆਈ।<br>ਸੀਸ ਦੇਤਿ, ਪਰ ਧਰਮ ਨ ਜਾਈ।

ਸਤੰਬਰ ੧੦, ੧੯੯੩<br>ਯਮਨਾ ਨਗਰ (ਅੰਬਾਲਾ)

—ਸਤਿਬੀਰ ਸਿੰਘ

www.archive.org/details/namdhari

# ਰੋਸ ਨ ਕੀਜੈ
# ਉੱਤਰ ਦੀਜੈ

(ਚੌਥਾ ਐਡੀਸ਼ਨ ਛੱਪ ਆਉਣ 'ਤੇ)

ਸਿਧ ਗੋਸਟਿ ਵਿਚ ਜਦ ਸਿਧ ਲੋਕ ਗੁਰੂ ਨਾਨਕ ਦੇਵ ਜੀ 'ਤੇ ਤਿੱਖੇ ਸਿੱਧੇ ਸਵਾਲ ਕਰਦੇ ਹਨ ਤਾਂ ਨਾਲ ਉਹ ਇਹ ਵੀ ਕਹਿੰਦੇ ਹਨ ਕਿ ਗੁਰੂ ਜੀ ਸਾਡੇ ਕੀਤੇ ਸਵਾਲਾਂ ਦਾ ਗੁੱਸਾ ਨਹੀਂ ਮਨਾਉਣਾ। ਗੁਰੂ ਨਾਨਕ ਦੇਵ ਜੀ ਨੇ ਬੜੇ ਸਹਿਜ ਨਾਲ ਸਭ ਉਠਾਏ ਸਵਾਲਾਂ ਦਾ ਜੁਆਬ ਦੇ ਕੇ ਉਨ੍ਹਾਂ ਨੂੰ ਨਿਰੁੱਤਰ ਕੀਤਾ। ਸਾਨੂੰ ਗੁਰੂ ਨਾਨਕ ਨਾਮ ਲੇਵਿਆਂ ਨੂੰ ਵੀ ਐਸਾ ਹੀ ਰਵੱਈਆ ਉਸ ਵੇਲੇ ਅਪਨਾਉਣਾ ਚਾਹੀਦਾ ਹੈ ਜਦ ਕੋਈ ਚੁਭਵਾਂ ਟੋਕਵਾਂ ਸਵਾਲ ਕਰੇ।

ਇਹ ਸੌ ਸਵਾਲ ਉਨ੍ਹਾਂ ਸਭ ਉਠਾਏ ਸਵਾਲਾਂ ਦਾ ਇਕੋ ਵਾਰੀ ਇਕ ਥਾਂ ਦੇਣ ਦਾ ਇਸ ਪਾਸੇ ਦਾ ਹੀ ਤਜਰਬਾ ਸੀ ਤੇ ਮੈਨੂੰ ਖੁਸ਼ੀ ਹੈ ਕਿ ਇਸ ਨੂੰ ਪਾਠਕਾਂ ਨੇ ਨਾ ਸਿਰਫ ਪਸੰਦ ਕੀਤਾ ਸਗੋਂ ਇਤਨਾ ਸਲਾਹਿਆ ਤੇ ਅਪਣਾਇਆ ਕਿ ਹਰ ਸਾਲ ਹੀ ਇਕ ਐਡੀਸ਼ਨ ਨਵੇਂ ਸਿਰਿਉਂ ਛਾਪ ਦੇਣਾ ਪਿਆ।

ਭਾਵੇਂ ਬੜੇ ਸੰਕੋਚਵੇਂ ਢੰਗ ਨਾਲ ਹਰ ਸਵਾਲ ਦਾ ਜਵਾਬ ਪਹਿਲੇ ਐਡੀਸ਼ਨਾਂ ਵਿਚ ਦਿੱਤਾ ਸੀ ਪਰ ਜਿੱਥੇ ਵੀ ਰਤਾ ਕੁ ਹੋਰ ਵਿਸਥਾਰ ਦੀ ਲੋੜ ਸੀ ਉਹ ਇਸ ਐਡੀਸ਼ਨ ਵਿਚ ਦੇ ਕੇ ਆਖ਼ਰੀ ਸ਼ਕਲ ਦਿੱਤੀ ਹੈ। ਤਰਤੀਬ ਨਹੀਂ ਛੇੜੀ ਤੇ ਨਾ ਹੀ ਨਵੇਂ ਸਵਾਲ ਉਠਾਏ ਹਨ। ਮੁੱਢਲੇ ਸਿਧਾਂਤਾਂ ਦੀ ਕੁਝ ਕੁ ਵਿਆਖਿਆ 'ਮੁੱਢ ਮੂਲ' ਪੁਸਤਕ ਵਿਚ ਕੀਤੀ ਹੈ।

ਗੁਰੂ ਪਾਤਸ਼ਾਹ ਨੇ ਸੱਚ ਦੀ ਪਉੜੀ ਜੋ ਦਰ-ਘਰ ਪਹੁੰਚਣ ਲਈ ਲਗਾਈ ਹੈ ਉਸ ਤੇ ਸ਼ਬਦ ਸਹਾਰੇ ਚੜ੍ਹਦੇ ਰਹਿਆਂ ਸਦਾ ਸਹੀ ਸੱਚਾ ਸੁੱਖ ਮਿਲਦਾ ਹੈ।

ਗੁਰ ਕੀ ਪਉੜੀ ਸਾਚ ਕੀ
ਸਾਚਾ ਸੁਖ ਹੋਈ।

(ਸੂਹੀ ਮਹਲਾ ੧)

ਪਟਿਆਲਾ
ਮਾਰਚ ਪਹਿਲੀ, ੧੯੯੦

—ਸਤਿਬੀਰ ਸਿੰਘ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਤਤਕਰਾ


1. ਸਿੱਖ : ... 9
ਸਿੱਖ ਦੀ ਉਪਮਾ ਕੀ ਹੈ?

2. ਮੂਲ ਮੰਤ੍ਰ : ... 10
ਸਾਡਾ ਮੂਲ ਮੰਤ੍ਰ ਕੀ ਹੈ?

3. ਧਰਮ : ... 11
ਧਰਮ ਕਿਸ ਨੂੰ ਕਹਿੰਦੇ ਹਨ?

4. ਗੁਰਮਤਿ ਸਿੱਖ ਧਰਮ : ... 13
ਗੁਰਮਤਿ ਅਤੇ ਸਿੱਖ ਧਰਮ ਦੇ ਮੋਟੇ ਅਸੂਲ ਕੀ ਹਨ?

5. ਗੁਰੂ : ... 15
ਕੀ ਸਾਡੇ ਦਸ ਗੁਰੂ ਹਨ?

6. ਦਸ ਪਾਤਸ਼ਾਹੀਆਂ : ... 16
ਦਸ ਪਾਤਸ਼ਾਹੀਆਂ ਦੇ ਨਾਮ ਅਤੇ ਇਕ-ਇਕ ਲਾਈਨ ਵਿਚ ਉਨ੍ਹਾਂ ਦੇ ਸੁਭਾਅ ਅਤੇ ਸ਼ਖਸੀਅਤ ਦਾ ਵਰਣਨ ਕਰੋ।

7. ਜਨਮ ਅਸਥਾਨ : ... 18
ਗੁਰੂ ਪਾਤਸ਼ਾਹਾਂ ਦੇ ਪ੍ਰਕਾਸ਼ ਦਿਵਸ, ਜਨਮ-ਅਸਥਾਨ ਅਤੇ ਜੋਤੀ ਜੋਤਿ ਸਮਾਉਣ ਦੇ ਅਸਥਾਨ ਤੇ ਸਮਾਂ ਲਿਖੋ।

8. ਗੁਰੂ ਗ੍ਰੰਥ ਸਾਹਿਬ : ... 20
ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਕਦ ਤੋਂ ਹੋਏ?

9. ਬਾਣੀ ਕਿਤਨੇ ਮਹਾਂਪੁਰਸ਼ਾਂ : ... 22
ਗੁਰੂ ਗ੍ਰੰਥ ਸਾਹਿਬ ਵਿਚ ਕਿਤਨੇ ਮਹਾਂਪੁਰਸ਼ਾਂ ਦੀ ਬਾਣੀ ਹੈ, ਉਨ੍ਹਾਂ ਦੇ ਨਾਂ ਦੱਸੋ।

10. ਸਮੁੱਚਾ ਮਜ਼ਮੂਨ ਗੁਰੂ ਗ੍ਰੰਥ ਸਾਹਿਬ : ... 24
ਗੁਰੂ ਗ੍ਰੰਥ ਸਾਹਿਬ ਵਿਚ ਕਿਤਨੇ ਰਾਗ, ਧੁਨੀਆਂ ਅਤੇ ਸ਼ਬਦ ਹਨ? ਸਮੁੱਚਾ ਮਜ਼ਮੂਨ ਕੀ ਹੈ? ਇਤਨੀ ਮਹਿਮਾ ਗੁਰੂ ਗ੍ਰੰਥ ਸਾਹਿਬ ਦੀ ਕਿਉਂ ਹੈ?

11. ਗੁਰੂ ਨਾਨਕ ਦੇਵ ਜੀ ਦੇ ਅੰਤਮ ਬਚਨ : ... 26
ਗੁਰੂ ਨਾਨਕ ਦੇਵ ਜੀ ਦੇ ਅੰਤਮ ਬਚਨ ਕੀ ਸਨ?

12. ਗੁਰੂ ਅੰਗਦ ਦੇਵ ਜੀ ਦੇ ਆਖ਼ਰੀ ਬਚਨ : ... 27
ਗੁਰੂ ਅੰਗਦ ਦੇਵ ਜੀ ਦੇ ਆਖ਼ਰੀ ਬਚਨ ਕੀ ਸਨ?

13. ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਨਿਕਲੇ ਆਖ਼ਰੀ ਬਚਨ : ... 28
ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਨਿਕਲੇ ਆਖਰੀ ਬਚਨ ਦੱਸੋ।

14. ਵਾਤਾਵਰਣ ਗੋਇੰਦਵਾਲ ਦਾ : ... 30
ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਗੋਇੰਦਵਾਲ ਦਾ ਵਾਤਾਵਰਣ ਕੀ ਸੀ?


Sri Satguru Jagjit Singh Ji eLibrary NamdhariElibrary@gmail.com

15. **ਸ਼ਹੀਦੀ ਵੇਲੇ ਵਾਕ :** ... 31
ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਹੋਣ ਵੇਲੇ ਬਾਣੀ ਦੀ ਆਖਰੀ ਤੁਕ ਉਨ੍ਹਾਂ ਦੇ ਮੁਖ ਵਿਚ ਕੀ ਸੀ ?

16. **ਰੁਬਾਈ ਤੇ ਤੁਕ :** ... 32
ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਸਮਕਾਲੀ ਮੁਹਸਨ ਫ਼ਾਨੀ ਨੇ ਕੀ ਰੁਬਾਈ ਲਿਖੀ ? ਗੁਰੂ ਜੀ ਦੇ ਮੁੱਖ ਤੇ ਬਾਣੀ ਦੀ ਤੁਕ ਕੀ ਸੀ ?

17. **ਉਪਦੇਸ਼ ਤਖ਼ਤ 'ਤੇ ਬੈਠਣ ਵੇਲੇ :** ... 34
ਗੁਰੂ ਹਰਿਰਾਇ ਜੀ ਨੇ ਤਖਤ ਤੇ ਬੈਠਣ ਵੇਲੇ ਸਿੱਖਾਂ ਨੂੰ ਜੋ ਉਪਦੇਸ਼ ਦਿੱਤਾ, ਉਸ ਦਾ ਸਾਰ ਲਿਖੋ।

18. **ਮਾਤਾ ਜੀ ਅਤੇ ਸੰਗਤ ਨੂੰ ਕਹੇ ਬਚਨ :** ... 36
ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ-ਜੋਤ ਸਮਾਉਣ ਵੇਲੇ ਮਾਤਾ ਜੀ ਨੂੰ ਕੀ ਕਿਹਾ ਸੀ ? ਸੰਗਤਾਂ ਨੂੰ ਕੀ ਹੁਕਮ ਹੋਏ ਸਨ ?

19. **ਕਸ਼ਮੀਰੀ ਪੰਡਤਾਂ ਦੀ ਪੁਕਾਰ :** ... 38
ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਤਾਂ ਨੇ ਕ੍ਰਿਪਾ ਰਾਮ ਦੀ ਅਗਵਾਈ ਹੇਠਾਂ ਕੀ ਬੇਨਤੀ ਕੀਤੀ ਅਤੇ ਆਪ ਦਾ ਉਸ ਵੇਲੇ ਕੀ ਉੱਤਰ ਸੀ ?

20. **ਹੁਕਮ ਦਸਮ ਪਿਤਾ ਜੋਤੀ ਜੋਤਿ ਸਮਾਉਣ ਵੇਲੇ :** ... 39
ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਕੀ ਹੁਕਮ ਕੀਤੇ ?

21. **ਵਾਕ ਗੁਰੂ ਗ੍ਰੰਥ ਸਾਹਿਬ ਦਾ ਗੁਰ-ਗੱਦੀ ਵੇਲੇ :** ... 40
ਗੁਰੂ ਗੋਬਿੰਦ ਸਿੰਘ ਜੀ ਨੇ ਜਦ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦਿੱਤੀ, ਉਸ ਵੇਲੇ ਕੀ ਵਾਕ ਆਇਆ ਸੀ ?

22. **ਸ੍ਰੀ ਦਰਬਾਰ ਸਾਹਿਬ :** ... 42
ਸ੍ਰੀ ਦਰਬਾਰ ਸਾਹਿਬ ਦੀ ਸਾਜਨਾ ਕਦ ਹੋਈ ਅਤੇ ਮਹੱਤਤਾ ਕੀ ਹੈ ?

23. **ਤੱਖ਼ਤ ਅਤੇ ਸ੍ਰੀ ਅਕਾਲ ਤਖ਼ਤ :** ... 45
ਸਾਡੇ ਤਖ਼ਤ ਕਿੰਨੇ ਹਨ ? ਕਿਸ ਕਿਸ ਥਾਂ ਹਨ ? ਅਕਾਲ ਤਖ਼ਤ ਦੀ ਸਾਜਨਾ ਕਿਸ ਸਾਲ ਤੇ ਉਸਾਰਨ ਵੇਲੇ ਕੀ ਸੰਭਾਲ ਰੱਖੀ ਸੀ ?

24. **ਸ਼ਹਿਰ ਗੁਰੂ ਪਾਤਸ਼ਾਹਾਂ ਉਸਾਰੇ :** ... 47
ਗੁਰੂ ਸਾਹਿਬ ਨੇ ਕਿਹੜੇ ਪਾਵਨ ਸ਼ਹਿਰਾਂ ਦੀ ਉਸਾਰੀ ਕੀਤੀ ?

25. **ਪੰਜ ਸਰੋਵਰ :** ... 48
ਅੰਮ੍ਰਿਤਸਰ ਦੇ ਪੰਜ ਸਰੋਵਰਾਂ ਦੇ ਨਾਮ ਅਤੇ ਮਹੱਤਤਾ ਦੱਸੋ।

26. **ਅਨੰਦਪੁਰ ਦੇ ਕਿਲ੍ਹੇ :** ... 49
ਅਨੰਦਪੁਰ ਦੇ ਕਿਲ੍ਹਿਆਂ ਦਾ ਨਾਮ ਅਤੇ ਮਹੱਤਤਾ ਦੱਸੋ।

27. **ਨਿੱਤ ਕਰਮ (ਦਿਨ ਚਰਿਯਾ) ਗੁਰੂ ਸਾਹਿਬ :** ... 50
ਗੁਰੂ ਹਰਿਰਾਇ ਜੀ ਦਾ ਨਿੱਤ ਕਰਮ ਲਿਖੋ।

28. **ਸੰਤਾਨ :** ... 52
ਗੁਰ ਪਾਤਸ਼ਾਹਾਂ ਦੀ ਸੰਤਾਨ ਬਾਰੇ ਤੁਸੀਂ ਕੀ ਜਾਣਦੇ ਹੋ ?

Sri Satguru Jagjit Singh Ji eLibrary NamdhariElibrary@gmail.com

29. ਸਿੰਘ : ... 53
ਸਿੰਘ ਕਿਸ ਨੂੰ ਕਹਿੰਦੇ ਹਨ ?
30. ਖ਼ਾਲਸਾ : ... 54
ਖ਼ਾਲਸਾ ਕਿਸ ਨੂੰ ਕਹਿੰਦੇ ਹਨ ?
31. ਪੰਥ : ... 56
ਪੰਥ ਦੇ ਠੀਕ ਅਰਥ ਕੀ ਹਨ ?
32. ਰਹਿਤ ਮਰਯਾਦਾ : ... 58
ਰਹਿਤ ਮਰਯਾਦਾ ਕੀ ਹੈ ਅਤੇ ਰਹਿਤਨਾਮਾ ਕਿਹੜਾ ਪ੍ਰਵਾਨ ਹੈ ?
33. ਰਹਿਤ ਕੁਰਹਿਤ : ... 61
ਰਹਿਤ, ਕੁਰਹਿਤ ਤੋਂ ਕੀ ਭਾਵ ਹੈ ?
34. ਅੰਮ੍ਰਿਤ : ... 64
ਅੰਮ੍ਰਿਤ ਦੀ ਮਹਿਮਾ ਗਾਓ ਅਤੇ ਵਰਣਨ ਕਰੋ, ਕਿਸ ਤਰ੍ਹਾਂ ਅੰਮ੍ਰਿਤ ਛਕਾਇਆ ਜਾਂਦਾ ਹੈ ?
35. ਨੇਮ ਗੁਰ-ਗੱਦੀ : ... 69
ਗੁਰਗੱਦੀ ਦੀ ਜ਼ਿੰਮੇਵਾਰੀ ਦੇਣ ਵੇਲੇ ਗੁਰੂ ਪਾਤਸ਼ਾਹਾਂ ਨੇ ਕੀ ਨੇਮ ਅਪਣਾਏ ਅਤੇ ਗੁਰ-ਗੱਦੀ ਜਿਨ੍ਹਾਂ ਨੂੰ ਬਖਸ਼ੀ, ਉਹਨਾਂ ਦੇ ਆਪਸ ਵਿਚ ਰਿਸ਼ਤੇ ਬਿਆਨ ਕਰੋ।
36. ਪੰਜ ਪਿਆਰੇ : ... 72
ਪੰਜ ਪਿਆਰਿਆਂ ਦੇ ਨਾਂ, ਜਨਮ ਅਸਥਾਨ ਅਤੇ ਅਕਾਲ-ਚਲਾਣੇ ਦੀਆਂ ਥਾਵਾਂ ਦੱਸੋ।
37. ਚਾਰ ਸਾਹਿਬਜ਼ਾਦੇ : ... 74
ਚਾਰ ਸਾਹਿਬਜ਼ਾਦਿਆਂ ਦੇ ਨਾਮ, ਜਨਮ ਤਾਰੀਖ਼ ਦੱਸੋ ਕਿ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਵੇਲੇ ਕਲਗੀਧਰ ਦੇ ਮੂੰਹ ਵਿਚੋਂ ਕੀ ਬਚਨ ਨਿਕਲੇ ਤੇ ਛੋਟਿਆਂ ਨੇ ਸ਼ਹੀਦੀ ਲੈਣ ਜਾਣ ਵੇਲੇ ਮਾਤਾ ਗੁਜਰੀ ਜੀ ਨੂੰ ਕੀ ਕਿਹਾ ?
38. ਚਾਲੀ ਮੁਕਤੇ : ... 76
ਚਾਲੀ ਮੁਕਤੇ ਕੌਣ ਹਨ ਅਤੇ ਉਨ੍ਹਾਂ ਦੇ ਨਾਮ ਤੇ ਹੋਈਆਂ ਬਖਸ਼ਿਸ਼ਾਂ ਦਾ ਵੇਰਵਾ ਦੱਸੋ।
39. ਅਰਦਾਸ : ... 78
ਸਾਡੀ ਅਰਦਾਸ ਕਿਹੜੀ ਹੈ ਅਤੇ ਅਰਦਾਸ ਦੇ ਕੀ ਅਰਥ ਹਨ ?
40. ਦਸਮ ਗ੍ਰੰਥ : ... 82
ਦਸਮ ਗ੍ਰੰਥ ਵਿਚ ਕੁੱਲ ਕਿੰਨੀਆਂ ਬਾਣੀਆਂ ਹਨ ?
41. ਵਾਹਿਗੁਰੂ ਜੀ ਕੀ ਫ਼ਤਹ : ... 84
'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹ' ਕਿਸ ਵੇਲੇ ਤੇ ਕਿਉਂ ਬੁਲਾਉਣੀ ਚਾਹੀਦੀ ਹੈ ?
42. ਜੈਕਾਰਾ : ... 85
ਸਾਡਾ ਜੈਕਾਰਾ ਕੀ ਹੈ ?

43. **ਰਾਜ ਕਰੇਗਾ ਖ਼ਾਲਸਾ :** ... 86
'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਕਿਸ ਥਾਂ ਤੇ ਦਰਜ ਹੈ ?
44. **ਨਾਨਕ ਨਾਮ ਚੜ੍ਹਦੀ ਕਲਾ :** ... 87
'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਅਰਥ ਕੀ ਹਨ ?
45. **ਨਿਤਨੇਮ :** ... 88
ਨਿਤਨੇਮ ਦੀਆਂ ਕਿਹੜੀਆਂ ਬਾਣੀਆਂ ਹਨ ?ਉਨ੍ਹਾਂ ਦੀ ਮਹਿਮਾ ਦੱਸੋ।
46. **ਔਰਤ ਦਾ ਦਰਜਾ :** ... 90
ਔਰਤ ਦਾ ਸਿੱਖ ਧਰਮ ਵਿਚ ਕੀ ਦਰਜਾ ਹੈ ?
47. **ਜ਼ਾਤ-ਪਾਤ :** ... 93
ਜ਼ਾਤ ਤੇ ਪਾਤ ਨੂੰ ਸਿੱਖੀ ਵਿਚ ਕੋਈ ਥਾਂ ਹੈ ਕਿ ਨਹੀਂ ?
48. **ਨਾਮ ਦਾਨ ਇਸ਼ਨਾਨ :** ... 95
ਨਾਮ ਦਾਨ, ਇਸ਼ਨਾਨ ਅਤੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਦਾ ਕੀ ਅਰਥ ਹੈ ?
49. **ਭਗਤੀ :** ... 97
ਭਗਤੀ ਕਿਸ ਨੂੰ ਕਹਿੰਦੇ ਹਨ ਅਤੇ ਸਿੱਖੀ ਭਗਤੀ ਲਹਿਰ ਦਾ ਕਿਉਂ ਹਿੱਸਾ ਨਹੀਂ ?
50. **ਨਾਮ :** ... 98
ਨਾਮ ਕਿਸ ਨੂੰ ਕਹਿੰਦੇ ਹਨ ?
51. **ਸਿਮਰਨ :** ... 100
ਸਿਮਰਨ ਦੀ ਸਾਡੇ ਘਰ ਇਤਨੀ ਮਹੱਤਤਾ ਕਿਉਂ ਹੈ ?
52. **ਸੰਗਤਿ :** ... 102
ਸੰਗਤਿ ਦੀ ਸਾਡੇ ਘਰ ਵਿਚ ਇਤਨੀ ਮਹੱਤਤਾ ਕਿਉਂ ਹੈ ?
53. **ਲੰਗਰ :** ... 104
ਲੰਗਰ ਦਾ ਕੀ ਭਾਵ ਹੈ ? ਪੰਗਤ ਦੇ ਅਰਥ ਕੀ ਹਨ ? ਪ੍ਰਸ਼ਾਦ ਪੰਗਤ ਵਿਚ ਛਕਣਾ ਕਿਉਂ ਜ਼ਰੂਰੀ ਬਣਾਇਆ ਗਿਆ ਹੈ ?
54. **ਗੁਰਦੁਆਰਾ :** ... 106
ਗੁਰਦੁਆਰਾ ਕਿਸ ਨੂੰ ਕਹਿੰਦੇ ਹਨ ?
55. **ਗੋਲਕ :** ... 108
ਗੋਲਕ ਦੇ ਕੀ ਅਰਥ ਹਨ ?
56. **ਦਸਵੰਧ :** ... 109
ਦਸਵੰਧ ਦੀ ਮਰਯਾਦਾ ਕਦ ਤੋਂ ਚੱਲੀ ?
57. **ਦੇਗ ਤੇਗ ਫ਼ਤਹ :** ... 111
'ਦੇਗ ਤੇਗ ਫ਼ਤਹ' ਦਾ ਕੀ ਭਾਵ ਹੈ ?
58. **ਚੌਕੀਆਂ :** ... 113
ਚੌਕੀਆਂ ਦਾ ਕੀ ਅਰਥ ਹੈ ?


Sri Satguru Jagjit Singh Ji eLibrary NamdhariElibrary@gmail.com

59. ਨਿਸ਼ਾਨ ਸਾਹਿਬ : ... 114
ਨਿਸ਼ਾਨ ਸਾਹਿਬ ਕਿਵੇਂ ਬਣਿਆ ?
60. ਨਗਾਰਾ : ... 115
ਨਗਾਰਾ ਵਜਾਉਣਾ ਕਿਉਂ ਲਾਜ਼ਮੀ ਹੈ ?
61. ਕੜਾਹ ਪ੍ਰਸ਼ਾਦਿ : ... 117
ਕੜਾਹ ਪ੍ਰਸ਼ਾਦਿ ਬਣਾਉਣ ਤੇ ਵਰਤਾਉਣ ਦੀ ਕੀ ਵਿਧੀ ਹੈ ?
62. ਵਿਧੀ ਗੁਰ-ਵਾਕ : ... 119
ਗੁਰੂ ਗ੍ਰੰਥ ਸਾਹਿਬ ਤੋਂ ਵਾਕ ਕਿਸ ਤਰ੍ਹਾਂ ਲੈਣਾ ਚਾਹੀਦਾ ਹੈ ?
63. ਸੰਪਰਦਾਵਾਂ : ... 120
ਨਿਰਮਲਾ, ਉਦਾਸੀ, ਸਹਿਜਧਾਰੀ, ਨਾਨਕ ਪੰਥੀ, ਸੇਵਾ ਪੰਥੀ, ਨਿਹੰਗ, ਅਕਾਲੀ, ਬੁੱਢਾ ਦਲ, ਤਰੁਣਾ ਦਲ ਬਾਰੇ ਤੁਸੀਂ ਕੀ ਜਾਣਦੇ ਹੋ ?
64. ਸਿੱਖ ਧਰਮ ਸੁਤੰਤਰ ਧਰਮ : ... 126
ਸਿੱਖ ਧਰਮ ਸੈ ਭੰਗ (Sovereign), ਆਪਣੇ ਆਪ ਕਿਵੇਂ ਹੈ ?
65. ਖਾਣ, ਪਹਿਨਣ ਬਾਰੇ ਹੁਕਮ : ... 130
ਖਾਣ ਤੇ ਪਹਿਨਣ ਬਾਰੇ ਸਿੱਖੀ ਵਿਚ ਕੀ ਹੁਕਮ ਹੈ ?
66. ਕਰਮ ਕਾਂਡ : ... 131
ਕਰਮ ਕਾਂਡ ਦੀ ਸਿੱਖ ਧਰਮ ਵਿਚ ਕੋਈ ਥਾਂ ਹੈ ਕਿ ਨਹੀਂ ?
67. ਕਰਾਮਾਤ : ... 132
ਕਰਾਮਾਤ ਕਿਸ ਨੂੰ ਆਖਦੇ ਹਨ ?
68. ਬਿਪ੍ਰਨ ਕੀ ਰੀਤ : ... 133
ਬਿਪਰਨ ਕੀ ਰੀਤ ਨਾ ਅਪਣਾਉਣ ਬਾਰੇ ਇਤਨੇ ਕਰੜੇ ਹੁਕਮ ਕਿਉਂ ਹਨ ?
69. ਮਨੁੱਖਾ ਜਨਮ : ... 136
ਮਨੁੱਖਾ ਜਨਮ ਦੀ ਸਿੱਖ ਧਰਮ ਵਿਚ ਕੀ ਮਹੱਤਤਾ ਹੈ ? ਹੱਥ, ਕੰਨ, ਨੱਕ, ਨੈਣ, ਰਸਨਾ ਤੇ ਪੈਰਾਂ ਦਾ ਉਚੇਚਾ ਫ਼ਰਜ਼ ਕੀ ਦ੍ਰਿੜ੍ਹਾਇਆ ਹੈ ?
70. ਕਾਮਾਦਿਕ ਵੱਸ ਕਰਨ ਦਾ ਵਲ : ... 137
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਬੜੇ ਬਲਵਾਨ ਹਨ, ਇਹਨਾਂ ਨੂੰ ਕਾਬੂ ਕਰਨ ਦੇ ਗੁਰੂ ਘਰ ਨੇ ਕੀ ਉਪਾਅ ਦੱਸੇ ਹਨ ?
71. ਜਨਮ ਨਾਮ ਸੰਸਕਾਰ : ... 138
ਜਨਮ ਨਾਮ ਸੰਸਕਾਰ ਬਾਰੇ ਮਰਯਾਦਾ ਕੀ ਹੁਕਮ ਕਰਦੀ ਹੈ ?
72. ਕੀਤਾ ਲੋੜੀਐ ਕੰਮ : ... 139
ਕੋਈ ਵੀ ਕਾਰਜ ਆਰੰਭ ਕਰਨ ਵੇਲੇ ਰਹਿਤ ਮਰਯਾਦਾ ਕੀ ਵਰਣਨ ਕਰਦੀ ਹੈ ?
73. ਅਨੰਦ ਕਾਰਜ : ... 140
ਅਨੰਦ ਕਾਰਜ ਦੀ ਸਿੱਖੀ ਵਿਚ ਕੀ ਮਰਯਾਦਾ ਹੈ ?
74. ਅਕਾਲ ਚਲਾਣਾ : ... 146
ਅਕਾਲ ਚਲਾਣੇ ਵੇਲੇ ਸਿੱਖ ਨੂੰ ਕੀ ਮਰਯਾਦਾ ਅਪਨਾਉਣੀ ਚਾਹੀਦੀ ਹੈ ?

75. **ਅਖੰਡ ਪਾਠ ਦੀ ਮਰਯਾਦਾ :** ... 149
ਅਖੰਡ ਪਾਠ ਦੀ ਮਰਯਾਦਾ ਕਦ ਚੱਲੀ ਅਤੇਇਸ ਦੀ ਵਿਧੀ ਕੀ ਹੈ?

76. **ਮੀਣੇ ਮਸੰਦ ਆਦਿ :** ... 151
ਮੀਣੇ, ਮਸੰਦ, ਧੀਰ ਮਲੀਏ, ਰਾਮ ਰਾਈਏ, ਨੜੀਮਾਰ, ਕੁੜੀਮਾਰ, ਸਿਰਗੁੰਮ ਦਾ ਭਾਵ ਕੀ ਹੈ?

77. **ਤਨਖ਼ਾਹੀਆ :** ... 153
ਤਨਖ਼ਾਹੀਆ ਕਿਸ ਨੂੰ ਕਹਿੰਦੇ ਹਨ?

78. **ਗੁਰਮਤਾ :** ... 154
ਗੁਰਮਤਾ ਕਿਸ ਨੂੰ ਕਹਿੰਦੇ ਹਨ ਅਤੇ ਕਿਵੇਂ ਕੀਤਾ ਜਾਂਦਾ ਹੈ?

79. **ਗੀਤਾ :** ... 156
ਗੀਤਾ ਦਾ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਵਰਣਨ ਨਹੀ?

80. **ਵੇਦ ਨਹੀਂ ਗੁਰੂ ਗ੍ਰੰਥ ਸਾਹਿਬ :** ... 157
ਗੁਰੂ ਗ੍ਰੰਥ ਸਾਹਿਬ ਨੂੰ ਵੇਦ ਕਹਿਣਾ ਕਿਉਂ ਵੱਡੀ ਭੁੱਲ ਹੈ?

81. **ਸਵਾਲ ਹਾਜੀਆਂ ਜਵਾਬ ਗੁਰੂ ਨਾਨਕ ਜੀ :** ... 158
ਮੱਕੇ ਵੱਲ ਜਾਂਦਿਆਂ ਹਾਜੀਆਂ ਨੇ ਜੋ ਸਵਾਲ ਗੁਰੂ ਨਾਨਕ ਜੀ ਤੇ ਕੀਤੇ ਅਤੇ ਜੋ ਜਵਾਬ ਉਨ੍ਹਾਂ ਦਿੱਤੇ, ਉਨ੍ਹਾਂ ਦਾ ਵੇਰਵਾ ਦੱਸੋ।

82. **ਅੱਠ ਮੁੱਢਲੇ ਸਵਾਲ :** ... 159
ਜਪੁਜੀ ਵਿਚ ਮੁੱਢਲੇ ਅੱਠ ਸਵਾਲ ਕਿਹੜੇ ਹਨ ਤੇ ਉਨ੍ਹਾਂ ਦਾ ਜਵਾਬ ਕੀ ਹੈ?

83. **ਸੋਲ੍ਹਾਂ ਹੋਰ ਮੂਲ ਸਵਾਲ :** ... 162
ਗੁਰੂ ਅਰਜਨ ਦੇਵ ਜੀ ਨੇ ਸੋਲਾਂ ਸਵਾਲਾਂ ਦਾ ਜਵਾਬ ਬਾਣੀ ਵਿਚ ਕੀ ਦਿੱਤਾ ਹੈ?

84. **ਚਾਰ ਸਵਾਲ ਜਵਾਬ ਇਕੋ :** ... 164
ਉਹ ਚਾਰ ਸਵਾਲ ਕਿਹੜੇ ਸਨ ਜੋ ਬਾਬਾ ਫ਼ਰੀਦ ਜੀ ਨੇ ਆਪਣੇ ਸਮੇਂ ਦੇ ਸੌ ਦਰਵੇਸ਼ਾਂ ਨੂੰ ਕੀਤੇ ਤੇ ਸਭਨਾਂ ਨੇ ਇਕੋ ਜਿਹੇ ਜਵਾਬ ਦਿੱਤੇ ?ਉਹ ਸਵਾਲ ਤੇ ਜਵਾਬ ਦੱਸੋ।

85. **ਸਮੁੱਚਾ ਜਗਤ ਇਤਿਹਾਸ :** ... 165
ਦੁਨੀਆਂ ਦਾ ਸਮੁੱਚਾ ਇਤਿਹਾਸ, ਇਤਿਹਾਸਕਾਰ ਚਾਰਲਸ ਬੀਅਰਡ ਨੇ ਚਾਰ ਲਾਈਨਾਂ ਵਿਚ ਦੱਸਿਆ ਸੀ, ਉਹ ਲਾਈਨਾਂ ਕੀ ਹਨ ? ਸਮੁੱਚਾ ਸਿੱਖ ਇਤਿਹਾਸ ਵੀ ਇਕ ਪੈਰ੍ਹੇ ਵਿਚ ਲਿਖੋ।

86. **ਸਿੱਖੀ ਦਾ ਸਾਰੰਸ਼ :** ... 166
ਗੁਰੂ ਹਰਿਗੋਬਿੰਦ ਜੀ ਨੇ ਸਿੱਖੀ ਨੂੰ ਸਮਝਾਂਦੇ ਜਦ ਬ੍ਰਿਛ ਨਾਲ ਤੁਲਨਾ ਕੀਤੀ ਸੀ ਤਾਂ ਉਨ੍ਹਾਂ ਜੜ੍ਹ, ਸ਼ਾਖਾ, ਪੱਤੇ, ਫਲ, ਫੁੱਲ ਕਿਸ ਨੂੰ ਕਿਹਾ ਸੀ?

87. **ਜੂਝਦਾ ਹੈ ਸਿੱਖ ਧਰਮ :** ... 167
ਸਿੱਖ ਧਰਮ ਕਿਸ ਲਈ ਜੂਝਦਾ ਹੈ?

88. **ਰੀਤ ਗੁਰਸਿੱਖੀ :** ... 168
ਗੁਰਸਿੱਖੀ ਦੀਆਂ ਭਾਈ ਗੁਰਦਾਸ ਜੀ ਨੇ ਕੀ ਨਿਸ਼ਾਨੀਆਂ ਦੱਸੀਆਂ ਹਨ?

Sri Satguru Jagjit Singh Ji eLibrary NamdhariElibrary@gmail.com

89. ਰੀਤ ਰਸਮ : ... 170
ਰੀਤ ਰਸਮ ਦੀ ਸਿੱਖੀ ਵਿਚ ਕਿਉਂ ਪ੍ਰਵਾਨਗੀ ਨਹੀਂ ਹੈ?
90. ਵਰਤ ਪੂਰਨਮਾਸ਼ੀ : ... 171
ਵਰਤ, ਪੂਰਨਮਾਸ਼ੀ, ਮੱਸਿਆ, ਸੰਗਰਾਂਦ ਆਦਿ ਦੀ ਸਿੱਖ ਧਰਮ ਵਿਚ ਕੋਈ ਥਾਂ ਹੈ ਕਿ ਨਹੀਂ।
91. ਧਰਮ ਤੇ ਸਿਆਸਤ : ... 172
ਸਿੱਖ ਧਰਮ ਵਿਚ ਧਰਮ ਤੇ ਸਿਆਸਤ ਅਨਿੱਖੜਵੇਂ ਕਿਉਂ ਹਨ?
92. ਯੋਗ ਤੇ ਸਿੱਖ ਧਰਮ : ... 174
ਯੋਗ ਤੇ ਸਿੱਖ ਧਰਮ ਦਾ ਕੋਈ ਸਬੰਧ ਹੈ ਕਿ ਨਹੀਂ?
93. ਕੌਮੀ ਗੁਣ : ... 175
ਕਿਹੜੇ ਕੌਮੀ ਗੁਣ ਸਨ ਜਿਨ੍ਹਾਂ ਕਾਰਨ ਸਿੱਖ ਦਬਾਇਆਂ ਨਾ ਦਬਾਏ ਗਏ?
94. ਛੋਟਾ ਤੇ ਵੱਡਾ ਘੱਲੂਘਾਰਾ : ... 179
ਛੋਟਾ ਤੇ ਵੱਡਾ ਘੱਲੂਘਾਰਾ ਕਦ ਤੇ ਕਿੱਥੇ ਹੋਏ? ਕਿਤਨੇ ਸਿੱਖ ਇਨ੍ਹਾਂ ਘਲੂਘਾਰਿਆਂ ਵਿਚ ਸ਼ਹੀਦ ਹੋਏ?
95. ਸ਼ਹੀਦ ਸਿੰਘਾਂ ਦੇ ਅੰਤਮ ਬਚਨ : ... 181
ਬਾਬਾ ਬੰਦਾ ਸਿੰਘ ਜੀ, ਭਾਈ ਤਾਰਾ ਸਿੰਘ ਜੀ 'ਵਾਂ', ਭਾਈ ਮਨੀ ਸਿੰਘ ਜੀ, ਭਾਈ ਗੁਲਜ਼ਾਰ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੁਬੇਗ ਸਿੰਘ ਜੀ, ਭਾਈ ਸ਼ਹਿਬਾਜ਼ ਸਿੰਘ ਜੀ, ਭਾਈ ਸੁੱਖਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ, ਬਾਬਾ ਦੀਪ ਸਿੰਘ ਜੀ ਅਤੇ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਸ਼ਹੀਦੀਆਂ ਪ੍ਰਾਪਤ ਕਰਨ ਵੇਲੇ ਜੋ ਬਚਨ ਕਹੇ, ਉਨ੍ਹਾਂ ਨੂੰ ਲਿਖ ਦਰਸਾਓ।
96. ਚਿੱਠੀ ਬਾਬਾ ਬੋਤਾ ਸਿੰਘ ਜੀ : ... 185
ਬਾਬਾ ਬੋਤਾ ਸਿੰਘ ਜੀ ਨੇ ਜੋ ਚਿੱਠੀ ਪੰਜਾਬ ਦੇ ਹਾਕਮ ਜ਼ੱਕਰੀਆ ਖਾਨ ਨੂੰ ਲਿਖੀ, ਉਸਦੇ ਸ਼ਬਦ ਲਿਖੋ।
97. ਬੁੱਤਾ-ਪੂਜਾ : ... 187
ਬੁੱਤ-ਪੂਜਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਰਤਾ ਭਰ ਵੀ ਕਿਉਂ ਸਥਾਨ ਨਹੀਂ ਅਤੇ ਕੀ ਗੁਰੂ ਗਰੰਥ ਸਾਹਿਬ ਦਾ ਆਦਰ ਬੁੱਤ-ਪੂਜਾ ਤਾਂ ਨਹੀਂ?
98. ਸਿੱਖ ਰਾਜ ਕਿਵੇਂ ਗਿਆ?: ... 188
ਉਹ ਕਿਹੜੇ ਵੱਡੇ ਕਾਰਨ ਸਨ ਜਿਨ੍ਹਾਂ ਕਾਰਨ ਸਿੱਖ ਰਾਜ ਜਾਂਦਾ ਵੀ ਨਾ ਦਿੱਸਿਆ।
99. ਹੋਰ ਧਰਮਾਂ ਦੀਆਂ ਧਰਮ ਪੁਸਤਕਾਂ : ... 189
ਜਗਤ ਪ੍ਰਸਿੱਧ ਧਰਮਾਂ ਦੀਆਂ ਧਰਮ ਪੁਸਤਕਾਂ ਬਾਰੇ ਰਤਾ ਕੁ ਵਾਕਫ਼ੀਅਤ ਦੇਵੋ।
100. ਕੈਂਪ, ਸਿੱਖ ਸਟੂਡੈਂਟਸ ਫੈਡਰੇਸ਼ਨ : ... 192
ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪਹਿਲਾ ਕੈਂਪ ਕਦ ਤੇ ਕਿੱਥੇ ਲੱਗਾ?

---

Sri Satguru Jagjit Singh Ji eLibrary NamdhariElibrary@gmail.com

www.archive.org/details/namdhari

1

# ਸਿੱਖ

## ਸਿੱਖ ਦੀ ਉਪਮਾ ਕੀ ਹੈ?

ਜੋ ਸੱਚ ਦੀ ਭਾਲ ਲਈ ਉੱਠ ਟੁਰਿਆ ਹੈ, ਉਹ ਸਿੱਖ ਹੈ।

'ਮੈ ਬਧੀ ਸਚੁ ਧਰਮਸਾਲ ਹੈ॥
ਗੁਰਸਿਖਾ ਲਹਦਾ ਭਾਲਿ ਕੈ।'

ਦਾ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਸਿਰੀ ਰਾਗ ਵਿਖੇ ਉਚਾਰ ਕੇ ਸਿੱਖ ਦੇ ਅਰਥ ਸੱਚ ਦਾ ਢੂੰਡਾਊ ਕਰ ਦਿੱਤੇ ਸਨ। ਸਿੱਖ ਨੂੰ ਜੋ ਸ਼ਿਸ਼ ਧਾਤੂ ਤੋਂ ਨਿਕਲਿਆ ਗਿਣਦੇ ਹਨ, ਉਹ ਮੁੱਢੋਂ ਹੀ ਘੁੱਥੇ ਹਨ। ਸ਼ਿਸ਼ ਹੋਵੇ ਤਾਂ ਗੁਰੂ ਚਾਹੀਦਾ ਹੈ ਅਤੇ ਫਿਰ ਸ਼ਿਸ਼ ਨੂੰ ਕਿਸੇ ਗੁਰੂ ਦਾ ਚੇਲਾ ਬਣਨ ਲਈ ਦੌੜ-ਭੱਜ ਆਰੰਭ ਹੋ ਜਾਂਦੀ ਹੈ।

ਸਿੱਖ ਉਹ ਹੀ ਹੈ ਜੋ ਇੱਕੋ ਅਕਾਲ ਪੁਰਖ, ਦਸਾਂ ਪਾਤਸ਼ਾਹੀਆਂ, ਗੁਰੂ ਗ੍ਰੰਥ ਸਾਹਿਬ ਅਤੇ ਉਨ੍ਹਾਂ ਦੀਆਂ ਸਮੁੱਚੀਆਂ ਸਿਖਿਆਵਾਂ ਅਤੇ ਅਸੂਲਾਂ ਤੇ ਨਿਸਚਾ ਰੱਖਦਾ ਹੈ ਅਤੇ ਕਿਸੇ ਹੋਰ ਮਤ-ਮਤਾਂਤਰ ਨੂੰ ਨਹੀਂ ਮੰਨਦਾ।

'ਗੁਰ ਸਿੱਖ ਆਨ ਦੇਵ, ਸੇਵ-ਰਹਿਤ' ਹੈ।

ਮਹਾਨ ਕੋਸ਼ ਵਿਚ ਵੀ ਲਿਖਿਆ ਹੈ :

'ਜੋ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਟੁਰਦਾ ਹੈ। ਜੋ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ ਗ੍ਰੰਥ ਮੰਨਦਾ ਹੈ ਅਤੇ ਦਸ ਸਤਿਗੁਰਾਂ ਨੂੰ ਇੱਕੋ ਰੂਪ ਜਾਣਦਾ ਹੈ।'

'ਆਪੁ ਛਡਿ ਸਦਾ ਰਹੈ ਪਰਣੈ,
ਗੁਰ ਬਿਨੁ ਅਵਰੁ ਨਾ ਜਾਣੈ ਕੋਏ।
ਕਹੈ ਨਾਨਕੁ ਸੁਣਹੁ ਸੰਤਹੁ,
ਸੋ ਸਿਖੁ ਸਨਮੁਖੁ ਹੋਏ'। ੨੧। (ਅਨੰਦੁ ਸਾਹਿਬ)

ਸੋ ਸਿੱਖ ਉਹ ਨਹੀਂ ਜਿਸ ਨੇ ਗੁਰੂ ਧਾਰਨ ਕਰ ਲਿਆ ਹੈ, ਸਗੋਂ ਸਿੱਖ ਉਹ ਹੈ ਜਿਸ ਨੇ ਸਤਿ ਤੇ ਸਤਿਯਾਚਾਰ ਨੂੰ ਸਰਬ-ਸ੍ਰੇਸ਼ਟ ਮੰਨ ਲਿਆ ਹੈ।



Sri Satguru Jagjit Singh Ji eLibrary NamdhariElibrary@gmail.com

2

# ਮੂਲ ਮੰਤ੍ਰ

## ਸਾਡਾ ਮੂਲ ਮੰਤ੍ਰ ਕੀ ਹੈ?

ੴ
ਸਤਿ ਨਾਮੁ
ਕਰਤਾ ਪੁਰਖੁ
ਨਿਰਭਉ ਨਿਰਵੈਰੁ
ਅਕਾਲ ਮੂਰਤਿ
ਅਜੂਨੀ ਸੈਭੰ
ਗੁਰ ਪ੍ਰਸਾਦਿ॥

ਮੂਲ ਮੰਤ੍ਰ ਵਿਚ ਹੀ ਸਮੁੱਚੇ ਸਿੱਖ ਜੀਵਨ ਦੀ ਰਹਿਣੀ ਤੇ ਬਹਿਣੀ ਦਾ ਬੀਜ ਹੈ।

ੴ : ਸਾਡੀ ਫ਼ਿਲਾਸਫ਼ੀ ਹੈ। ਇਕ (੧) ਹਿੰਦਸੇ ਵਾਲਾ ਹੈ ਜੋ ਪਿਆ ਦੱਸਦਾ ਹੈ ਕਿ ਵਾਹਿਗੁਰੂ ਦੇ ਹਿੱਸੇ ਨਹੀਂ ਕੀਤੇ ਜਾ ਸਕਦੇ। ਇਹ ਦਿਸਦਾ ਜਗਤ ਉਸ ਦਾ ਹੀ ਪਸਾਰਾ ਹੈ ਅਤੇ ਉਹ ਲਗਾਤਾਰ (⌒) ਹੈ। ਉਹ ਸ਼ੁਨ (ਜ਼ੀਰੋ) ਮਨਫ਼ੀ ਨਹੀਂ।

'ੴ' ਕਹਿਣ ਵਾਲਾ ਦ੍ਰਿੜ੍ਹ ਵਿਸ਼ਵਾਸੀ (ਪਾਜ਼ਿਟਿਵ) ਹੈ।

| | | |
|---|---|---|
| ਸਤਿ ਨਾਮੁ | : | ਸਾਡਾ ਧਰਮ ਹੈ। |
| ਕਰਤਾ ਪੁਰਖੁ | : | ਸਾਡਾ ਜੀਵਨ-ਨਜ਼ਰੀਆ ਹੈ (Way of life)। |
| ਨਿਰਭਉ ਨਿਰਵੈਰੁ | : | ਸਾਡੀ ਰਾਜਨੀਤੀ ਹੈ। |
| ਅਕਾਲ ਮੂਰਤਿ | : | ਸਾਡੀ ਕਲਾ, ਸੁਹਜ ਸਵਾਦ ਹੈ (Aesthetic Sense)। |
| ਅਜੂਨੀ ਸੈਭੰ | : | ਸਾਡੀ ਆਰਥਿਕ ਨੀਤੀ ਹੈ। ਅਸੀਂ ਕਿਸੇ 'ਤੇ ਨਿਰਭਰ ਨਹੀਂ ਹੋਣਾ ਤੇ ਰਹਿਣਾ। |
| ਗੁਰ ਪ੍ਰਸਾਦਿ | : | ਇਹ ਸਭ ਕੁਝ ਗੁਰੂ ਦੇ ਸ਼ਬਦ ਰਾਹੀਂ ਮਿਲਦਾ ਹੈ। ਅਤੇ |

ਮਿਲਦਾ ਹੈ ਕਿਸੇ ਪ੍ਰਯਾਸ ਰਾਹੀਂ ਨਹੀਂ, ਪ੍ਰਸਾਦਿ ਰਾਹੀਂ, ਦੋਇ ਹੱਥ ਜੋੜ। ਇਸ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ੩੩ ਵਾਰੀ ਆਇਆ ਹੈ।



Sri Satguru Jagjit Singh Ji eLibrary NamdhariElibrary@gmail.com

## ਧਰਮ ਕਿਸਨੂੰ ਕਹਿੰਦੇ ਹਨ ?

'ਏਕੋ ਧਰਮੁ ਦ੍ਰਿੜੈ ਸਚੁ ਕੋਈ।'

ਧਰਮ ਇਕ ਹੀ ਹੈ ਕਿ ਸੱਚ ਨੂੰ ਦ੍ਰਿੜ੍ਹ ਕੀਤਾ ਜਾਏ, ਜੋ ਕਦੇ ਬਦਲਿਆ ਨਹੀਂ ਅਤੇ ਨਾਂਹ ਹੀ ਸਮੇਂ ਦੇ ਪਏ ਥਪੇੜ ਬਦਲ ਸਕਦੇ ਹਨ।

ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ
ਅਤੇ 'ਹੋਸੀ ਭੀ ਸਚੁ', ਹੈ।

ਜਦ ਗੁਰੂ ਨਾਨਕ ਦੇਵ ਜੀ ਕੋਲੋਂ ਸਿੱਧਾਂ ਪੁੱਛਿਆ ਸੀ ਕਿ ਤੁਸੀਂ ਕੀ ਆਪਣਾ ਨਾਮ ਜਪਾਉਣ ਆਏ ਹੋ ਤਾਂ ਗੁਰੂ ਨਾਨਕ ਜੀ ਨੇ ਕਿਹਾ ਸੀ : ਨਹੀਂ! 'ਨਾਮ ਜਪੇ ਗਤਿ ਪਾਈ' ਦਾ ਰਾਹ ਦਰਸਾਉਣ ਆਏ ਹਾਂ।

ਭਾਈ ਨੰਦ ਲਾਲ ਜੀ ਵੀ ਕਹਿੰਦੇ ਹਨ ਕਿ ਵਾਹਿਗੁਰੂ ਨੇ ਗੁਰੂ ਨਾਨਕ ਦੇਵ ਜੀ ਨੂੰ ਇਹ ਹੀ ਹੁਕਮ ਦਿੱਤਾ ਸੀ ਕਿ 'ਸਿਮਰਨ ਦਾ ਰਾਹ ਇਸ ਜਹਾਨ ਨੂੰ ਵਿਖਾ। ਦੁਨੀਆਂ ਦਾ ਮੂੰਹ ਮੇਰੇ ਧਿਆਨ ਵੱਲ ਮੋੜ ਤਾਂ ਕਿ ਸਿਮਰਨ ਤੋਂ ਬਿਨਾਂ ਹੋਰ ਕਿਸੇ ਨੂੰ ਮਿੱਤਰ ਨਾ ਸਮਝਣ।'

'ਰੂ ਨੁਮਾ ਜੁਮਲਾ ਰਾ ਸੂਇ ਫ਼ਿਕਰਮ।
ਕਿ ਨਦਾਰਦ ਦੋਸਤ ਜੁਜ਼ ਜ਼ਿਕਰਮ।'

ਸੋ ਧਰਮ ਹੈ ਵਾਹਿਗੁਰੂ ਵੱਲ ਮੂੰਹ ਰੱਖ, ਸਿਮਰਨ ਕਰਦੇ, ਸੱਚ ਦੀ ਧਰਮਸਾਲ ਪੁੱਜ, ਟਿੱਕ ਜਾਣਾ।

ਰਿਲੀਜਨ ਦੇ ਅੱਖਰੀ ਅਰਥ ਵੀ ਉਸ ਨਾਲ ਜੁੜਨਾ ਹੈ। ਔਕਸਫੋਰਡ ਦੇ ਸ਼ਬਦ ਕੋਸ਼ ਨੇ ਰਿਲੀਜਨ ਦੇ ਅਰਥ ਇਸ ਤਰ੍ਹਾਂ ਕੀਤੇ ਹਨ : 'ਅਜਿਹਾ ਗਿਆਨ ਜਾਂ ਵਿਗਿਆਨ ਜੋ ਵਾਹਿਗੁਰੂ ਦੀ ਕੁਦਰਤਿ, ਉਸਦੇ ਗੁਣ ਅਤੇ ਮਨੁੱਖ ਦੇ ਜਗਤ ਨਾਲ ਸਬੰਧਾਂ ਨੂੰ ਪ੍ਰਗਟਾਏ।'

*'ਪਟੀ ਲਿਖੀ'* ਵਿਚ ਗੁਰੂ ਨਾਨਕ ਦੇਵ ਜੀ ਨੇ ਪੈਂਤੀ ਦੇ ਅੱਖਰ 'ਸਸੈ' ਰਾਹੀਂ ਕੁਝ ਐਸੇ ਹੀ ਅਰਥ ਦ੍ਰਿੜ੍ਹਾਏ ਸਨ। ਉਹਨਾਂ ਦਾ ਕਹਿਣਾ ਸੀ ਕਿ ਪਹਿਲਾਂ ਇਹ ਦ੍ਰਿੜ੍ਹ ਕਰਨਾ ਕਿ ਉਹ ਹੈ, ਅਤੇ ਫਿਰ ਉਸ ਦੀ ਸਾਜੀ ਸ੍ਰਿਸ਼ਟੀ ਤੇ ਕੁਦਰਤ ਨੂੰ ਪੜ੍ਹਨਾ ਅਤੇ ਉਸ ਦੇ ਹੀ ਸਾਜੇ ਜੀਆਂ ਨੂੰ ਉਸ ਨੂੰ ਰੂਪ ਜਾਣ ਸੇਵਾ ਕਰਦਿਆਂ, ਹੰਕਾਰ ਦਾ ਦਾਉ ਨਾ ਪੈਣ ਦੇਣਾ, ਚਿੱਤ ਲਾਂਭੇ ਨਾ ਜਾਣ ਦੇਣਾ। ਐਸਾ ਪੁਰਸ਼ ਜੀਵਨ ਸਫ਼ਲ ਕਰ ਜਾਂਦਾ ਹੈ। ਐਸੇ ਜੀਵਨ ਵਾਲੇ ਨੂੰ ਧਰਮੀ ਕਹਿ ਸਕਦੇ ਹਾਂ।



Sri Satguru Jagjit Singh Ji eLibrary NamdhariElibrary@gmail.com

"ਸਸੈ ਸੋਇ
ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ
ਚਿਤੁ ਜਿਨ ਕਾ ਲਾਗਾ
ਆਇਆ ਤਿਨ ਕਾ ਸਫਲੁ ਭਇਆ॥"੧।

(ਪਟੀ ਲਿਖੀ, ਆਸਾ ਮਹਲਾ ੧)

Sri Satguru Jagjit Singh Ji eLibrary NamdhariElibrary@gmail.com

4

# ਗੁਰਮਤਿ ਸਿੱਖ ਧਰਮ

## ਗੁਰਮਤਿ ਅਤੇ ਸਿੱਖ ਧਰਮ ਦੇ ਮੋਟੇ ਅਸੂਲ ਕੀ ਹਨ?

ਗੁਰਮਤਿ ਦੇ ਮੋਟੇ ਤਿੰਨ ਅੰਗ ਹਨ :

ਧਰਮ, ਧੀਰਜ ਅਤੇ ਨਾਮ।

'ਗੁਰਮਤਿ ਧਰਮੁ ਧੀਰਜੁ ਹਰਿ ਨਾਏ।।' (ਗਉੜੀ ਮਹਲਾ ੧)

ਸ਼ਬਦ ਰਾਹੀਂ ਗੁਣ ਗਾ, ਨਾਮ ਪ੍ਰਾਪਤ ਕਰਨਾ, ਪਰਮ ਪਿਤਾ ਵਾਹਿਗੁਰੂ ਨਾਲ ਅਖੰਡ ਲਿਵ ਜੋੜਨੀ, ਗੁਰਮਤਿ ਦਾ ਧਾਰਨੀ ਹੋਣਾ, ਸਿੱਖ ਧਰਮ ਹੈ। ਕਿਸੇ ਵਿਅਕਤੀ ਭਾਵੇਂ ਉਹ ਦਿੱਸਣ ਨੂੰ ਕਿੰਨਾ ਵੱਡਾ ਹੈ, ਪਿੱਛੇ ਨਾਂਹ ਲੱਗਣਾ ਤੇ ਨਾਂਹ ਆਪਣੀ ਸੁਰਤਿ ਉਸ ਦੇ ਅਧੀਨ ਕਰਨੀ। ਜੋ ਗੁਰਮੁਖਿ ਪਿਆਰੇ, ਸਤਿਗੁਰਾਂ ਦੇ ਸ਼ਬਦ ਗੁਰਮਤਿ ਦੀ ਰਹਿਣੀ ਹੇਠ ਸਿੱਖ ਰਹਿਤ ਦਾ ਭਾਵ ਤੇ ਧਰਮ ਦੇ ਗੁਝੇ ਭੇਦ ਦੱਸਦੇ ਹਨ, ਉਨ੍ਹਾਂ ਦੀ ਸੰਗਤਿ ਕਰਨੀ ਹੈ ਪਰ ਚਿੱਤ ਹਵਾਲੇ ਨਹੀਂ ਕਰਨਾ।

'ਗੁਰਮੁਖ ਸਉ ਕਰਿ ਦੋਸਤੀ,<br>ਸਤਿਗੁਰ ਸਉ ਲਾਇ ਚਿਤੁ।।' ੬੬

ਦਾ ਹੁਕਮ ਸਲੋਕ ਵਾਰਾਂ ਤੇ ਵਧੀਕ ਵਿਚ ਗੁਰੂ ਅਮਰਦਾਸ ਜੀ ਨੇ ਕੀਤਾ ਹੈ।

ਸੋ ਸਿੱਖੀ ਹੈ : "ਮਨੁੱਖਤਾ ਨੂੰ ਚੱਲਣ ਦੀ ਘਾੜਤ ਦੁਆਰਾ ਉੱਚਾ ਚੁੱਕਣ ਦਾ ਇਕ ਵੱਲ।" ਭਾਈ ਨੰਦ ਲਾਲ ਜੀ ਨੇ ਇਸੇ ਲਈ ਜ਼ਿੰਦਗੀਨਾਮਾ ਵਿਚ 'ਹਮ ਚੁਨਾ ਦਰ ਮਜ਼ਹਬੇ ਈਂ ਸਾਧ-ਸੰਗਿ" ਲਿਖਿਆ ਹੈ।

ਸਿੱਖ ਧਰਮ ਹੇਠ ਰਹਿਤ-ਮਰਯਾਦਾ ਵਿਚ ਜੋ ਲਿਖਿਆ ਹੈ, ਉਸ 'ਤੇ ਟੁਰੇ।

(੧) ਇਕ ਅਕਾਲ ਪੁਰਖ ਨੂੰ ਮੰਨਣਾ।

(੨) ਆਪਣੀ ਮੁਕਤੀ ਦੇ ਦਾਤਾ ਬਾਣੀ ਨੂੰ ਜਾਣਨਾ।

(੩) ਦਸ ਗੁਰ ਪਾਤਸ਼ਾਹੀਆਂ ਨੂੰ ਏਕ ਜੋਤ ਕਰ ਦੇਖਣਾ।

(੪) ਜ਼ਾਤ ਪਾਤ, ਛੂਤ-ਛਾਤ,

ਜੰਤ੍ਰ ਮੰਤ੍ਰ ਤੰਤ੍ਰ ਸ਼ਗਨ, ਤਿਥ ਮਹੂਰਤ, ਰਾਸ਼ੀਆਂ, ਸ਼ਰਾਧ, ਪਿੱਤਰ ਪੂਜਾ, ਪਿੰਡ ਭਰਨਾ, ਖਿਆਹ (ਮਰਨ ਦੇ ਦਿਨ ਸ਼ਰਾਧ ਕਰਾਉਣਾ)।

ਪਤਲ ਦੀਵਾ, ਕਿਰਿਆ ਕਰਮ, ਜਗ ਤਰਪਣ (ਦੇਵਤੇ) ਨੂੰ ਇਸ਼ਟ ਜਾਣ ਅਤੇ ਪਿਤਰਾਂ—ਮਰ ਗਏ ਵੱਡਿਆਂ ਨੂੰ—ਗਊ ਦੇ ਕੰਨ ਵਰਗੇ ਲੱਕੜੀ ਦੀ ਕੜਛੀ (ਅਰਘੇ) ਤੇ ਹੱਥਾਂ ਨਾਲ ਨਿਯਤ ਮੰਤ੍ਰ ਪੜ੍ਹ ਕੇ ਅਰਪਣਾ ਕਰਨਾ।

ਸਿਖਾਸੂਤ (ਬੋਦੀ-ਜਨੇਊ) ਭੱਦਣ (ਜੋ ਹਿੰਦੂ ਆਪਣੇ ਬੱਚਿਆਂ ਦਾ ਸਿਰ



Sri Satguru Jagjit Singh Ji eLibrary NamdhariElibrary@gmail.com

ਮੁਨਾ ਕੇ ਕਰਾਂਦੇ ਹਨ) ਇਕਾਦਸ਼ੀ, ਪੂਰਨਮਾਸ਼ੀ ਅੰਨ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮੱਠ, ਮੜੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮ ਕਦਾਚਿਤ ਨਹੀਂ ਕਰਨੇ।

(੫) ਗੁਰ-ਅਸਥਾਨਾਂ ਤੋਂ ਬਿਨਾਂ ਕਿਸੇ ਅਨਧਰਮ ਦੇ ਤੀਰਥਾਂ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

(੬) ਪੀਰ, ਬ੍ਰਾਹਮਣ, ਪੁੱਛਣਾ, (ਕੰਮ ਕਰਨ ਤੋਂ ਪਹਿਲਾਂ ਕਿਸੇ ਕੋਲੋਂ ਮਾੜੇ-ਚੰਗੇ ਦਾ ਪੁੱਛਣਾ), ਸੁੱਖਣਾ (ਮੇਰਾ ਕਾਰਜ ਹੋ ਜਾਏ, ਮੈਂ ਇਤਨਾ ਪੁੰਨ ਕਰਾਂਗਾ, ਇਤਨੀ ਵਾਰੀ ਇਸ਼ਨਾਨ ਜਾਂ ਪਾਠ ਕਰਾਵਾਂਗਾ), ਸ਼ੀਰਨੀ (ਪੀਰ ਲਈ ਰਾਖਵੀਂ ਰੱਖੀ ਰਿੱਝੀ ਹੋਈ ਖੀਰ ਜਾਂ ਸ਼ੈ)।

ਵੇਦ (ਜੋ ਚਾਰ ਹਨ), ਸ਼ਾਸਤਰ (ਜੋ ਛੇ ਹਨ), ਗਾਇਤ੍ਰੀ (ਜੋ ਸੂਰਜ ਦਾ ਮੰਤ੍ਰ ਹੈ),

ਗੀਤਾ, ਕੁਰਾਨ (ਮੁਸਲਮਾਨੀ ਕਿਤਾਬ), ਅੰਜੀਲ (ਬਾਈਬਲ) ਆਦਿ 'ਤੇ ਨਿਸਚਾ ਨਹੀਂ ਰੱਖਣਾ।

ਜਿਸ ਗੁਰਮਤਿ ਨੂੰ ਸਤਿ ਕਰ ਜਾਨਿਆ, ਉਹ ਨੀਚ ਉੱਚਾ ਹੋ ਜਾਂਦਾ ਹੈ, ਮਨੂਰ ਕੰਚਨ ਹੋ ਜਾਂਦਾ ਹੈ :

"ਗੁਰਮਤਿ ਸਤਿ ਕਰ
ਅਗਿਆਨੀ ਬ੍ਰਹਮਗਿਆਨੀ,
ਗੁਰਮਤਿ ਸਤਿ ਕਰ, ਸਹਜਿ ਬਿਸ੍ਰਾਮ ਹੈ।"

ਅਤੇ

ਗੁਰਮਤਿ 'ਤੇ ਜੋ ਵੀ ਟੁਰਿਆ, ਉਹ ਹਰ ਸੂਰਤ, ਵੀਹ ਵਿਸਵੇ, ਵਾਹਿਗੁਰੂ ਨੂੰ ਪਾ ਲੈਂਦਾ ਹੈ :

ਗੁਰਮਤਿ ਮਿਲੀਐ ਬੀਸ ਇਕੀਸ।

Sri Satguru Jagjit Singh Ji eLibrary NamdhariElibrary@gmail.com

## ਕੀ ਸਾਡੇ ਦਸ ਗੁਰੂ ਹਨ?

ਗੁਰੂ ਇਕ ਹੀ ਹੈ।

ਇਹ ਜੋ ਦਸ ਹਨ ਸੰਪੂਰਨਤਾ ਦੱਸਣ ਲਈ ਹਨ। ਦਸ ਦਾ ਹਿੰਦਸਾ ਸੰਪੂਰਨ ਹਿੰਦਸਾ ਹੁੰਦਾ ਹੈ। ਸਭ ਲੇਖੇ ਇਸ ਵਿਚ ਹੀ ਆ ਜਾਂਦੇ ਹਨ।

ਦਸ ਜਾਮੇ ਗੁਰੂ ਨਾਨਕ ਜੀ ਨੇ ਧਾਰੇ ਸਨ। ਭੱਟ ਮਥੁਰਾ ਜੀ ਨੇ 'ਸਵੱਈਏ ਮਹਲੇ ਪੰਜਵੇਂ ਕੇ' ਵਿਚ ਇਸ ਪਾਸੇ ਪ੍ਰਤੱਖ ਇਸ਼ਾਰਾ ਕਰਦੇ ਕਹਿਆ ਹੈ :

ਜੋਤਿ ਰੂਪਿ ਹਰਿ ਆਪ, ਗੁਰੂ ਨਾਨਕੁ ਕਹਾਯਉ।
ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ।

ਗੁਰੂ ਪਾਤਸ਼ਾਹ ਸਾਨੂੰ ਸ਼ਬਦ ਦੀ ਜ਼ਿੰਮੇਵਾਰੀ ਚੁੱਕਣ ਲਈ ਤਿਆਰ ਕਰਨ ਆਏ ਸਨ। ਜਦ ਕੌਮ ਜ਼ਿੰਮੇਵਾਰੀ ਉਠਾਉਣ ਯੋਗ ਹੋ ਗਈ, ਉਨ੍ਹਾਂ ਆਪਾ ਸੰਕੋਚ ਲਿਆ। ਜੋ ਸਿੱਖੀ ਵਿਚ ਪਰਿਵਰਤਨ (ਟ੍ਰਾਂਸਫ਼ਰਮੇਸ਼ਨ) ਜਾਂ ਉਤਪੱਤੀ (ਏਵੱਲੂਸ਼ਨ) ਦੀ ਗੱਲ ਕਰਦੇ ਹਨ, ਉਹ ਸਿੱਖੀ ਦੇ ਮੂਲ ਸਿਧਾਂਤ 'ਤੇ ਸੱਟ ਮਾਰਦੇ ਹਨ।

ਮੁਹਸਨ ਫ਼ਾਨੀ, ਜੋ ਗੁਰੂ ਹਰਿਗੋਬਿੰਦ ਜੀ ਦਾ ਸਮਕਾਲੀ ਸੀ, ਨੇ ਵੀ ਲਿਖਿਆ ਹੈ ਕਿ ਸਿੱਖ ਗੁਰੂ ਸਾਹਿਬਾਨ ਨੂੰ ਇਕ ਰੂਪ ਗਿਣਦੇ ਸਨ।



Sri Satguru Jagjit Singh Ji eLibrary NamdhariElibrary@gmail.com

## 6 ਦਸ ਪਾਤਸ਼ਾਹੀਆਂ

**ਦਸ ਪਾਤਸ਼ਾਹੀਆਂ ਦੇ ਨਾਮ ਅਤੇ ਇਕ-ਇਕ ਲਾਈਨ ਵਿਚ ਉਨ੍ਹਾਂ ਦਾ ਸੁਭਾਅ ਤੇ ਸ਼ਖ਼ਸੀਅਤ ਵਰਣਨ ਕਰੋ।**

ਪਹਿਲੀ ਪਾਤਸ਼ਾਹੀ—ਗੁਰੂ ਨਾਨਕ ਦੇਵ ਜੀ—ਨਿਮਰਤਾ ਦਾ ਸਰੂਪ।
—ਹਿਯੂਮਿਲਿਟਿ (Humility)

ਦੂਜੀ ਪਾਤਸ਼ਾਹੀ—ਗੁਰੂ ਅੰਗਦ ਦੇਵ ਜੀ—ਹੁਕਮੀ ਬੰਦਾ।
—ਅੱਬੀਡਿਅੱਨਸ (Obedience)

ਤੀਜੀ ਪਾਤਸ਼ਾਹੀ—ਗੁਰੂ ਅਮਰਦਾਸ ਜੀ—ਏਕ ਨਜ਼ਰ।
—ਇੱਕ੍ਵਾਲਿਟਿ (Equality)

ਚੌਥੀ ਪਾਤਸ਼ਾਹੀ—ਗੁਰੂ ਰਾਮਦਾਸ ਜੀ—ਸੇਵਾ ਦੇ ਪੁੰਜ, ਸੇਵਕ—ਭਾਵ ਸੇਵਾ।
—ਸਰਵਿਸ (Service)

ਪੰਜਵੀਂ ਪਾਤਸ਼ਾਹੀ—ਗੁਰੂ ਅਰਜਨ ਦੇਵ ਜੀ—ਆਪਾ ਵਾਰਨ ਦੀ ਮੂਰਤ।
ਸੈਲ਼ਫ ਸੈਕ੍ਰਿਫ਼ਾਇਸ (Self-sacrifice)

ਛੇਵੀਂ ਪਾਤਸ਼ਾਹੀ—ਗੁਰੂ ਹਰਿਗੋਬਿੰਦ ਜੀ—ਨਿਆਂ ਦਾਤੇ।
—ਜਸਟਿਸ (Justice)

ਸੱਤਵੀਂ ਪਾਤਸ਼ਾਹੀ—ਗੁਰੂ ਹਰਿਰਾਇ ਜੀ—ਦਇਆਲ ਰੂਪ।
—ਮਰਸੀ (Mercy)

ਅੱਠਵੀਂ ਪਾਤਸ਼ਾਹੀ—ਗੁਰੂ ਹਰਿਕ੍ਰਿਸ਼ਨ ਜੀ—ਨਿਰਮਲਤਾ।
—ਪਯੂਅੱਰਿਟਿ (Purity)

ਨੌਵੀਂ ਪਾਤਸ਼ਾਹੀ—ਗੁਰੂ ਤੇਗ਼ ਬਹਾਦਰ ਜੀ—ਟਿਕਾਉ ਵਿਚ ਸਦਾ ਟਿਕੇ, ਨਿਰਾ ਸਕੂਨ
—ਕਾਮਨਿੱਸ (Calmness)

ਦਸਵੀਂ ਪਾਤਸ਼ਾਹੀ—ਗੁਰੂ ਗੋਬਿੰਦ ਸਿੰਘ ਜੀ—ਚੜ੍ਹਦੀ ਕਲਾ।
—ਰਾਇਲ-ਕਰੇਜ (Royal Courage)

ਭਾਈ ਨੰਦ ਲਾਲ ਜੀ ਨੇ ਜੰਗਨਾਮਾ ਵਿਚ ਦਸਾਂ ਪਾਤਸ਼ਾਹੀਆਂ ਦੇ ਨਾਵਾਂ ਦੇ ਹਿੰਦਸਿਆਂ (ਫ਼ਾਰਸੀ ਅੱਖਰਾਂ) ਨੂੰ ਲੈ ਕੇ ਇਕ-ਇਕ ਸਤਰ ਵਿਚ ਗੁਰੂ ਉਪਮਾ ਅਤੇ ਗੁਰੂ ਕਰਮ ਦ੍ਰਿੜ੍ਹਾਏ।

***ਪਹਿਲੀ ਪਾਤਸ਼ਾਹੀ***—ਅਕਾਲ ਪੁਰਖ ਦੇ ਨੂਰ ਨੂੰ ਚਮਕਾਉਣ ਵਾਲੀ ਅਤੇ ਰੱਬ ਦੇ ਭਰੋਸੇ ਦੇ ਗਿਆਨ ਨੂੰ ਰੌਸ਼ਨ ਕਰਨ ਵਾਲੀ ਹੈ। ਉਨ੍ਹਾਂ ਦੀ ਫ਼ਕੀਰੀ, ਕਾਮਲ ਫ਼ੱਕਰ ਦਾ ਫ਼ੱਖਰ ਹੈ ਅਤੇ ਸਖ਼ਾਵਤ ਦਾ ਕੋਈ ਅੰਦਾਜ਼ ਨਹੀਂ।



Sri Satguru Jagjit Singh Ji eLibrary NamdhariElibrary@gmail.com

***ਦੂਜੀ ਪਾਤਸ਼ਾਹੀ***—ਪਹਿਲੋਂ ਅਨਿਨ ਸੇਵਕ *(ਮੁਰੀਦੇ ਸਾਜਿਦ)* ਤੇ ਆਖ਼ਰ ਹੁਕਮ ਤੇ ਟੁਰ ਉਹ ਹੀ ਗੁਰੂ *(ਮੁਰਸ਼ਦੇ ਮਸਜੂਦਸ਼)* ਹੋਏ ਜਿਨ੍ਹਾਂ ਸੱਚ ਤੇ ਯਕੀਨ ਦੀ ਗੁਰੂ ਨਾਨਕ ਵਾਲੀ ਮਸ਼ਾਲ ਨੂੰ ਚਿੱਟੇ ਦਿਨ ਨਾਲੋਂ ਵੀ ਵਧੇਰੇ ਰੌਸ਼ਨ ਕੀਤਾ। ਗੁਰੂ ਅੰਗਦ ਹਰ ਇਕ ਦੇ ਪਿਆਰੇ, ਹਰ ਇਕ ਦਾ ਦੁੱਖ ਦਰਦ ਦੂਰ ਕਰ, ਪਿਆਰ ਦੀ ਗਲਵਕੜੀ ਵਿਚ ਲੈ ਲੈਂਦੇ ਹਨ। 'ਦਵਾਇ ਹਰ ਆਲਮ' ਤੇ 'ਬਰ ਤਰ ਅਜ਼ ਬੇਸ਼ ਕੰਮੋਂ'।

***ਤੀਜੀ ਪਾਤਸ਼ਾਹੀ***—ਲੇਖੇ ਨਹੀਂ ਕਰਦੀ, ਪਹਿਰਾਵਾ ਉਨ੍ਹਾਂ ਦਾ ਚਮਕਦਾ ਵਾਂਗੂੰ ਸੱਚ ਦੇ ਅਤੇ ਵਰਤਾਵਾ ਖੇੜੇ ਵਾਲਾ ਹੈ। ਭਟਕਦੇ ਆਰਾਮ ਪਾਂਦੇ *(ਆਰਾਮ ਬਖਸ਼ਿ ਹਰ ਅਵਾਰਾ)*, ਨਿਆਸਰੇ ਦਾ ਆਸਰਾ *(ਦਸਤਗੀਰ-ਹਰ ਨ-ਉਮੀਦ)*। ਉਹ ਕਰਤਾਰ ਦਾ ਹੀ ਸਾਇਆ ਹਨ।

***ਚੌਥੀ ਪਾਤਸ਼ਾਹੀ***—ਹੱਦ ਦੀ ਨੇਕ ਤੇ ਹਰ ਜਿਸਮ ਵਿਚ ਜੀਵਨ ਰੌ ਦੁੜਾਉਣ ਵਾਲੀ ਹੈ *(ਕਰਾਮਾਤ ਇੰਤਹਾਇਸ਼, ਰਹ ਹਰ ਜਿਸਮ)*। ਸਦਾ ਰੱਬ ਨਾਲ ਜੁੜੇ ਰਹਿੰਦੇ ਹਨ।

***ਪੰਜਵੀਂ ਪਾਤਸ਼ਾਹੀ***—ਗੁਰੂ ਅਰਜਨ ਵਿਚ ਰੱਬ ਹੈ ਤੇ ਰੱਬ ਵਿਚ ਉਹ ਹਨ (ਦਰ ਹੱਕ ਵ ਹੱਕ ਦਰ ਜ਼ਾਤਸ਼)। ਉਨ੍ਹਾਂ ਵਿਚ ਰੱਬ ਦੀ ਖ਼ੁਸ਼ਬੂ ਆਂਦੀ ਹੈ ਅਤੇ ਉਨ੍ਹਾਂ ਦੀ ਕੁਰਬਾਨੀ ਸਦਕਾ ਸਿਦਕਵਾਨਾਂ ਦੀ ਰੂਹ ਨੂੰ ਤਾਜ਼ਗੀ ਮਿਲਦੀ ਹੈ *(ਹੱਕ ਨਸੀਮਸ਼, ਜਾਂ ਫਜ਼ਾਇੰਦਾਇ ਅਰਾਦਤ ਗਜੀਨਾ)*।

***ਛੇਵੀਂ ਪਾਤਸ਼ਾਹੀ***—ਛੇਵੀਂ ਪਾਤਸ਼ਾਹੀ ਦੀ ਤਲਵਾਰ ਸ਼ਤਰੂਆਂ ਨੂੰ ਪੱਛਾੜਨ ਵਾਲੀ ਹੈ ਅਤੇ ਤੀਰ ਸੱਖ਼ਤ ਜਾਨ ਚੱਟਾਨ ਵਰਗਿਆਂ ਦਾ ਹੰਕਾਰ ਚੂਰ-ਚੂਰ ਕਰਨ ਵਾਲੇ ਹਨ *(ਤੇਗ਼ਸ਼ ਦੁਸ਼ਮਣ ਅਫ਼ਗਨ ਵ ਤਰਸ਼ ਖਾਰਾ ਸ਼ਿੱਕਨ)*।

***ਸੱਤਵੀਂ ਪਾਤਸ਼ਾਹੀ***—ਬਾਗ਼ੀਆਂ ਅਤੇ ਸਿਰ ਫਿਰਿਆਂ ਦਾ ਸਿਰ ਕਲਮ ਕਰਨ ਵਾਲੀ (ਗਰਦਨ-ਜ਼ਨਿ-ਸਹਕਸ਼ਾਂ) ਅਤੇ ਕੰਮਜ਼ੋਰਾਂ ਤੇ ਨਿਆਸਰਿਆਂ ਦਾ ਯਾਰ ਤੇ ਆਸਰਾ ਹੈ (ਯਾਰ ਮੁਤਜ਼ਰੱਆ ਗੁਰੂ ਕਰਤਾ ਹਰਿ ਰਾਇ)।

***ਅੱਠਵੀਂ ਪਾਤਸ਼ਾਹੀ***—ਵਾਹਿਗੁਰੂ ਦੇ ਪਰਵਾਨ, ਪਾਕ, ਪਵਿੱਤਰ-ਪਾਵਨ ਪ੍ਰੇਮੀਆਂ ਦਾ ਤਾਜ ਹੈ (ਤਾਜਿ ਮਾਅਸੂਮਾਨਿ ਮਕਬੂਲ)। ਉਸ ਦੇ ਪਵਿੱਤਰ ਵਜੂਦ ਦਾ ਨੂਰ ਸੱਚ ਨੂੰ ਰੁਸ਼ਨਾ ਰਿਹਾ ਹੈ *(ਅਨਵਾਰਿ ਵਜੂਦ ਪਾਕਸ਼ ਹੱਕ ਇਸ਼ਰਾਕ)*।

***ਨੌਵੀਂ ਪਾਤਸ਼ਾਹੀ***—ਗੁਰੂ ਤੇਗ਼ ਬਹਾਦਰ ਨੇ ਦੂਜਿਆਂ ਲਈ ਕੁਰਬਾਨੀ ਦੇ ਕੇ ਨਵੇਂ ਵਿਧਾਨ ਦਾ ਇੱਜਰਾ ਕੀਤਾ ਹੈ (ਸਲਤਨਤੇ ਨਿਹਮਸ਼ ਨੌ ਆਇਨਿ ਤਰ)। ਸੱਚ ਦੀਆਂ ਕਿਰਨਾਂ ਉਸੇ ਦੇ ਪਵਿੱਤਰ ਵਜੂਦ ਕਾਰਨ ਰੌਸ਼ਨ ਹਨ (ਅਨਵਰਿ ਹੱਕ ਅਜ਼ ਵਜੂਦ ਪਾਕਿਸ਼ ਰੌਸ਼ਨ)।

***ਦਸਵੀਂ ਪਾਤਸ਼ਾਹੀ***—ਆਪਣੇ ਆਪ ਨੂੰ ਆਲਮਗੀਰ ਕਹਿਣ ਵਾਲੇ ਦੈਂਤਾਂ ਦੀ ਵੀਣੀ ਮਰੋੜਨ ਵਾਲੀ ਹੈ (ਦਸਤੇ ਪੇਚੇ ਦੇਵਾਨ ਦੂਰਗੀਰ)। ਉਨ੍ਹਾਂ ਦੇ ਕੇਸਰੀ ਨਿਸ਼ਾਨ ਤੇ ਫ਼ਤਹ ਉਕਰੀ ਹੋਈ ਹੈ। ਦਿਲ ਦੇ ਸਾਫ਼, ਵੈਰ-ਭਾਵ ਤੋਂ ਖ਼ਾਲੀ, ਆਪ ਸੱਚ ਅਤੇ ਸੱਚ ਦਾ ਸ਼ੀਸ਼ਾ ਹਨ। *(ਖਾਲਸੋ ਬੇ ਕੀਨਾ, ਹੱਕ-ਹੱਕ ਆਈਨਾ)*।

7

# ਜਨਮ ਅਸਥਾਨ

**ਗੁਰੂ ਪਾਤਸ਼ਾਹਾਂ ਦੇ ਪ੍ਰਕਾਸ਼ ਦਿਵਸ, ਜਨਮ-ਅਸਥਾਨ ਅਤੇ ਜੋਤੀ ਜੋਤ ਸਮਾਉਣ ਦੇ ਅਸਥਾਨ ਤੇ ਸਮਾਂ ਲਿਖੋ।**

| | *ਜਨਮ, ਅਸਥਾਨ, ਸਾਲ, ਮਹੀਨਾ ਤੇ ਦਿਨ* | *ਜੋਤੀ ਜੋਤ ਸਮਾਉਣ ਦਾ ਅਸਥਾਨ, ਸਾਲ, ਮਹੀਨਾ ਤੇ ਦਿਨ* |
|---|---|---|
| ਪਾਤਸ਼ਾਹੀ ਪਹਿਲੀ | ਨਨਕਾਣਾ ਸਾਹਿਬ ੧੫ ਅਪ੍ਰੈਲ, ੧੪੬੯ਈ: | ਕਰਤਾਰਪੁਰ ਸਾਹਿਬ (ਰਾਵੀ) ੫ ਸਤੰਬਰ, ੧੫੩੯ਈ: |
| ਪਾਤਸ਼ਾਹੀ ਦੂਜੀ | ਮੱਤੇ ਦੀ ਸਰਾਂ (ਨੇੜੇ ਮੁਕਤਸਰ) ੩੧ ਮਾਰਚ, ੧੫੦੪ | ਖਡੂਰ ਸਾਹਿਬ (ਨੇੜੇ ਗੋਇੰਦਵਾਲ) ੨੯ ਮਾਰਚ, ੧੫੫੨ |
| ਪਾਤਸ਼ਾਹੀ ਤੀਜੀ | ਬਾਸਰਕੇ (ਨੇੜੇ ਅੰਮ੍ਰਿਤਸਰ) ੨੯ ਅਪ੍ਰੈਲ, ੧੪੭੯ | ਗੋਇੰਦਵਾਲ ਸਾਹਿਬ ੨੪ ਸਤੰਬਰ, ੧੫੭੪ |
| ਪਾਤਸ਼ਾਹੀ ਚੌਥੀ | ਲਾਹੌਰ ੨੫ ਅਕਤੂਬਰ, ੧੫੩੪ | ਗੋਇੰਦਵਾਲ ਸਾਹਿਬ ੧੨ ਸਤੰਬਰ, ੧੫੮੧ |
| ਪਾਤਸ਼ਾਹੀ ਪੰਜਵੀਂ | ਗੋਇੰਦਵਾਲ ਸਾਹਿਬ ੧੫ ਅਪ੍ਰੈਲ, ੧੫੬੩ | ਸ਼ਹੀਦੀ ਲਾਹੌਰ (ਡੇਹਰਾ ਸਾਹਿਬ) ੩੦ ਮਈ, ੧੬੦੬ |
| ਪਾਤਸ਼ਾਹੀ ਛੇਵੀਂ | ਛੇਹਰਟਾ ਸਾਹਿਬ (ਅੰਮ੍ਰਿਤਸਰ) ੨੯ ਜੂਨ,੧੫੯੫, | ਕੀਰਤਪੁਰ ਸਾਹਿਬ ੨੧ ਮਾਰਚ, ੧੬੪੪ |
| ਪਾਤਸ਼ਾਹੀ ਸੱਤਵੀਂ | ਕੀਰਤਪੁਰ ਸਾਹਿਬ ੩੦ ਜਨਵਰੀ, ੧੬੩੦ | ਕੀਰਤਪੁਰ ਸਾਹਿਬ ੬ ਅਕਤੂਬਰ, ੧੬੬੧ |



Sri Satguru Jagjit Singh Ji eLibrary NamdhariElibrary@gmail.com

| | | |
|---|---|---|
| ਪਾਤਸ਼ਾਹੀ | ਕੀਰਤਪੁਰ ਸਾਹਿਬ | ਦਿੱਲੀ |
| ਅੱਠਵੀਂ | ੭ ਜੁਲਾਈ, ੧੬੫੬ | ੩੦ ਮਾਰਚ, ੧੬੬੪ |
| ਪਾਤਸ਼ਾਹੀ | ਸ੍ਰੀ ਅੰਮ੍ਰਿਤਸਰ | ਸ਼ਹੀਦੀ ਦਿੱਲੀ |
| ਨੌਵੀਂ | (ਗੁਰੂ ਕੇ ਮਹਲ) | (ਸੀਸ ਗੰਜ) |
| | ੧ ਅਪ੍ਰੈਲ, | ੧੧ ਨਵੰਬਰ, |
| | ੧੬੨੧ | ੧੬੭੫ |
| ਪਾਤਸ਼ਾਹੀ | ਪਟਨਾ ਸਾਹਿਬ | ਨਾਂਦੇੜ ਸਾਹਿਬ |
| ਦਸਵੀਂ | (ਬਿਹਾਰ) | (ਮਹਾਂਰਾਸ਼ਟਰ) |
| | ੨੨ ਦਸੰਬਰ | ੭ ਅਕਤੂਬਰ, |
| | ੧੬੬੬ | ੧੭੦੮ |

❑❑

Sri Satguru Jagjit Singh Ji eLibrary NamdhariElibrary@gmail.com

## 8 ਗੁਰੂ ਗ੍ਰੰਥ ਸਾਹਿਬ

### ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਕਦ ਤੋਂ ਹੋਏ?

ਭਾਵੇਂ ਗੁਰੂ ਸਾਹਿਬਾਨ ਆਪਣੇ ਤੋਂ ਵੱਧ ਅਦਬ ਸ਼ਬਦ, ਬਾਣੀ ਅਤੇ ਬੀੜ ਨੂੰ ਦੇਂਦੇ ਸਨ ਅਤੇ ਹੁਕਮ ਵੀ ਐਸੇ ਹੀ ਕੀਤੇ ਜਾਂਦੇ ਸਨ : 'ਏਕੋ ਸਬਦੁ, ਏਕੋ ਪ੍ਰਭੁ ਵਰਤੈ, ਸਭ ਏਕਸੁ ਤੇ ਉਤਪਤਿ ਚਲੈ।' ਪਰ ਗੁਰੂ ਗ੍ਰੰਥ ਸਾਹਿਬ ਨਾਲ 'ਗੁਰੂ' ਸ਼ਬਦ ੮ ਅਕਤੂਬਰ, ਸੰਨ ੧੭੦੮ ਤੋਂ ਲਾਉਣਾ ਆਰੰਭ ਹੋਇਆ, ਜਦ ਅਬਿਚਲ ਨਗਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਸਿੱਖ ਧਰਮ ਦੇ ਆਧਾਰ ਰੂਪ ਗ੍ਰੰਥ ਨੂੰ ਦਿੱਤੀ।

ਹੁਕਮ ਕੀਤਾ :

ਅਬ ਮੇਰਾ ਜ਼ਾਹਰਾ ਰੂਪ,<br>
ਗੁਰੂ ਗ੍ਰੰਥ ਸਾਹਿਬ ਕੋ ਜਾਨਣਾ।<br>
ਜਿਸ ਨੇ ਮੇਰੇ ਸੇ ਬਾਤਾ ਕਰਨੀ ਹੋਇ,<br>
ਤੋ ਗੁਰੂ ਗ੍ਰੰਥ ਸਾਹਿਬ ਕਾ,<br>
ਪਾਠ ਕਰਨਾ, ਮੇਰੇ ਸੇ ਬਾਤਾਂ ਹੋਵੇਗੀ।

ਇਹ ਹੁਕਮ ਵੀ ਹੋਏ :

"ਆਗਯਾ ਭਈ ਅਕਾਲ ਕੀ, ਤਬੈ ਚਲਾਯੋ ਪੰਥ।<br>
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।<br>
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।<br>
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੇ ਲੇ।"

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

ਇਕ ਹੋਰ ਗਵਾਹੀ ਭਾਈ ਕੇਸਰ ਸਿੰਘ ਜੀ ਨੇ ਬੰਸਾਵਲੀਨਾਮਾ ਵਿਚ ਦਿੱਤੀ ਹੈ। ਉਸ ਦੇ ਸ਼ਬਦ ਹਨ :

ਤਬ ਸਾਹਿਬ ਬਚਨ ਕੀਤਾ,<br>
ਗੁਰਿਆਈ ਕਾ ਤੋ ਪਹੁਤਾ ਅੰਤ।<br>
ਦਸ ਜਾਮੇ ਕਹੇ ਥੇ,<br>
ਗੁਰੂ ਨਾਨਕ ਭਗਵੰਤ।

ਅਤੇ

ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ,<br>
ਗ੍ਰੰਥ ਸਾਹਿਬ ਨੂੰ ਦੇ ਹੈ ਗਿਆ।<br>
ਅੱਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ,<br>
ਸੋ ਗਿਆ ਜੋ ਗ੍ਰੰਥੋਂ ਗਿਆ। (ਚਰਨ ਦਸਵਾਂ)



Sri Satguru Jagjit Singh Ji eLibrary NamdhariElibrary@gmail.com

ਕਵੀ ਸੋਹਣ ਸਿੰਘ ਦੇ ਰਚੇ ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਜੋ ਕਲਗੀਧਰ ਦੇ ਜੋਤੀ ਜੋਤ ਸਮਾਉਣ ਤੋਂ ਤਕਰੀਬਨ ਅੱਠ ਸਾਲ ਬਾਅਦ ਲਿਖਿਆ ਗਿਆ, ਦੇ ਸ਼ਬਦ ਹਨ :

ਗੁਰੂ ਗ੍ਰੰਥ ਕਲਜੁਗ ਭਯੋ, ਸ੍ਰੀ ਗੁਰੂ ਰੂਪ ਸਮਾਨ।
ਦਸ ਪਾਤਸ਼ਾਹੀਆਂ ਰੂਪ ਇਹ, ਗੁਰੂ ਗ੍ਰੰਥ ਜੀ ਜਾਨ। ੪੧੨।
ਗੁਰੂ ਦਰਸ ਜਿਹ ਦੇਖਣਾ, ਸ੍ਰੀ ਗ੍ਰੰਥ ਦਰਸਾਇ।
ਬਾਤ ਕਰਨਿ ਗੁਰੂ ਸੋ ਚਾਹੇ, ਪੜ੍ਹੇ ਗ੍ਰੰਥ ਮਨ ਲਾਇ। ੪੧੩।

ਉਮਦਾਤ-ਤਵਾਰੀਖ਼ ਵਿਚ ਸੋਹਣ ਲਾਲ ਸੂਰੀ ਨੇ ਲਿਖਿਆ ਹੈ : ਸਿੱਖਾਂ ਬੇਨਤੀ ਕੀਤੀ ਕਿ ਹਜ਼ੂਰ ਨੇ ਹੁਣ ਕਿਸ ਨੂੰ (ਕਦਾਮ ਕਸਾ ਰਾ) ਗੁਰੂ ਨਿਯਤ ਕੀਤਾ ਹੈ ਤਾਂ ਮਹਾਰਾਜ ਨੇ ਹੁਕਮ ਕੀਤਾ :

ਗੁਰੂ, ਗ੍ਰੰਥ ਜੀ ਹਨ। ਗ੍ਰੰਥ ਤੇ ਵਾਹਿਗੁਰੂ ਵਿਚਕਾਰ ਕੋਈ ਫ਼ਰਕ ਨਹੀਂ (ਦਰਮਿਆਨਿ ਗ੍ਰੰਥ ਵਾਹਿਗੁਰੂ ਹੀਜ਼ ਫ਼ਰਕੇ ਨੀਸਤ)। ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਤੋਂ ਗੁਰੂ ਸਾਹਿਬਾਨ ਦੇ ਖ਼ੁਸ਼ੀਆਂ ਭਰਪੂਰ ਦਰਸ਼ਨ ਹੋਣਗੇ। *(ਅਜ਼ ਦੀਦਾਰਿ ਗ੍ਰੰਥ ਜੀ ਮਸ਼ਾਹਿਦ ਦਾਇ ਦੀਦਾਰ ਫ਼ਰਹਤ ਆਸਾਰਿ ਗੁਰੂ ਸਾਹਿਬ ਬਾਇਦ ਨਮੂਦ)।*

ਢੇਰ ਚਿਰ ਪਹਿਲਾਂ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਦਾ ਕਾਰਨ ਆਪੂੰ ਹੀ ਗੁਰੂ ਅਰਜਨ ਦੇਵ ਜੀ ਨੇ ਦਰਸਾ ਦਿੱਤਾ ਸੀ। ਇਕ ਦਿਨ ਅੰਮ੍ਰਿਤ ਵੇਲੇ ਗੁਰੂ ਜੀ ਜਾਗ ਉਠੇ ਤਾਂ ਉਨ੍ਹਾਂ ਦੇ 'ਮਨ ਉਪਜੀ' ਕਿ ਪੰਥ ਤਾਂ ਪ੍ਰਗਟ ਹੋ ਗਿਆ ਹੈ, ਉਸ ਦਾ ਮਾਰਗ ਦਰਸ਼ਨ ਸਦਾ ਹੁੰਦਾ ਰਹੇ। ਸੋ ਇਸ ਲਈ ਗ੍ਰੰਥ ਸਾਹਿਬ ਦੀ ਰਚਨਾ ਹੋਣੀ ਚਾਹੀਦੀ ਹੈ, ਸੋ ਗੁਰੂ ਗ੍ਰੰਥ ਸਾਹਿਬ ਰਚਾ।

ਮਹਿਮਾ ਪ੍ਰਕਾਸ਼ ਦੇ ਸ਼ਬਦ ਹਨ :

ਏਕ ਦਿਵਸ ਪ੍ਰਭੁ ਪ੍ਰਾਤਹ ਕਾਲ।
ਦਇਆ ਭਰੇ ਪ੍ਰਭ ਦੀਨ ਦਿਆਲ।
ਯਹਿ ਮਨ ਉਪਜੀ ਪ੍ਰਗਟਯੋ ਜਗ ਪੰਥ।
ਤਹਿ ਕਾਰਣ ਕੀਚੈ ਅਬ ਗ੍ਰੰਥ।

Sri Satguru Jagjit Singh Ji eLibrary NamdhariElibrary@gmail.com

## ੭ ਬਾਣੀ ਕਿਤਨੇ ਮਹਾਂਪੁਰਸ਼ਾਂ

### *ਗੁਰੂ ਗ੍ਰੰਥ ਸਾਹਿਬ ਵਿਚ ਕਿਤਨੇ ਮਹਾਂਪੁਰਸ਼ਾਂ ਦੀ ਬਾਣੀ ਹੈ? ਉਨ੍ਹਾਂ ਦੇ ਨਾਮ ਦੱਸੋ।*

ਗੁਰੂ ਗ੍ਰੰਥ ਸਾਹਿਬ, ਇਕ ਐਸਾ ਰੂਹਾਨੀ ਖ਼ੁਰਾਕ ਦਾ ਥਾਲ ਪਰੋਸਿਆ ਹੈ ਗੁਰੂ ਮਹਾਰਾਜ ਨੇ, ਜਿਸ ਵਿਚ ੩੬ ਪਦਾਰਥਾਂ ਵਾਂਗ ੩੬ ਹੀ ਮਹਾਂਪੁਰਸ਼ਾਂ ਦੀ ਬਾਣੀ ਹੈ।

*ਛੱਤੀ ਮਹਾਂਪੁਰਸ਼ ਇਹ ਹਨ :*

*ਛੇ ਗੁਰੂ ਸਾਹਿਬਾਨ—*

ਗੁਰੂ ਨਾਨਕ ਦੇਵ ਜੀ।
ਗੁਰੂ ਅੰਗਦ ਦੇਵ ਜੀ।
ਗੁਰੂ ਅਮਰਦਾਸ ਜੀ।
ਗੁਰੂ ਰਾਮਦਾਸ ਜੀ।
ਗੁਰੂ ਅਰਜਨ ਦੇਵ ਜੀ।
ਗੁਰੂ ਤੇਗ਼ ਬਹਾਦਰ ਜੀ।

*ਪੰਦਰਾਂ ਭਗਤ—*

ਭਗਤ ਕਬੀਰ ਜੀ।
ਭਗਤ ਨਾਮਦੇਵ ਜੀ।
ਭਗਤ ਰਵਿਦਾਸ ਜੀ।
ਭਗਤ ਤਿਰਲੋਚਨ ਜੀ।
ਭਗਤ ਧੰਨਾ ਜੀ।
ਭਗਤ ਸੈਨ ਜੀ।
ਭਗਤ ਜੈ ਦੇਵ ਜੀ।
ਭਗਤ ਪੀਪਾ ਜੀ।
ਭਗਤ ਸੂਰਦਾਸ ਜੀ।
ਬਾਬਾ ਫ਼ਰੀਦ ਜੀ।
ਭਗਤ ਪ੍ਰਮਾਨੰਦ ਜੀ।
ਭਗਤ ਸਧਨਾ ਜੀ।
ਭਗਤ ਬੇਣੀ ਜੀ।



Sri Satguru Jagjit Singh Ji eLibrary NamdhariElibrary@gmail.com

ਭਗਤ ਰਾਮਾ ਨੰਦ ਜੀ।
ਭਗਤ ਭੀਖਨ ਜੀ।

*ਗਿਆਰਾਂ ਭੱਟ—*

ਕਲਸਹਾਰ ਜੀ।
ਜਾਲਪ ਜੀ।
ਕੀਰਤ ਜੀ।
ਭਿਖਾ ਜੀ।
ਸਲ ਜੀ।
ਭਲ ਜੀ।
ਨਲ ਜੀ।
ਗਯੰਦ ਜੀ।
ਮਥੁਰਾ ਜੀ।
ਬਲ ਜੀ।
ਹਰਿਬੰਸ ਜੀ।

*ਚਾਰ ਸਿੱਖ—*

ਬਾਬਾ ਸੁੰਦਰ ਜੀ।
ਰਬਾਬੀ ਸਤੈ ਡੂਮਿ ਜੀ।
ਰਬਾਬੀ ਰਾਇ ਬਲਵੰਡ ਜੀ।
ਭਾਈ ਮਰਦਾਨਾ ਜੀ।

Sri Satguru Jagjit Singh Ji eLibrary NamdhariElibrary@gmail.com

# 10 ਸਮੁੱਚਾ ਮਜ਼ਮੂਨ ਗੁਰੂ ਗ੍ਰੰਥ ਸਾਹਿਬ

**ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਕਿਤਨੇ ਰਾਗ, ਧੁਨੀਆਂ ਅਤੇ ਸ਼ਬਦ ਹਨ ? ਸਮੁੱਚਾ ਮਜ਼ਮੂਨ ਕੀ ਹੈ ? ਇਤਨੀ ਮਹਿਮਾ ਗੁਰੂ ਗ੍ਰੰਥ ਸਾਹਿਬ ਦੀ ਕਿਉਂ ਹੈ ?**

ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਕੁੱਲ ਗਿਣਤੀ ੩੧ ਹੈ। ਪਹਿਲਾ ਰਾਗ ਸਿਰੀ ਰਾਗ ਹੈ ਅਤੇ ਅੰਤਲਾ ਜੈਜਾਵੰਤੀ ਹੈ।

ਧੁਨੀਆਂ ੯ ਹਨ ਜੋ ਵਾਰਾਂ ਦੇ ਉੱਤੇ ਦਰਜ ਹਨ ਤੇ ਹੁਕਮ ਹੈ ਕਿ ਵਾਰ ਨੂੰ ਉਸ ਧੁਨੀ ਵਿਚ ਹੀ ਗਾਵਣਾ।

ਕੁੱਲ ਸ਼ਬਦ, ਸਲੋਕਾਂ ਤੇ ਸਵੱਈਆਂ ਸਮੇਤ ੫੭੬੩ ਹਨ। ਪਹਿਲੀ ਬੀੜ ੧੫ ਅਗਸਤ, ੧੬੦੪ ਨੂੰ ਸੰਪੂਰਨ ਹੋਈ ਸੀ।

ਅਤੇ

ਹਰਿਮੰਦਰ ਸਾਹਿਬ ਪਹਿਲਾ ਪ੍ਰਕਾਸ਼ ੩੦ ਅਗਸਤ, ੧੬੦੪ ਨੂੰ ਹੋਇਆ ਸੀ। ਲਿਖਾਰੀ ਭਾਈ ਗੁਰਦਾਸ ਜੀ ਸਨ।

ਮੁੱਖ ਵਿਸ਼ਾ ਹੈ :

ਪ੍ਰਭੂ ਦਰਸ਼ਨ ਤੇ ਪ੍ਰਭੂ ਉਸਤਤਿ (ਗੁਣ ਗੋਬਿੰਦ) ਅਤੇ ਨਾਮ ਭਗਤੀ, ਗੁਰ ਭਗਤੀ, ਮਨ ਦਾ ਸੰਜਮ, ਮਾਨਵ-ਭਗਤੀ, ਸਦਾਚਾਰ ਤੇ ਸਮਾਜ ਭਲਾਈ (ਨਾਮ ਧੁਨਿ)। ਗੁਰਬਾਣੀ ਦਾ ਜ਼ੋਰ ਇਤਨਾ ਮੁਕਤੀ 'ਤੇ ਨਹੀਂ, ਜਿਤਨਾ ਜੀਵਨ-ਮੁਕਤੀ 'ਤੇ ਹੈ। ਗੁਰਬਾਣੀ ਸਵਰਨ-ਮਾਟੀ, ਦੁੱਖ-ਸੁੱਖ ਵਿਚ ਮਨ ਦੇ ਸਹਿਜ ਨੂੰ ਕਾਇਮ ਰੱਖਣ ਦੀ ਜਾਚ ਸਿਖਲਾਂਦੀ ਹੈ।

ਸਮੁੱਚਾ ਮਜ਼ਮੂਨ ਹੈ :

ਸੱਚ ਦਾ ਸਹੀ ਰੂਪ।

ਸੱਚ ਦੀ ਪ੍ਰਾਪਤੀ ਦੇ ਸਾਧਨ।

ਜਿਨ੍ਹਾਂ ਸੱਚ ਪ੍ਰਾਪਤ ਕਰ ਲਿਆ, ਉਨ੍ਹਾਂ ਦੀ ਮਨੋ-ਦਸ਼ਾ।

ਅਤੇ

ਜਿਨ੍ਹਾਂ ਸੱਚ ਨਹੀਂ ਵਿਹਾਝਿਆ, ਉਨ੍ਹਾਂ ਦੀ ਦੁਰਦਸ਼ਾ।

ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਇਸ ਲਈ ਹੈ :

"ਪੈਥਾ ਗੋਰਸ ਨੇ ਜੇ ਕੋਈ ਆਪਣਾ ਸਿਧਾਂਤ ਲਿਖਿਆ, ਉਹ ਸਾਡੇ ਤੱਕ ਨਹੀਂ ਪੁੱਜਾ।



Sri Satguru Jagjit Singh Ji eLibrary NamdhariElibrary@gmail.com

"ਸੁਕਰਾਤ ਦਾ ਪਤਾ ਕੇਵਲ ਅਫ਼ਲਾਤੂਨ (ਪਲੈਟੋ) ਤੇ ਜੈਨੋਫਰ ਦੀਆਂ ਲਿਖਤਾਂ ਤੋਂ ਹੀ ਲੱਗਦਾ ਹੈ।"

ਬੁੱਧ ਆਪਣੀ ਸਿੱਖਿਆ ਦੀ ਯਾਦ ਆਪਣੀ ਕਿਸੇ ਵੀ ਲਿਖਤ ਵਿਚ ਨਹੀਂ ਛੱਡ ਗਿਆ।

"ਪੱਛਮੀ ਲੋਕ ਜਿਸ ਨੂੰ ਕਨਫਿਊਸ਼ਿਸ ਕਹਿੰਦੇ ਹਨ, ਆਪਣੇ ਪਿੱਛੇ ਆਪਣੇ ਦਰਸਾਏ ਸਮਾਜਿਕ ਤੇ ਇਖ਼ਲਾਕੀ ਸਿਧਾਂਤਾਂ ਦੀ ਕਿਤੇ ਕੋਈ ਲਿਖਤ ਨਹੀਂ ਛੱਡ ਗਏ।

ਈਸਾਈ ਮੱਤ ਦੇ ਬਾਨੀ ਨੇ ਵੀ ਆਪਣੇ ਸਿਧਾਂਤਾਂ ਨੂੰ ਕਿਤੇ ਵੀ ਲਿਖਤੀ ਰੂਪ ਵਿਚ ਪੇਸ਼ ਨਹੀਂ ਕੀਤਾ। ਉਨ੍ਹਾਂ ਸੰਬੰਧੀ ਮੈਥਿਓ, ਲੂਕਾ, ਜੌਨ ਆਦਿ ਲਿਖਤਾਂ ਤੇ ਹੀ ਭਰੋਸਾ ਕਰਨਾ ਪੈਂਦਾ ਹੈ।

"ਅਰਬ ਦੇ ਪੈਗ਼ੰਬਰ ਮੁਹੰਮਦ ਸਾਹਿਬ ਨੇ ਵੀ ਕੁਰਾਨ ਦੇ ਸਪਾਰਿਆਂ ਨੂੰ ਵੀ ਆਪਣੀ ਕਲਮ ਨਾਲ ਨਹੀਂ ਲਿਖਿਆ, ਸਗੋਂ ਉਸਦੇ ਖ਼ਲੀਫ਼ਿਆਂ ਜਾਂ ਨਾਮ-ਲੇਵਿਆਂ ਨੇ ਹੀ ਲਿਖਿਆ ਜਾਂ ਇਕੱਠਾ ਕੀਤਾ।

"ਪਰ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਆਪ ਲਿਖੀ, ਭਗਤਾਂ ਦੀ ਲਿਆਂਦੀ, ਸੰਭਾਲੀ ਤੇ ਫਿਰ ਬੀੜ ਬੰਨ੍ਹ ਗੁਰੂ ਗ੍ਰੰਥ ਸਾਹਿਬ ਦਾ ਰੂਪ ਦਿੱਤਾ।"

ਗ੍ਰੀਨ ਲੀਜ਼ ਨੇ ਗਾਸਪੱਲ ਔਫ਼ ਗੁਰੂ ਗ੍ਰੰਥ ਸਾਹਿਬ ਵਿਚ ਸੋਹਣਾ ਕਿਹਾ ਹੈ:

ਪਵਿੱਤਰਤਾ ਤੇ ਰੂਹਾਨੀ ਔਜ ਦੇ ਨੁਕਤੇ ਤੋਂ ਇਸਦਾ ਦੁਨੀਆਂ ਦੇ ਧਰਮਾਂ ਵਿਚ ਉੱਚਾ ਮੁਕਾਮ ਹੈ। ਇਹ ਕਿਸੇ ਦਾ ਭੇਸ ਵਟਾਵਾਂ ਰੂਪ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਚੋਟੀ ਦਾ ਹੈ। ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਬਾਣੀ ਧੁਰ ਅੰਦਰੋਂ ਅਨੁਭਵ ਤੋਂ ਪ੍ਰਕਾਸ਼ੀ ਹੈ ਅਤੇ ਇਸ ਦਾ ਪੜ੍ਹੇ-ਸੁਣੇ ਨਾਲ ਕੋਈ ਸਬੰਧ ਨਹੀਂ ਹੈ।

ਜਗਤ ਪ੍ਰਸਿੱਧ ਇਤਿਹਾਸਕਾਰ ਟਾਇਨਬੀ ਗੁਰੂ ਗ੍ਰੰਥ ਸਾਹਿਬ ਨੂੰ ਸਮੁੱਚੀ ਮਨੁੱਖਤਾ ਦਾ ਸਾਂਝਾ ਆਤਮਿਕ ਭੰਡਾਰ (Mankind's Common Spiritual Treasure) ਕਹਿੰਦਾ ਹੈ।

# 11 ਗੁਰੂ ਨਾਨਕ ਦੇਵ ਜੀ ਦੇ ਅੰਤਮ ਬਚਨ

## ਗੁਰੂ ਨਾਨਕ ਦੇਵ ਜੀ ਦੇ ਅੰਤਮ ਬਚਨ ਕੀ ਸਨ?

ਪੁਰਾਤਨ ਜਨਮ ਸਾਖੀ ਅਨੁਸਾਰ, ਜਦ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ, ਉਸ ਸਮੇਂ ਅੰਮ੍ਰਿਤ ਵੇਲਾ ਸੀ ਅਤੇ ਮਹਾਰਾਜ ਤੁਖਾਰੀ ਰਾਗ ਬਾਰਹ ਮਾਹਾ ਉਚਾਰ ਰਹੇ ਸਨ। ਅੰਤਮ ਸ਼ਬਦ ਸਨ :

"ਤੂੰ ਸੁਣਿ ਕਿਰਤ ਕਰੰਮਾ, ਪੁਰਬ ਕਮਾਇਆ।
ਸਿਰਿ ਸਿਰਿ ਸੁਖ ਸਹੰਮਾ, ਦੇਹਿ ਸੁ ਤੂ ਭਲਾ।"

ਕਿਤਨਾ ਚਿਰ 'ਭਲਾ ਭਲਾ ਭਲਾ' ਕਹਿੰਦੇ ਰਹੇ।

ਫਿਰ,

'ਜੈ ਘਰਿ ਕੀਰਤਿ ਆਖੀਐ,
ਕਰਤੇ ਕਾ ਹੋਇ ਬੀਚਾਰੋ।'

ਗਾਉਣ ਦਾ ਹੁਕਮ ਕੀਤਾ। ਰਾਗ ਰਾਉੜੀ ਦੀਪਕੀ ਹੋਇਆ। ਫਿਰ ਧਨਾਸਰੀ ਹੋਇਆ ਆਰਤੀ ਗਾਵੀ। ਤਿਤ ਮਹਲ ਕੀਰਤਨ ਹੋਆ।

'ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ
ਦਿਵਸੁ ਰਾਤਿ ਦੁਇ, ਦਾਈ ਦਾਇਆ,
ਖੇਲੈ ਸਗਲ ਜਗਤੁ।

... ... ...

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ', ਪੜ੍ਹਦਿਆਂ ਹੀ ਗੁਰੂ ਬਾਬੇ ਚਾਦਰ ਉਪਰਿ ਲੈ, ਮੂੰਹੋਂ ਵਾਹਿਗੁਰੂ ਕਹਿ ਮੱਥਾ ਟੇਕਿਆ। ਆਪਣੀ ਅਜ਼ਮਤਿ ਤੇ ਸ਼ਬਦ ਦੀ ਸੁਰਤਿ ਗੁਰੂ ਅੰਗਦ ਦੇਵ ਜੀ ਨੂੰ ਦੇ ਗਏ।

ਮੁਹਸਨ ਫ਼ਾਨੀ ਨੇ ਇਸੇ ਲਈ ਲਿਖਿਆ ਸੀ ਕਿ 'ਸਿੱਖਾਂ ਦਾ ਵਿਸ਼ਵਾਸ ਹੈ ਕਿ ਗੁਰੂ ਨਾਨਕ ਦੇਵ ਕੇਵਲ ਨੂਰ ਹੀ ਨੂਰ ਸਨ।'

ਸਿਰਫ਼ ਸਾਨੂੰ ਆਪਣੀ ਕੁਦਰਤ ਹੀ ਵਿਖਾਂਦੇ ਸਨ।

'ਸਿੱਖ ਇਹ ਸਮਝਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਤਨ ਤਿਆਗਿਆ ਤੇ ਉਹ ਆਪਣੇ ਨਿਕਟੀ ਸੇਵਕ ਗੁਰੂ ਅੰਗਦ ਦੇਵ ਜੀ ਵਿਚ ਪ੍ਰਵੇਸ਼ ਕਰ ਗਏ। ਗੁਰੂ ਅੰਗਦ ਨਾਨਕ ਦਾ ਹੀ ਨਾਮ ਹੈ।'



Sri Satguru Jagjit Singh Ji eLibrary NamdhariElibrary@gmail.com

# 12 ਗੁਰੂ ਅੰਗਦ ਦੇਵ ਜੀ ਦੇ ਆਖ਼ਰੀ ਬਚਨ

## *ਗੁਰੂ ਅੰਗਦ ਦੇਵ ਜੀ ਦੇ ਆਖ਼ਰੀ ਬਚਨ ਕੀ ਸਨ?*

ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਵੱਲ ਦੇਖਦੇ ਹੋਏ ਕਿਹਾ :

"ਮੇਰੇ ਤੇ ਤੁਹਾਡੇ ਵਿਚ ਰਤਾ ਭਰ ਵੀ ਅੰਤਰ ਨਹੀਂ ਹੈ। ਇਹ ਸਰੀਰ ਤਾਂ ਜਿਵੇਂ ਜਲ ਦਾ ਭਰਿਆ ਘੜਾ ਸਮੁੰਦਰ ਵਿਚ ਹੁੰਦਾ ਹੈ, ਉਸ ਤਰ੍ਹਾਂ ਹੈ। ਕੇਵਲ ਸੰਸਾਰ ਦੇ ਭਲੇ ਲਈ ਗੁਰੂ ਸਰੀਰ ਧਾਰਦੇ ਹਨ। ਸਰੀਰ ਨੇ ਅਵੱਸ਼ ਬਿਨਸਨਾ ਹੈ। *ਗੁਰੂ ਪਦਵੀ ਨਿਮ੍ਰਤਾ, ਪ੍ਰੇਮ ਤੇ ਸੇਵਾ ਦਾ ਹੀ ਫਲ ਹੈ।* ਤੁਸਾਂ ਹੀ ਹੁਣ ਸਤਿਨਾਮ ਦਾ ਸਿਮਰਨ ਦ੍ਰਿੜ੍ਹ ਕਰਾਉਣਾ। ਭਗਤੀ ਭਾਵ ਹਰ ਹਿਰਦੇ ਵਿਚ ਭਰ ਦਿਓ। ਰਿਜ਼ਕ ਦੀ ਕੁੰਜੀ ਤੁਹਾਡੇ ਹੱਥ ਹੈ। ਸਭ ਮਹਾਨ ਸ਼ਕਤੀਆਂ ਆਪ ਜੀ ਪਾਸ ਹਨ। ਨਾਮ ਦਾਨ ਦੇਣਾ।"

ਫਿਰ ਸਾਰੀ ਸੰਗਤ ਨੂੰ ਕਿਹਾ : "ਗੁਰੂ ਅਮਰਦਾਸ ਤੇ ਮੇਰੇ ਵਿਚ ਕੋਈ ਭੇਦ ਨਹੀਂ, ਸਰੀਰ ਦਾ ਮੋਹ ਕੂੜਾ ਹੈ। ਸਰੀਰ ਦੇ ਮੋਹ ਦੇ ਤਿਆਗ ਵਿਚ ਹੀ ਸੁੱਖ ਹੈ।"

ਅੰਤਮ ਰੀਤੀ ਦੀ ਮਰਯਾਦਾ ਵੀ ਦ੍ਰਿੜ੍ਹ ਕਰਵਾ ਦਿੱਤੀ। ਆਗਿਆ ਕੀਤੀ ਕਿ ਕੋਈ ਕੁਲ-ਰੀਤੀ, ਕੋਈ ਸਮਾਜਿਕ ਰਸਮ, ਕਿਰਿਆ ਕਰਮ ਜਾਂ ਜੋ ਵੀ ਜਗ ਦੇ ਵਿਹਾਰ ਹਨ, ਉਹਨਾਂ ਵਲ ਮੂੰਹ ਵੀ ਨਾ ਕਰਨਾ। ਬੱਸ ਕੇਵਲ ਪਾਠ ਕੀਰਤਨ ਸ਼ੁਕਰ-ਸ਼ੁਕਰ ਹੀ ਕਰਨਾ :

ਸਰੀਰ ਦਾ ਸਸਕਾਰ ਕਰ ਦੇਣਾ।

"ਜਗ ਅਰ ਕੁਲ ਕੇ ਜਿਤਿਕ ਅਚਾਰੇ,
ਹਮਰੇ ਹੇਤ ਨਹੀਂ ਕਛ ਕਰਨਾ।
ਕੀਰਤ ਪਾਠ ਸੁਨ ਨਾਮ ਸਿਮਰਨਾ॥ ੧੫॥
ਕਰਹ ਅਨੰਦ ਮੰਗਲ ਚਾਰਾ।
ਦੇਹੁ ਸਰੀਰ ਅਗਨ ਸਸਕਾਰਾ।"

ਗੁਰੂ ਅਮਰਦਾਸ ਜੀ ਪ੍ਰਤੀ ਆਪ ਜੀ ਦੇ ਅੰਤਮ ਬਚਨ ਸਨ :

"ਗੁਰੂ ਨਾਨਕ ਦੇਵ ਜੀ ਨੇ ਸਾਨੂੰ ਪਾਰਬ੍ਰਹਮ ਦਾ ਪੰਥ ਕਰਨ ਲਈ ਕਿਹਾ ਸੀ, ਤੁਸੀਂ ਵੀ ਉਹੋ ਪੰਥ ਦ੍ਰਿੜ੍ਹ ਕਰਨਾ। ਪ੍ਰਮੇਸ਼ਰ ਦੇ ਜਿਤਨੇ ਜੀਵ ਹੈਨ, ਇਨ੍ਹਾਂ ਨੂੰ ਨਾਮ ਦ੍ਰਿੜ੍ਹਾਉਣਾ। ਪਹਿਲਾਂ ਹੁਕਮ ਸੀ ਸਾਨੂੰ, ਹੁਣ ਹੈ ਤੁਹਾਨੂੰ। ਇਸ ਕਾਰਜ ਵਿਚ ਤੁਸੀਂ ਸਾਨੂੰ ਆਪਣੇ ਨਾਲ ਨਿਜਾ ਨੰਦ ਸਮਾਧੀ ਵਿਚ ਅੰਦਰ ਵਰਤਦੇ ਦੇਖੋਗੇ। ਬਾਹਰ ਬ੍ਰਹਮ ਦ੍ਰਿਸ਼ਟੀ ਵਿਚ ਆਪਣੇ ਅੰਗ ਹੀ ਜਾਣਨਾ। ਵਿਛੋੜਾ ਨਹੀਂ ਹੋਣ ਲੱਗਾ। ਮੈਂ ਨਾ ਆਉਣਾ ਹੈ ਨਾਂਹ ਜਾਣਾ। ਆਪਣੇ ਪਰਮਾਤਮਾ ਰੂਪ ਵਿਚ ਸਮਾਉਣਾ ਹੈ।"



Sri Satguru Jagjit Singh Ji eLibrary NamdhariElibrary@gmail.com

## 13 ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਨਿਕਲੇ ਆਖ਼ਰੀ ਬਚਨ

### *ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਨਿਕਲੇ ਆਖ਼ਰੀ ਬਚਨ ਦੱਸੋ।*

ਗੁਰੂ ਮਹਾਰਾਜ ਨੇ ਜੋ ਅੰਤਮ ਬਚਨ ਕੀਤੇ, ਸਾਡੀ ਖ਼ੁਸ਼-ਕਿਸਮਤੀ ਨੂੰ ਉਨ੍ਹਾਂ ਦੇ ਹੀ ਪੋਤਰੇ ਬਾਬਾ ਸੁੰਦਰ ਜੀ ਨੇ ਲਿਖ ਲਏ ਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ *ਸਦੁ* ਦੇ ਸਿਰਲੇਖ ਹੇਠਾਂ ਦਰਜ ਕਰ ਦਿੱਤੇ।

ਆਪ ਜੀ ਨੇ ਫ਼ਰਮਾਇਆ :

"ਇਹ ਸਭ ਹੁਕਮ ਦੀ ਖੇਡ ਹੈ। ਪ੍ਰਭੂ ਦਾ ਭਾਣਾ ਹੈ। ਉਸਦਾ ਸੱਦਾ ਆਉਣ ਤੇ ਕੋਈ ਨਹੀਂ ਰਹਿ ਸਕਦਾ। ਅਸਲ ਵਿਚ ਉਹ ਹੀ ਪੁਰਖ ਕਹਿਲਾਉਣ ਦਾ ਹੱਕਦਾਰ ਹੈ, ਉਹ ਹੀ ਭਗਤ ਹੈ, ਉਹ ਹੀ ਸਤਿਗੁਰ ਪੂਰਾ ਹੈ ਜਿਸ ਨੂੰ ਰੱਬ ਦਾ ਭਾਣਾ ਮਿੱਠਾ ਲੱਗਦਾ ਹੈ। ਉਸ ਅੰਦਰ ਅਨੰਦ ਦੇ ਵਾਜੇ ਵੱਜਦੇ ਹਨ। ਅਕਾਲ ਪੁਰਖ ਆਪੂੰ ਗੱਲ ਲਗਾਉਂਦਾ ਹੈ :

> "ਭਗਤੁ ਸਤਿਗੁਰੁ ਪੁਰਖੁ ਸੋਈ,
> ਜਿਸੁ ਹਰਿ ਪ੍ਰਭ ਭਾਣਾ ਭਾਵਏ॥
> ਆਨੰਦ ਅਨਹਦ ਵਜਹਿ ਵਾਜੇ,
> ਹਰਿ ਆਪਿ ਗਲਿ ਮੇਲਾਵਏ॥"

***ਪਹਿਲੀ ਗੱਲ,*** ਇਹ ਮੈਨੂੰ ਮੂਲੋਂ ਹੀ ਚੰਗਾ ਨਹੀਂ ਲੱਗਦਾ ਕਿ ਕੋਈ ਪਿਛੋਂ ਰੋਵੇ। ਮੈਨੂੰ ਤਾਂ ਸਗੋਂ ਸਿਰਪਾਉ ਮਿਲ ਰਿਹਾ ਹੈ। ਸਿਰਪਾਉ ਮਿਲਣ ਤੇ ਤੁਹਾਨੂੰ ਪ੍ਰਸੰਨ ਹੋਣਾ ਚਾਹੀਦਾ ਹੈ ਕਿ ਸੋਗੀ :

> "ਮਤ ਮੈ ਪਿਛੈ ਕੋਈ ਰੋਵਸੀ,
> ਸੋ ਮੈ ਮੂਲਿ ਨਾ ਭਾਇਆ॥
> ਮਿਤੁ ਪੈਝੈ, ਮਿਤੁ ਬਿਗਸੈ,
> ਜਿਸੁ ਮਿਤ ਕੀ ਪੈਜ ਭਾਵਏ।
> ਤੁਸੀ ਵੀਚਾਰਿ ਦੇਖਹੁ ਪੁਤ ਭਾਈ,
> ਹਰਿ ਸਤਿਗੁਰੂ ਪੈਨਾਵਏ।"

***ਦੂਜੇ,*** ਪਿੱਛੋਂ ਨਿਰੋਲ ਕੀਰਤਨ ਕਰਨਾ। ਹਰੀ ਦੀ ਹੀ ਕਥਾ ਕਰਨੀ। ਕੋਈ ਪਿੰਡ ਨ ਭਰਣਾ। ਪਤਲ ਨ ਤਾਰਣਾ। ਦੀਵਾ ਨਾ ਬਾਲਣਾ। ਫੁਲ ਨ ਚੁਗਣੇ। ਮੈਨੂੰ ਵੱਡਾ ਵੀ ਨਾਂਹ ਕਰਨਾ। (ਜੇ ਕੋਈ ਲੰਮੀ ਉਮਰ ਭੋਗ ਕੇ ਗੁਜ਼ਰੇ ਤਾਂ ਉਸ ਦੇ ਪੋਤਰੇ ਜਾਂ ਪੜਪੋਤੇ ਮ੍ਰਿਤਕ ਦੇਹ 'ਤੇ ਚੌਰ ਕਰਦੇ ਜਾਂਦੇ ਹਨ, ਐਸਾ ਨਹੀਂ ਕਰਨਾ) ਕੀਰਤਨ ਕਰਦੇ ਰਹਿਣਾ।



Sri Satguru Jagjit Singh Ji eLibrary NamdhariElibrary@gmail.com

ਗੁਰਸਿੱਖਾਂ ਨੇ ਪ੍ਰਸੰਨਤਾ ਨਾਲ ਮੰਨ ਲਿਆ। ਸਿਰ ਝੁਕਾ ਦਿੱਤਾ।

ਸਤਿਗੁਰ ਪੁਰਖੁ ਜਿ ਬੋਲਿਆ,
ਗੁਰਸਿਖਾ ਮੰਨਿ ਲਈ ਰਜਾਇ ਜੀਉ॥

ਜਦ ਆਪ ਜੀ ਨੇ ਸੱਚ ਖੰਡ ਪਯਾਨਾ ਕੀਤਾ ਤਾਂ ਲੋਕੀਂ ਇਹ ਕੌਤਕ ਦੇਖ ਅਸਚਰਜ ਹੋਏ ਕਿ ਸੂਰਜ ਦਾ ਤੇਜ ਮੰਦ ਪੈ ਗਿਆ ਹੈ। ਇਕ ਹੋਰ ਹੀ ਪ੍ਰਕਾਰ ਦਾ ਤੇਜ ਗੋਇੰਦਵਾਲ ਗਿਰਦ ਛਾ ਗਿਆ ਸੀ।

"ਸੂਰਜ ਤੇਜ ਮੰਦ ਪਰ ਗਇਉ॥
ਅਨਿਕ ਪ੍ਰਕਾਸ਼ ਅਪਰ ਬਿਧਿ ਭਇਉ॥"

ਸਾਰਾ ਵਾਤਾਵਰਣ ਸੁਗੰਧਿਤ ਹੋ ਗਿਆ ਅਤੇ ਇੰਝ ਪ੍ਰਤੀਤ ਹੋਵੇ ਕਿ ਮੱਧੁਰ-ਮੱਧੁਰ ਸੰਗੀਤ ਚੱਲ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

## 14 ਵਾਤਾਵਰਨ ਗੋਇੰਦਵਾਲ ਦਾ

### *ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਗੋਇੰਦਵਾਲ ਦਾ ਵਾਤਾਵਰਣ ਕੀ ਸੀ?*

ਜੋਤੀ ਜੋਤ ਸਮਾਉਣ ਵੇਲੇ ਗੁਰੂ ਰਾਮਦਾਸ ਜੀ ਨੇ ਦੂਰੋਂ ਹੀ ਗੁਰੂ ਅਰਜਨ ਜੀ ਅੱਗੇ ਸਿਰ ਝੁਕਾਇਆ। ਆਪ ਜੀ ਦੇ ਪਾਵਨ ਚਿਹਰੇ ਵੱਲ ਸੰਗਤਿ ਟਿਕਟਿਕੀ ਲਗਾਈ ਦੇਖ ਰਹੀ ਸੀ। ਇੰਝ ਪਿਆ ਲੱਗੇ ਕਿ ਲੀਨ ਹੋ ਰਹੇ ਹਨ ਜਿਵੇਂ ਜਲ ਵਿਚ ਜਲ, ਅਗਨ ਵਿਚ ਅਗਨ ਤੇ ਪਉਣ ਆਕਾਸ਼ ਵਿਚ ਸਹਿਜੇ ਸਮਾ ਜਾਂਦੀ ਹੈ।

ਤਬ ਅਦਭੁਤ ਚਲਤ ਦਿਆਲ ਗੁਰ ਕੀਨ॥
ਜੋਤ ਮਾਹਿ ਜੋਤ ਭਈ ਲੀਨ॥
ਐਸੇ ਜਲ ਮਹਿ ਜਲ ਮਿਲ ਜਾਇ॥
ਅਗਨ ਮਹਿ ਜਿਉਂ ਅਗਨ ਸਮਾਇ॥
ਜਿਮ ਅਕਾਸ ਪਵਨ ਹੋਇ ਲੀਨ॥
ਅਚਰਜ ਲੀਲਾ ਸਤਿਗੁਰ ਕੀਨ॥

ਉਧਰ ਗੁਰ-ਜੋਤੀ ਜੋਤ ਵਿਚ ਸਮਾ ਰਹੀ ਹੈ, ਇਧਰ ਗੋਇੰਦਵਾਲ ਵਿਖੇ ਚਾਰੇ ਪਾਸੇ ਵਾਤਾਵਰਣ ਸੁਗੰਧਿਤ ਹੋਈ ਜਾ ਰਿਹਾ ਸੀ। ਆਕਾਸ਼ ਗੁਲਾਬੀ ਭਾ ਮਾਰਨ ਲੱਗ ਪਿਆ ਸੀ। ਹਵਾ ਰੁਮਕਦੀ ਜੈ ਜੈ ਦੀ ਆਵਾਜ਼ ਕੱਢ ਰਹੀ ਸੀ। ਇਤਨੀ ਖੁਸ਼ਬੂ ਫੈਲੀ ਕਿ ਇੰਝ ਪਿਆ ਲੱਗੇ ਕਿ ਕੋਈ ਫੁੱਲਾਂ ਦੀ ਵਰਖਾ ਕਰ ਰਿਹਾ ਹੈ।

ਸਸਕਾਰ ਗੋਇੰਦਵਾਲ ਬਿਆਸ ਦੇ ਕਿਨਾਰੇ ਹੀ ਕੀਤਾ ਗਿਆ।


Sri Satguru Jagjit Singh Ji eLibrary NamdhariElibrary@gmail.com

## 15

# ਸ਼ਹੀਦੀ ਵੇਲੇ ਵਾਕ

**ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਹੋਣ ਵੇਲੇ ਬਾਣੀ ਦੀ ਆਖ਼ਰੀ ਤੁੱਕ ਉਨ੍ਹਾਂ ਦੇ ਮੁੱਖ ਵਿਚ ਕੀ ਸੀ?**

ਜਦ ਗੁਰੂ ਅਰਜਨ ਦੇਵ ਜੀ ਲਾਹੌਰ ਰਵਾਨਾ ਹੋਏ ਤਾਂ ਉਹਨਾਂ ਪਹਿਲਾਂ ਹੀ ਭਵਿੱਖ ਵਾਕ ਕਰ ਦਿੱਤੇ ਸਨ :

ਸਾਡਾ ਲਗੇਗਾ ਸੀਸ
ਇਹ ਨਿਸ਼ਚਾ ਆਇਆ।
ਅਸਾਂ ਹੋਆ ਤੁਰਕਾਂ ਵਿਚ ਜਾਣਾ
ਉਨ੍ਹਾਂ ਕਰਣੀ ਹੈ ਹੁੱਜਤ,
ਸਰੀਰ ਹੈ ਛੁੱਟਣਾ, ਸੰਸਾ ਨਹੀਂ ਕੋਈ,
ਰਜਾਇ ਖਾਵੰਦ ਦੀ ਹੈ, ਇਸ ਤਰ੍ਹਾਂ ਹੋਈ।

ਤਸੀਹੇ ਦੇਣ ਉਪ੍ਰੰਤ ਸ਼ਹੀਦ ਕਰਨ ਲਈ ਦਰਿਆ ਰਾਵੀ ਵਿਚ ਰੋੜ੍ਹੇ ਜਾਣ ਵੇਲੇ ਗੁਰੂ ਅਰਜਨ ਦੇਵ ਜੀ ਦੇ ਮੁੱਖ 'ਤੇ ਤੁੱਕ ਸੀ :

ਸੁਣੀ ਅਰਦਾਸਿ ਸੁਆਮੀ ਮੇਰੇ,
ਸਰਬ ਕਲਾ ਬਣਿ ਆਇ॥
ਪ੍ਰਗਟ ਭਈ ਸਗਲੇ ਜੁਗ ਅੰਤਰਿ,
ਗੁਰ ਨਾਨਕ ਕੀ ਵਡਿਆਈ॥ (ਸੋਰਠਿ ਮਹਲਾ ੫)

ਇਹ ਹੀ ਤੁੱਕ ਪਿਛੋਂ ਡੇਹਰਾ ਸਾਹਿਬ ਦੀ ਉਸਾਰੀ ਵੇਲੇ ਸਿੱਖਾਂ ਨੇ ਡੇਹਰਾ ਸਾਹਿਬ ਵਿਖੇ ਉਕਰ ਵੀ ਦਿੱਤੀ।

ਗੁਰੂ ਅਰਜਨ ਦੇਵ ਜੀ ਇਹ ਦਰਸਾ ਰਹੇ ਸਨ ਕਿ ਉਨ੍ਹਾਂ ਦੀ ਸ਼ਹਾਦਤ ਨਾਲ ਗੁਰੂ ਨਾਨਕ ਦੇਵ ਜੀ ਦੇ ਅਸੂਲਾਂ ਅਤੇ ਆਦਰਸ਼ਾਂ ਦੀ ਵਡਿਆਈ ਸਾਰੇ ਜੱਗ 'ਤੇ ਉਜਾਗਰ ਹੋ ਗਈ ਹੈ।


Sri Satguru Jagjit Singh Ji eLibrary NamdhariElibrary@gmail.com

## 16

# ਰੁਬਾਈ ਤੇ ਤੁਕ

**_ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਸਮਕਾਲੀ ਮੁਹਸਨ ਫ਼ਾਨੀ ਨੇ ਕੀ ਰੁਬਾਈ ਲਿਖੀ? ਗੁਰੂ ਜੀ ਦੇ ਮੁੱਖ 'ਤੇ ਬਾਣੀ ਦੀ ਤੁਕ ਕੀ ਸੀ?_**

ਮੁਹਸਨ ਫ਼ਾਨੀ ਨੇ ਗੁਰੂ ਹਰਿਗੋਬਿੰਦ ਜੀ ਦੀ ਅਜ਼ਮਤ ਦ੍ਰਿੜ੍ਹਾਉਣ ਲਈ ਸਮੇਂ ਦੇ ਪ੍ਰਸਿੱਧ ਕਵੀ ਦੌਲਤ ਖ਼ਾਨ ਕਾਕਸਲ ਦੀ ਰੁਬਾਈ ਲਿਖੀ ਜਿਸਦਾ ਭਾਵ ਸੀ ਕਿ ਗੁਰੂ ਹਰਿਗੋਬਿੰਦ ਜੀ ਸਭ ਜੀਆਂ ਦੇ ਪਿਆਰੇ ਸਨ। ਸੰਗਤਾਂ ਵੀ ਜਾਨ ਵਾਰ ਅਨੰਦ ਨੂੰ ਪਾਂਦੀਆਂ ਸਨ। ਕੋਈ ਵਿਰਲਾ ਹੁੰਦਾ ਹੈ ਜਗ ਅੰਦਰ ਜਿਸ ਨੂੰ ਅਗਲੇ ਦਾ ਮਨ ਲੈਣ ਦਾ ਵੱਲ ਵੀ ਆਉਂਦਾ ਹੋਵੇ ਤੇ ਫਿਰ ਸਾਂਭ ਰੱਖਣ ਦਾ। ਰੁਬਾਈ ਦੇ ਫ਼ਾਰਸੀ ਦੇ ਸ਼ਬਦ ਹਨ :

ਅਜ਼ ਸਦ ਸੁਖਨੇ ਪੀਰਮ,
ਯਕ ਹਰਫ਼ ਮਰਾ ਯਾਦਸ਼ਤ।
ਆਲਮ ਨ ਸ਼ਵਦ ਵੀਰਾਂ,
ਤ ਮੈ-ਕਦਾ ਆਬਾਦਸਤ।
ਤਾਂ ਜਾਂ ਕਿ ਤਵਾਨਦ ਦਾਦ,
ਤਾਂ ਦਿਲ ਕਿ ਤਵਾਨਦ ਬੁਰਦ।
ਜਾਂ ਦਾਦਨ ਵ ਦਿਲ ਬੁਰਦਨ ਈਂ,
ਹਰ ਦੋ ਖ਼ੁਦਾ ਦਾਦ ਅਸਤ।

ਇਸ ਦਾ ਅਰਥ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ :

ਮੁਰਸ਼ਦਿ ਦੇ ਸੌ ਸੁਖਨਾਂ ਵਿਚੋਂ,
ਇਕ ਹੈ ਮੈਨੂੰ ਯਾਦ ਰਹਿਆ।
ਜਗ ਜੀਵਨ ਨ ਹੋਵੈ ਜੇ ਕਰ,
ਮੈ ਖ਼ਾਨਾ ਆਬਾਦ ਰਹਿਆ।
ਜੇਕਰ ਜਿੰਦ ਦੇ ਸਕੇ ਕੋਈ,
ਦਿਲ ਕੋਈ ਲੈ ਸਕਣ ਨੂੰ,
ਜਿੰਦ ਦੇਣਾ ਤੇ ਦਿਲ ਲੈ ਲੈਣਾ,
ਦੋਵੇਂ ਰੱਬ ਦੀ ਦਾਤ ਰਹਿਆ।

ਆਪ ਜੀ ਦੇ ਮੁੱਖ 'ਤੇ ਜੋਤੀ ਜੋਤਿ ਸਮਾਉਣ ਵੇਲੇ ਮਾਰੂ ਰਾਗ ਮਹਲਾ ਪੰਜਵਾਂ ਦੀ ਅਸ਼ਟਪਦੀ ਦੀਆਂ ਇਹ ਤੁਕਾਂ ਸਨ :



Sri Satguru Jagjit Singh Ji eLibrary NamdhariElibrary@gmail.com

ਚਾਦਨਾ ਚਾਦਨੁ ਆਂਗਨਿ,
ਪ੍ਰਭ ਜੀਉ ਅੰਤਰਿ ਚਾਦਨਾ॥ ੧॥
ਆਰਾਧਨਾ ਅਰਾਧਨੁ ਨੀਕਾ,
ਹਰਿ ਹਰਿ ਨਾਮੁ ਅਰਾਧਨਾ॥ ੨॥
ਤਿਆਗਨਾ ਤਿਆਗਨੁ ਨੀਕਾ,
ਕਾਮੁ ਕ੍ਰੋਧੁ ਲੋਭੁ ਤਿਆਗਨਾ॥ ੩॥
ਮਾਗਨਾ ਮਾਗਨੁ ਨੀਕਾ,
ਹਰਿ ਜਸੁ ਗੁਰ ਤੇ ਮਾਗਨਾ॥ ੪॥
ਜਾਗਨਾ ਜਾਗਨੁ ਨੀਕਾ,
ਹਰਿ ਕੀਰਤਨ ਮਹਿ ਜਾਗਨਾ॥ ੫॥
ਲਾਗਨਾ ਲਾਗਨੁ ਨੀਕਾ,
ਗੁਰ ਚਰਣੀ ਮਨੁ ਲਾਗਨਾ॥ ੬॥
ਇਹ ਬਿਧਿ ਤਿਸਹਿ ਪਰਾਪਤੇ,
ਜਾ ਕੈ ਮਸਤਕਿ ਭਾਗਨਾ॥ ੭॥
ਕਹੁ ਨਾਨਕ ਤਿਸੁ ਸਭੁ ਕਿਛ ਨੀਕਾ,
ਜੋ ਪ੍ਰਭ ਕੀ ਸਰਨਾਗਨਾ॥ ੮॥ (ਮਾਰੂ ਮ: ੫, ਘਰ ੪)

## 17 ਉਪਦੇਸ਼ ਤਖ਼ਤ 'ਤੇ ਬੈਠਣ ਵੇਲੇ

***ਗੁਰੂ ਹਰਿਰਾਇ ਜੀ ਨੇ ਤਖ਼ਤ 'ਤੇ ਬੈਠਣ ਵੇਲੇ ਸਿੱਖਾਂ ਨੂੰ ਜੋ ਉਪਦੇਸ਼ ਦਿੱਤਾ, ਉਸ ਦਾ ਸਾਰ ਲਿਖੋ।***

ਤਖ਼ਤ 'ਤੇ ਬੈਠਦੇ ਹੀ ਗੁਰੂ ਹਰਿਰਾਇ ਜੀ ਨੇ ਫ਼ਰਮਾਇਆ :

***ਯਕੀਨ ਦੇ ਘਰ ਰਹੋ।*** ਸਤਿਨਾਮੁ ਜਪੋ।

ਕਾਮ ਕ੍ਰੋਧ ਦੇ ਨੇੜੇ ਨਾ ਜਾਉ, ਇਹ ਹੀ ਕਾਇਆਂ ਨੂੰ ਗਾਲਦਾ ਹੈ। ਮਾੜੇ ਕੰਮਾਂ ਤੋਂ ਪ੍ਰਹੇਜ਼ ਕਰੋ। ਸ਼ੁਭ ਕਰਮਨ ਤੇ ਕਦੇ ਨਾ ਟਰੋ। ਚੋਰੀ ਕਦੇ ਨਾ ਕਰਨੀ। ਸੁੱਚੀ ਕਿਰਤ ਰੱਖੋ। ਨਿੱਕੀ-ਨਿੱਕੀ ਗੱਲ 'ਤੇ ਝਗੜੇ ਨਹੀਂ ਪਾਉਣੇ। ਮੰਦਾ ਕਿਸੇ ਨੂੰ ਨਾ ਆਖੋ, ਦਿਲ ਦੁਖਾਉਣਾ ਹਰਾਮ ਜਾਣੋ।

***ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।***

ਘਰ ਵਿਚ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ। ਮਨੁੱਖਾ ਦੇਹ ਦੁਰਲੱਭ ਹੈ। ਵਿਸ਼ੇ-ਵਿਕਾਰ ਵਿਚ ਪੈ ਕੇ ਜੀਵਨ ਦੀ ਬਾਜ਼ੀ ਨਾ ਹਾਰੋ।

ਖ਼ੁਦਗ਼ਰਜ਼ੀ ਛੱਡੋ। ਪਰ-ਸਵਾਰਥ ਦਾ ਜੀਵਨ ਜੀਓ। ਆਤਮ-ਵਿੱਦਿਆ ਪ੍ਰਾਪਤ ਕਰੋ। ਸੰਤਾਂ ਦੀ ਸੰਗਤਿ ਢੂੰਡ ਕੇ ਵੀ ਕਰੋ।

ਮੱਤ ਉੱਚੀ ਰਖੋ। ਪਰਮਾਤਮਾ ਹੀ ਸਤਿ ਚਿਤ ਅਨੰਦ ਹੈ। ਸੰਸਾਰ ਪਾਰ ਕਰਨ ਦਾ ਜਹਾਜ਼ ਸਾਧ ਸੰਗਤਿ ਹੈ।

**'ਪਾਵਨ ਪੋਤ ਗੁਰੂ ਸਤਿ ਸੰਗਤਿ'**

ਨਾਮ ਜਪਣਾ ਹੀ ਵੱਡਾ ਕਰਮ ਹੈ।

ਗਿਆਨ ਪ੍ਰਾਪਤ ਕਰਨਾ ਹੀ ਧਿਆਨ ਹੈ।

ਕਿਰਤ ਵਿਚੋਂ ਦਸਵੰਧ ਕੱਢੋ।

ਜੀਵਨ ਵਾਸ਼ਨਾ ਰਹਿਤ ਗੁਜ਼ਾਰਨਾ ਹੀ ਵੱਡੀ ਬਰਕਤ ਹੈ :

'ਚਿਤ ਕੀ ਬ੍ਰਿਤੀ ਅੰਤਰ ਨੇਹੁ ਟਿਕਾਈ।'

ਨਿਸ਼ਚਾ ਰੱਖੋ ਤੇ ਵੈਰਾਗੀ ਰਹੋ।

ਇਹ ਉਪਦੇਸ਼ ਦੇ ਕੇ ਫਿਰ ਭਾਈ ਗੁਰਦਾਸ ਜੀ ਦੀ ੨੪ਵੀਂ ਵਾਰ ਦੀ ੧੫ਵੀਂ ਪਉੜੀ ਸੁਣਾਈ :

**ਪਿਛਲ ਰਾਤੀ ਜਾਗਣਾ, ਨਾਮਦਾਨ ਇਸ਼ਨਾਨ ਦ੍ਰਿੜ੍ਹਾਏ।**
**ਮਿੱਠਾ ਬੋਲਣ, ਨਿਵ ਚੱਲਣ, ਹਥਹੁ ਦੇ ਕੇ ਭਲਾ ਮਨਾਏ।**
**ਥੋੜਾ ਸਵਣਾ, ਖਾਵਨਾ, ਥੋੜਾ ਬੋਲਣ ਗੁਰਮਤਿ ਪਾਏ।**



Sri Satguru Jagjit Singh Ji eLibrary NamdhariElibrary@gmail.com

ਘਾਲਿ ਖਾਇ ਸੁਕ੍ਰਿਤ ਕਰੇ, ਵੱਡਾ ਹੋਇ ਨ ਆਪ ਗਣਾਏ।
ਸਾਧ ਸੰਗਤਿ ਮਿਲ ਗਾਂਵਦੇ,
ਰਾਤ ਦਿਹੈ ਨਿਤ ਚਲਿ ਚਲਿ ਜਾਏ।
ਸ਼ਬਦ ਸੁਰਤਿ ਪਰਚਾ ਕਰੈ, ਸਤਿਗੁਰ ਪਰਚੈ ਮਨ ਪਰਚਾਏ।
ਆਸਾ ਵਿਚ ਨਿਰਾਸ ਵਿਲਾਏ। ੧੫।

# 18 ਮਾਤਾ ਜੀ ਅਤੇ ਸੰਗਤ ਨੂੰ ਕਹੇ ਬਚਨ

**ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਮਾਤਾ ਜੀ ਨੂੰ ਕੀ ਕਿਹਾ ਸੀ? ਸੰਗਤ ਨੂੰ ਕੀ ਹੁਕਮ ਹੋਏ ਸਨ?**

ਮਾਤਾ ਜੀ ਨੂੰ, ਜਦ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਦਾ ਵੇਲਾ ਆ ਗਿਆ ਹੈ, ਦੇ ਬਚਨ ਆਖੇ ਤਾਂ ਮਾਤਾ ਜੀ ਨੇ ਹੱਥ ਜੋੜ ਗੁਰੂ ਜੀ ਅੱਗੇ ਬੇਨਤੀ ਕੀਤੀ :

"ਤੁਸੀਂ ਗੁਰੂ ਨਾਨਕ ਜੀ ਦੀ ਗੱਦੀ 'ਤੇ ਬੈਠ ਕੇ ਅਨੰਦ ਵੰਡ ਰਹੇ ਸਾਓ, ਹੁਣ ਇਹ ਇਤਨੀ ਛੇਤੀ ਨਿਰਣਾ ਕਿਉਂ ਲਿਆ ਜੇ। ਜਿਸ ਵੱਲ ਵੀ ਤੁਹਾਡੀ ਦ੍ਰਿਸ਼ਟੀ ਪੈਂਦੀ ਸੀ, ਉਸਦੇ ਦੁੱਖ ਦੂਰ ਹੋ ਜਾਂਦੇ ਸਨ। ਜਿਸ ਦ੍ਰਿੜ੍ਹਤਾ ਤੇ ਖ਼ੂਬੀ ਨਾਲ ਤੁਸੀਂ ਗੁਰੂ ਜੋਤ ਦਾ ਪ੍ਰਕਾਸ਼ ਕਰ ਰਹੇ ਸਾਓ, ਸਭ ਧੰਨ-ਧੰਨ ਆਖ ਰਹੇ ਹਨ। ਇਸ ਤਰ੍ਹਾਂ ਨਾ ਵਿਚਾਰੋ। ਤੁਸੀਂ ਜਾਣਦੇ ਹੀ ਹੋ ਕਿ ਸੋਢੀ ਸਭ ਝਗੜਾਲੂ ਹਨ। 'ਸੋਢੀ ਸਭ ਸ਼ਰੀਕ ਹੈ ਬਾਦੀ'। ਉਹ ਪਿਛੋਂ ਬਹੁਤ ਖਰੂਦ ਮਚਾਉਣਗੇ।"

ਗੁਰੂ ਜੀ ਨੇ ਧੀਰਜ ਦੇਂਦੇ ਫ਼ਰਮਾਇਆ :

"ਮਾਤਾ ਜੀ, ਇਹ ਸਭ ਵਿਧਾਤਾ ਦੇ ਲਿਖੇ ਅਨੁਸਾਰ ਹੋ ਰਿਹਾ ਹੈ। ਉਸੇ ਨੇ ਉਘੜਨਾ ਹੈ। ਗੁਰੂ ਨਾਨਕ ਦੀ ਗੱਦੀ ਨੂੰ ਕੋਈ ਖਾਇਕ ਹਿਲਾ ਨਹੀਂ ਸਕਦਾ। ਇਹ ਸੁੱਚੀ ਖਰੀ ਗੱਦੀ ਹੈ ਅਤੇ ਸੁੱਖ ਵੰਡਦੀ ਰਹੇਗੀ :

**"ਅਬਚਲ ਨੀਵ ਹੈ ਗੁਰ ਕੇਰੀ॥**
**ਰਹੈ ਸਦਾ ਦਿਢ ਸੁਖਦ ਬਡੇਰੀ॥"** (ਗੁਰ ਪ੍ਰਤਾਪ ਸੂਰਜ ਗ੍ਰੰਥ)

ਫਿਰ ਫ਼ਰਮਾਇਆ : ਤੁਸੀਂ ਤਾਂ ਮੇਰੀ ਮਾਂ ਹੋ। ਤੁਹਾਨੂੰ ਤਾਂ ਘੱਟ ਤੋਂ ਘੱਟ ਹੋਰਨਾਂ ਵਾਂਗ ਨਹੀਂ ਸੋਚਣਾ ਚਾਹੀਦਾ। ਤੁਹਾਨੂੰ ਤਾਂ ਸਗੋਂ ਰਜ਼ਾ ਜਾਣ ਹੋਰਨਾਂ ਨੂੰ ਸਮਝਾਉਣਾ ਚਾਹੀਦਾ ਹੈ। ਜਗਤ ਰਚਨਾ ਪਾਜ ਵਾਲੀ ਹੈ। ਖੇਲ ਤਮਾਸ਼ਾ ਦਿਨ ਚਾਰ ਹੈ। ਸੰਸਾਰ ਨਾਸ਼ਵਾਨ ਹੈ। ਇਸ ਦੇ ਪ੍ਰੀਤੀ ਕਰਨ ਨਾਲ ਕਦੇ ਕਿਸੇ ਨੂੰ ਸੁੱਖ ਨਹੀਂ ਮਿਲਿਆ। ਇਹ ਦਿੱਸਦਾ ਜਗਤ ਤਾਂ ਹਰੀ ਚੰਦੋਰੀ ਨਗਰੀ (ਛਲਾਵਾ) ਬਾਦਲ ਦੀ ਛਾਈ, ਬਾਜੀਗਰ ਦੀ ਪਾਈ ਮਾਇਆ ਵਾਂਗ ਹੈ। 'ਬਾਜੀ ਖੇਲ ਗਏ ਜਿਉਂ ਬਾਜੀਗਰ।' ਜੋ ਵੀ ਇਸ ਦਿਸਦੇ ਸੰਸਾਰ ਨੂੰ ਸੱਚਾ ਸਮਝ ਪਕੜਨਾ ਚਾਹੇਗਾ, ਖ਼ੁਆਰ ਹੋਵੇਗਾ। ਨਦੀ ਦੇ ਪ੍ਰਵਾਹ ਵਾਂਗ ਜੀਵਨ ਹੈ। ਇਹ ਹੀ ਪ੍ਰਭੂ ਦੀ ਖੇਡ ਹੈ :

**"ਉਪਜਨਿ ਬਿਨਸਨਿ ਕਾਰ ਹਮੇਸ਼।**
**ਸਭ ਕੇ ਸੀਸ ਠਟੀ ਜਗ ਤੇਸ਼।"**



Sri Satguru Jagjit Singh Ji eLibrary NamdhariElibrary@gmail.com

ਸੰਗਤਾਂ ਨੇ ਇਹ ਬੇਨਤੀ ਕੀਤੀ ਸੀ ਕਿ :

"ਕਿਸ ਆਗੈ ਹਮ ਮਸਤਕ ਟੇਕੇਂ।
ਕੋ ਉਪਦੇਸ਼ ਦਾਸ ਬਿਬੇਕੇਂ।"

ਗੁਰੂ ਹਰਿਕ੍ਰਿਸ਼ਨ ਜੀ ਨੇ ਫ਼ਰਮਾਇਆ ਸੀ :

ਗੁਰੂ ਗ੍ਰੰਥ ਹੈ ਪ੍ਰਿਥਮ ਬਿਖਾਨਾ।
ਸਤਿਨਾਮ ਮਹਿਮਾ ਮਹਾਨਾ।

□□

# 19 ਕਸ਼ਮੀਰੀ ਪੰਡਤਾਂ ਦੀ ਪੁਕਾਰ

***ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਤਾਂ ਨੇ ਕ੍ਰਿਪਾ ਰਾਮ ਦੀ ਅਗਵਾਈ ਹੇਠਾਂ ਕੀ ਬੇਨਤੀ ਕੀਤੀ ਅਤੇ ਆਪ ਦਾ ਉਸ ਵੇਲੇ ਕੀ ਉੱਤਰ ਸੀ?***

ਪੰਡਤ ਕ੍ਰਿਪਾ ਰਾਮ ਦੀ ਅਗਵਾਈ ਹੇਠਾਂ ਕਸ਼ਮੀਰੀ ਪੰਡਤਾਂ ਨੇ ਅਨੰਦਪੁਰ ਪੁੱਜ ਇਹ ਅਰਜ਼ੋਈ ਕੀਤੀ ਸੀ :

'ਬਾਹਿ ਸਾਡੀ ਪਕੜੀਏ ਗੁਰੂ ਹਰਿਗੋਬਿੰਦ ਕੇ ਚੰਦ।'

ਇਹ ਵੀ ਕਹਿਆ :

ਸਾਡਾ ਬਲ ਛੁਟਿਕ ਗਿਆ ਹੈ।

ਅੱਗੇ ਤੁਸਾਂ ਹਾਥੀ ਨੂੰ ਤੰਦੂਏ ਦੀ ਜਕੜ ਵਿਚੋਂ ਛਡਾਇਆ ਸੀ। ਦਰੋਪਤੀ ਦੀ ਲਾਜ ਭਰੀ ਸਭਾ ਵਿਚ ਰੱਖੀ ਸੀ।

ਸੁਦਾਮੇ ਦੀ ਜੂਨ ਹੀ ਸਵਾਰ ਦਿੱਤੀ ਸੀ। ਤੁਸੀਂ ਹੈ ਤਾਂ ਗੁਰੂ ਨਾਨਕ ਦੇਵ ਜੀ ਦੇ ਰੂਪ ਹੋ ਪਰ ਸਾਡੇ ਲਈ ਕਲਜੁਗ ਵਿਚ ਕ੍ਰਿਸ਼ਨ ਨਿਆਈਂ ਹੋ। ਤੁਹਾਡੀ ਸ਼ਰਨ ਆਏ ਹਾਂ। ਹੋਰ ਕੋਈ ਆਸਰਾ ਨਹੀਂ।

ਰਾਜ ਕੇ ਬੰਧਨ ਕਾਟਨ ਹਾਰੇ।
ਤੁਮ ਗੁਰੂ ਨਾਨਕ ਹੈ ਅਵਤਾਰੇ।
**ਜਿਮ ਦਰੋਪਦੀ ਰਾਖੀ ਲਾਜ।**
**ਦਿਯੋ ਸਵਾਰ ਸੁਦਾਮੈ ਕਾਜ।**
ਫ਼ਿਰਤ ਫ਼ਿਰਤ ਪ੍ਰਭ ਆਏ ਥਾਰੈ।
ਥਾਕ ਪਰੈ ਹਉ ਤਉ ਦਰਬਾਰੈ।
ਸੇਵਾ ਹਰੀ ਇਮ ਅਰਜ਼ ਗੁਜ਼ਾਰੀ।
ਤੁਮ ਕਲਜੁਗ ਕੇ ਕ੍ਰਿਸ਼ਨ ਮੁਰਾਰੀ। ੩੫। (ਸ਼ਹੀਦ ਬਿਲਾਸ)

ਤਾਂ ਗੁਰੂ ਤੇਗ ਬਹਾਦਰ ਜੀ ਦੇ ਵਾਕ ਹੋਏ ਸਨ :

ਚਿਤ ਚਰਨ ਕਮਲ ਕਾ ਆਸਰਾ,
ਚਿਤ ਚਰਨ ਕਮਲ ਸੰਗ ਜੋੜੀਐ॥
ਮਨ ਲੋਚੇ ਬੁਰਿਆਈਆਂ,
ਗੁਰ ਸ਼ਬਦੀ ਇਹ ਮਨ ਹੋੜੀਐ॥
**ਬਾਹਿ ਜਿਨ੍ਹਾਂ ਦੀ ਪਕੜੀਐ,**
**ਸਿਰ ਦੀਜੈ ਬਾਹਿ ਨ ਛੋੜੀਐ॥**
ਤੇਗ ਬਹਾਦਰ ਬੋਲਿਆ,
ਧਰ ਪਈਐ ਧਰਮ ਨ ਛੋੜੀਐ॥ (ਭੱਟ ਚਾਂਦ)



Sri Satguru Jagjit Singh Ji eLibrary NamdhariElibrary@gmail.com

# 20 ਹੁਕਮ ਦਸਮ ਪਿਤਾ ਜੋਤੀ ਜੋਤਿ ਸਮਾਉਣ ਵੇਲੇ

## *ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ ਕੀ ਹੁਕਮ ਕੀਤੇ ?*

ਅਮਰ ਨਾਮਾ ਦੇ ਕਹਿਣ ਅਨੁਸਾਰ ਜਦ ਗੁਰੂ ਗੋਬਿੰਦ ਸਿੰਘ ਜੀ ਦਾ ਇਰਾਦਾ ਜਹਾਨ ਤੋਂ ਕੂਚ ਕਰਨ ਦਾ ਹੋ ਗਿਆ ਤਾਂ ਪਹਿਲਾ ਵਾਕ ਇਹ ਕੀਤਾ ਸੀ ਕਿ ਸਿੰਘਾਂ ਵਿਚ ਇਤਨੀ ਸ਼ਕਤੀ ਭਰੀ ਜਾ ਚੁੱਕੀ ਹੈ ਕਿ ਉਹ ਅਡੋਲ-ਚਿੱਤ ਰਹਿਣਗੇ :

**ਬਮਾਦੰਦ ਸਿੰਘਾਨਿ ਬਰ-ਕਰਾਰ।**

ਢਾਡੀਆਂ ਕੋਲੋਂ ਵਾਰਾਂ ਸੁਣਦੇ ਰਹਿਣਾ ਉਤਸ਼ਾਹ ਕਾਇਮ ਰਵ੍ਹੇਗਾ :

**ਸਮਾਅਤ ਨਮਾਇੰਦ ਅਜ਼ ਢਾਡੀ ਵਾਰ। ੬੨।**

ਇਕ ਪੁਰਾਤਨ ਸੰਸਕ੍ਰਿਤ 'ਨਾਨਕ ਚੰਦ੍ਰ ਉਦੈ ਮਹਾਕਵਯੰ' ਨਾਂ ਦੇ ਗ੍ਰੰਥ ਜਿਸ ਨੂੰ ਦੇਵ ਰਾਜ ਸ਼ਰਮਾ ਨਾਮ ਦੇ ਪੰਡਿਤ ਨੇ ਲਿਖਿਆ ਸੀ, ਵਿਚ ਦਰਜ ਹੈ ਕਿ ਭਾਈ ਨੰਦ ਲਾਲ ਜੀ ਨੇ ਪੁਛਿਆ :

ਸਾਡਾ ਹੁਣ ਕੌਣ ਗੁਰੂ ਹੈ ? ਕਿਸ ਅੱਗੇ ਸਿਰ ਨਿਵਾਈਏ ? ਕਿਸ ਦੇ ਦਰਸ਼ਨ ਕਰੀਏ ਤੇ ਵਾਰਤਾ ਤੇ ਵਿਚਾਰ ਕਿਸਦੀ ਕਰੀਏ ? ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ :

'ਗ੍ਰੰਥ ਹੀ ਗੁਰੂ ਹੈ ਤੁਹਾਡਾ। ਇਸ ਦੇ ਦਰਸ਼ਨ ਕਰੋ। ਇਸੇ ਅੱਗੇ ਸਿਰ ਨਿਵਾਓ ਤੇ ਇਸੇ ਦੀ ਵੀਚਾਰ ਕਰ ਰਾਹ ਰੌਸ਼ਨ ਕਰੋ।'

ਦਸਮੇਸ਼ ਪਿਤਾ ਨੇ ਫ਼ਰਮਾਇਆ ਸੀ :

ਆਤਮਾ ਗੁਰੂ ਗ੍ਰੰਥ ਵਿਚ
ਸਰੀਰ ਪੰਥ ਵਿਚ
ਪਰਚਾ ਸ਼ਬਦ ਦਾ
ਦੀਦਾਰ ਖਾਲਸੇ ਦਾ
ਓਟ ਅਕਾਲ ਕੀ।



Sri Satguru Jagjit Singh Ji eLibrary NamdhariElibrary@gmail.com

# 21 ਵਾਕ ਗੁਰੂ ਗ੍ਰੰਥ ਸਾਹਿਬ ਦਾ ਗੁਰ-ਗੱਦੀ ਵੇਲੇ

**ਗੁਰੂ ਗੋਬਿੰਦ ਸਿੰਘ ਜੀ ਨੇ ਜਦ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦਿੱਤੀ, ਉਸ ਵੇਲੇ ਕੀ ਵਾਕ ਆਇਆ ਸੀ?**

—ਭੱਟ ਨਰਬਦ ਸਿੰਘ ਜੋ ਭਾਈ ਕੇਸ਼ੋ ਸਿੰਘ ਦਾ ਸਪੁੱਤਰ ਸੀ, ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਮਿਲਣ ਸਮੇਂ ਨੰਦੇੜ ਸਾਹਿਬ ਹਾਜ਼ਰ ਸੀ, ਉਸ ਦੀ ਗਵਾਹੀ ਹੈ :

ਗੁਰੂ ਗੋਬਿੰਦ ਸਿੰਘ ਜੀ ਮਹਿਲ ਦਸਮਾਂ, ਬੇਟਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਕਾ, ਮਕਾਮ ਨੰਦੇੜ, ਦੇਸ ਦੱਖਣ, ਸੰਮਤ ਸਤਾਰਾਂ ਸੌ ਪੈਂਠ, ਕਾਰਤਕ ਮਾਂਹ ਦੀ ਚਉਥ, ਸ਼ੁਕਲ ਪੱਖ, ਬੁੱਧਵਾਰ ਕੇ ਦਿਹੁ, ਭਾਈ ਦੈਆ ਸਿੰਘ ਕੋ ਬਚਨ ਹੋਇਆ, ਸ੍ਰੀ ਗ੍ਰੰਥ ਸਾਹਿਬ ਲੈ ਆਓ।

ਬਚਨ ਪਾਇ, ਦੈਆ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਏ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਨਲੀਏਰ ਅੱਗੇ ਭੇਟ ਰੱਖ ਮੱਥਾ ਟੇਕਿਆ। ਸਰਬੱਤ ਸੰਗਤ ਕੋ ਕਿਹਾ ਕਿ ਮੇਰਾ ਹੁਕਮ ਹੈ, ਮੇਰੀ ਜਗ੍ਹਾ ਸ੍ਰੀ ਗ੍ਰੰਥ ਸਾਹਿਬ ਕੋ ਜਾਣਨਾ, ਜੋ ਸਿੱਖ ਜਾਨੇਗਾ ਤਿਸ ਕੀ ਘਾਲਿ ਥਾਇ ਪਇਗੀ। ਗੁਰੂ ਤਿਸ ਕੀ ਬਹੁੜੀ ਕਰੇਗਾ। ਸਤ ਕਰ ਮੰਨਣਾ।

ਜਦ ਵਾਕ ਲਿਆ ਤਾਂ ਹੁਕਮ ਇਹ ਆਇਆ :

ਮਾਰੂ ਮਹਲਾ ੫॥
ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ,
ਕੀਰਤਨੁ ਹਰਿ ਹਰਿ ਗਾਈ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ,
ਮਿਟਿ ਗਈ ਸਗਲੀ ਧਾਈ॥ ੧॥
ਅਬ ਮੋਹਿ ਜੀਵਨ ਪਦਵੀ ਪਾਈ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ
ਸੰਤਨ ਕੀ ਸਰਣਾਈ ॥ ੧॥ ਰਹਾਉ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ,
ਨਿਵਰੇ ਸਗਲ ਬੈਰਾਈ॥
ਸਦ ਹਜੂਰਿ ਹਾਜਰੁ ਹੈ ਨਾਜਰੁ,
ਕਤਹਿ ਨ ਭਇਓ ਦੂਰਾਈ॥ ੩॥
ਸੁਖ ਸੀਤਲ ਸਰਧਾ ਸਭ ਪੂਰੀ,
ਹੋਏ ਸੰਤ ਸਹਾਈ॥



Sri Satguru Jagjit Singh Ji eLibrary NamdhariElibrary@gmail.com

ਪਾਵਨ ਪਤਿਤ ਕੀਏ ਖਿਨ ਭੀਤਰਿ,
ਮਹਿਮਾ ਕਥਨੁ ਨਾ ਜਾਈ॥ ੩॥
ਨਿਰਭਉ ਭਏ ਸਗਲ ਭੈ ਖੋਏ,
ਗੋਬਿੰਦ ਚਰਣ ਓਟਾਈ॥
ਨਾਨਕੁ ਜਸ ਗਾਵੈ ਠਾਕੁਰ ਕਾ,
ਰੈਣਿ ਦਿਨਸੁ ਲਿਵ ਲਾਈ॥ ੪॥ ੬॥

ਨੰਦੇੜ ਸਾਹਿਬ ਸੱਚਖੰਡ ਦੀ ਅੰਦਰਲੀ ਪ੍ਰਕਰਮਾ ਵਿਚ ਇਸੇ ਸ਼ਬਦ ਦਾ ਲਟਕਿਆ ਹੋਣਾ ਇਕ ਹੋਰ ਪ੍ਰਤੱਖ ਪ੍ਰਮਾਣ ਹੈ।

❑❑

Sri Satguru Jagjit Singh Ji eLibrary NamdhariElibrary@gmail.com

## 22 ਸ੍ਰੀ ਦਰਬਾਰ ਸਾਹਿਬ

### ਸ੍ਰੀ ਦਰਬਾਰ ਸਾਹਿਬ ਦੀ ਸਾਜਨਾ ਕਦ ਹੋਈ ਅਤੇ ਮਹੱਤਤਾ ਕੀ ਹੈ?

—ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਪਹਿਲੀ ਮਾਘ ਸੰਮਤ ੧੬੪੫ (ਜਨਵਰੀ ੩, ੧੫੮੮) ਨੂੰ ਸ੍ਰੀ ਅੰਮ੍ਰਿਤਸਰ ਵਿਚ ਸਾਈਂ ਮੀਆਂ ਮੀਰ ਤੋਂ ਰਖਵਾਈ। ਅੰਮ੍ਰਿਤ ਸਰੋਵਰ ਦੀ ਲੰਬਾਈ ੫੦੦ ਫੁੱਟ ਹੈ, ਚੌੜਾਈ ੪੯੦ ਫੁੱਟ ਅਤੇ ਡੂੰਘਾਈ ੧੭ ਫੁੱਟ ਹੈ।

ਹਰਿਮੰਦਰ ਸਾਹਿਬ ਨੂੰ ਬਾਹਰਲੀ ਪ੍ਰਕਰਮਾ ਨਾਲ ਮਿਲਾਉਣ ਵਾਲਾ ਇਕ ਪੁਲ ੨੪੦ ਫੁੱਟ ਲੰਮਾ ਅਤੇ ੨੧ ਫੁੱਟ ਚੌੜਾ ਹੈ। ਇਸ 'ਤੇ ਸੋਨਾ ਚੜ੍ਹਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਸੰਨ ੧੮੩੦ ਨੂੰ ਕਰਵਾਈ।

ਮੰਨੋ ਭਾਵੇਂ ਨਾ (Believe it or not) ਵਿਚ ਰਿੱਪਲੇ ਨੇ ਬਹੁਤ ਸੋਹਣਾ ਲਿਖਿਆ ਹੈ ਕਿ ਇਹ ਹਰਿਮੰਦਰ ਸਾਹਿਬ ਇਸ ਲਈ ਉਸਾਰਿਆ ਗਿਆ ਕਿ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਟਿਕਾਇਆ ਜਾਏ। ਇਸ ਹਿਸਾਬ ਨਾਲ ਦੁਨੀਆਂ ਭਰ ਵਿਚ ਕਿਸੇ ਪੁਸਤਕ ਦਾ ਸਭ ਤੋਂ ਕੀਮਤੀ ਕਵਰ (ਜਿਲਦ) ਇਹ ਹੈ।

੩੦ ਅਗਸਤ, ੧੬੦੪ ਨੂੰ ਗੁਰੂ ਗ੍ਰੰਥ ਸਾਹਿਬ ਇਥੇ ਗੁਰੂ ਅਰਜਨ ਦੇਵ ਜੀ ਨੇ ਅਸਥਾਪਨ ਕੀਤੇ ਸਨ।

ਪ੍ਰੋਫ਼ੈਸਰ ਪੂਰਨ ਸਿੰਘ ਜੀ ਨੇ ਹਰਿਮੰਦਰ ਸਾਹਿਬ ਦੀ ਵਿਲੱਖਣਤਾ ਦਰਸਾਂਦੇ ਲਿਖਿਆ ਹੈ :

ਦੇਖੋ, ਤਾਜ ਮਹਲ ਦੀ ਉਸਾਰੀ ਤੇ ਨੌਂ ਸਾਲ, ੨੨ ਹਜ਼ਾਰ ਮਜ਼ਦੂਰ ਦਿਨ ਰਾਤ ਜਬਰੀ ਕੰਮ ਕਰਦੇ ਰਹੇ ਪਰ ਇਥੇ ਇਕ ਸ਼ਰਧਾ ਸੀ ਜੋ ਅਣਗਿਣਤ ਸਿੱਖਾਂ ਨੂੰ ਖਿੱਚੀ ਲਿਆਉਂਦੀ ਸੀ।

ਇਥੇ ਪੁੱਜ ਸਿੱਖ ਸਮਝਦਾ ਹੈ ਕਿ ਉਹ ਆਪਣੀ ਨਗਰੀ ਆ ਗਿਆ ਹੈ। ਹਰਿਮੰਦਰ ਦੀਆਂ ਨੀਂਹਾਂ, ਪ੍ਰੇਮ, ਸ਼ਰਧਾ ਤੇ ਸੰਤੋਖ 'ਤੇ ਖੜ੍ਹੀਆਂ ਹਨ। ਗਵਾਹੀ ਵੀ ਹੈ ਕਿ ਸੰਤੋਖਸਰ ਦੀ ਕਾਰ ਇਸ ਹਰਿਮੰਦਰ ਸਾਹਿਬ ਦੀਆਂ ਨੀਹਾਂ ਹੇਠ ਪਾਈ ਸੀ।

ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ, ਜੋ ਪ੍ਰਤੀਕ ਹਨ ਮਨੁੱਖਤਾ ਦੀ ਏਕਤਾ ਦੇ, ਚਾਰ ਵਰਨਾਂ ਦੇ, ਹਰ ਪ੍ਰਕਾਰ ਦੇ ਰੰਗ ਦੇ, ਚਾਰ ਹੱਕਾਂ ਦੇ, ਚਾਰ ਮੁਕਤੀਆਂ ਦੇ, ਚਾਰ ਆਸ਼੍ਰਮਾਂ ਦੇ। ਦਰਵਾਜ਼ੇ ਕਿਸੇ ਖਾਸ ਕੂੰਟ ਵਿਚ ਨਹੀਂ। ਦੋ-ਦੋ ਕੂੰਟਾਂ ਵਿਚਕਾਰ ਇਕ-ਇਕ ਦਰਵਾਜ਼ਾ ਹੈ।

ਹਰਿ ਕੀ ਪੌੜੀ ਵਾਲਾ ਦਰਵਾਜ਼ਾ ਪੂਰਬ-ਦੱਖਣ ਵਿਚਕਾਰ ਹੈ। ਸ਼ਹੀਦ ਬੁੰਗਾ



Sri Satguru Jagjit Singh Ji eLibrary NamdhariElibrary@gmail.com

(ਸਿੱਖ ਰੈਫ਼ਰੈਂਸ ਲਾਇਬ੍ਰੇਰੀ) ਵਾਲੇ ਪਾਸੇ ਦਾ ਦਰਵਾਜ਼ਾ ਦੱਖਣ-ਪੱਛਮ ਵਿਚਕਾਰ, ਦਰਸ਼ਨੀ ਡਿਉਢੀ ਵਾਲਾ ਦਰਵਾਜ਼ਾ ਪੱਛਮ-ਉੱਤਰ ਵਿਚਕਾਰ, ਘੰਟਾ ਘਰ (ਅਜਾਇਬ ਘਰ) ਦੀ ਬਾਹੀ ਵਾਲਾ ਦਰਵਾਜ਼ਾ ਉੱਤਰ-ਪੂਰਬ ਵੱਲ ਹੈ। ਪੂਰਬ-ਪੱਛਮ ਅਤੇ ਦਿਸ਼ਾਵਾਂ ਦਾ ਵਾਦ ਵੀ ਹਰਿਮੰਦਰ ਸਾਹਿਬ ਨੇ ਮਿਟਾ ਦਿੱਤਾ।

ਹਰਿਮੰਦਰ ਸਾਹਿਬ ਨੂੰ ਬਿਲਕੁਲ ਪਾਣੀ ਦੀ ਸਤਹ ਤੇ ਬਿਠਾਇਆ ਹੈ। ਦੇਖਣ ਵਾਲੇ ਨੂੰ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕੰਵਲ ਦਾ ਫੁੱਲ ਖਿੜਿਆ ਹੈ। ਹਰਿ-ਜੀ ਅੰਦਰ ਆਉਣ ਨਾਲ ਕੰਵਲ ਫੁੱਲ ਖਿੜ ਜਾਂਦਾ ਹੈ। ਹਰਿਮੰਦਰ ਨੂੰ ਨੀਵੀਂ ਥਾਂ ਅਤੇ ਗੁੰਬਦ ਬੈਠਵਾਂ ਰੱਖਿਆ ਹੈ ਜੋ ਨਿਮ੍ਰਤਾ ਦਾ ਪ੍ਰਤੀਕ ਹੈ।

ਅਕਾਲ ਤਖ਼ਤ ਦਾ ਗੁੰਬਦ ਖੜ੍ਹਾ ਹੈ, ਸਿੱਧਾ ਹੈ ਜੋ ਅਣਖ ਤੇ ਜੁਅਰਤਿ ਦਾ ਪ੍ਰਤੀਕ ਹੈ।

ਹਰਿਮੰਦਰ ਸਾਹਿਬ ਦੇ ਗੁੰਬਦ ਤੇ ਕੰਵਲ ਫੁੱਲ ਪੁੱਠਾ ਹੈ ਜੋ ਦਰਸਾ ਰਿਹਾ ਹੈ ਕਿ ਅੰਮ੍ਰਿਤ ਰਸ ਹਰ ਵੇਲੇ ਝਰ-ਝਰ ਪੈਂਦਾ ਹੈ ਅਤੇ ਮਾਇਆ ਉਸ ਪਿੱਛੇ ਲੱਗੀ ਫਿਰਦੀ ਹੈ ਜਿਸ ਪਾਸ ਨਾਮ ਹੈ।

ਹਰਿਮੰਦਰ ਵਿਚ ਜ਼ਿੰਦਗੀ ਭਰੀ ਹੈ। ਹਾਥੀ ਝੂੰਮਦੇ, ਘੋੜੇ ਦੌੜਦੇ, ਪੰਛੀ ਉੱਡਦੇ, ਸ਼ਾਖਾਂ ਤੇ ਚਿਹ-ਚਹਾਂਦੀਆਂ ਚਿੜੀਆਂ, ਤਪੱਸਿਆ ਕਰਦੇ ਸਾਧੂ। ਤਾਜ ਮਹੱਲ ਵਿਚ ਕੋਈ ਜਾਨਦਾਰ ਜੀਵ ਦਾ ਚਿੱਤਰ ਨਹੀਂ ਹੈ। ਇਹ ਦੇਖ ਹੀ ਇਕ ਸੈਲਾਨੀ ਨੇ ਕਿਹਾ ਸੀ : ***ਹਰਿਮੰਦਰ ਸਾਹਿਬ ਜ਼ਿੰਦਗੀ ਹੈ। ਤਾਜ ਮਹੱਲ ਮੌਤ ਹੈ।***

ਹਰਿਮੰਦਰ ਸਾਹਿਬ ਦੀ ਬਣਤਰ ਐਸੀ ਹੈ ਕਿ ਉਥੇ ਗਰਮੀ ਵਿਚ ਪਸੀਨਾ ਨਾ ਆਵੇ ਤੇ ਸਰਦੀ ਵਿਚ ਪਾਲਾ ਨਾ ਲੱਗੇ। ਦਰਸ਼ਨੀ ਡਿਉਢੀ ਤੋਂ ਹਰਿਮੰਦਰ ਸਾਹਿਬ ਦਾ ਪੁਲ ੮੪ ਕਦਮ ਹੈ, ਜੋ ਦਰਸਾ ਰਿਹਾ ਹੈ ਕਿ ਧਰਮ ਇਕ ਹੈ ਜੋ ਨਿਮ੍ਰਤਾ ਧਾਰ, ***'ਸਤਿਗੁਰ ਸ਼ਬਦ ਸਰਵਨ ਕੋ ਕਰੈ, ਸਰਬ ਉਚ ਤੇ ਮਨ ਕੋ ਥਿਰੈ'***; ਤਾਂ ਜਨਮ ਮਰਨ ਦੀ ਚੁਰਾਸੀ ਕੱਟੀ ਜਾਵੇਗੀ।

ਸਿੱਖਾਂ ਲਈ ਇਹ ਈਮਾਨ ਤਾਜ਼ਾ ਕਰਨ ਦਾ ਕੇਂਦਰ (ਰੈਲੀਂਗ ਪੁਆਇੰਟ) ਹੈ। ਵਿਲਯਮ ਮਾਨੀਯਰ ਦਰਬਾਰ ਸਾਹਿਬ ਨੂੰ 'ਰੂਹ ਨੂੰ ਹੁਲਾਰਾ' ਦੇਣ ਵਾਲਾ ਕਹਿੰਦਾ ਹੈ। ਮਾਈਕਲ ਐਡਵਰਡਜ਼ ਨੇ ਆਪਣੀ ਪੁਸਤਕ 'ਟੈਂਪਲਜ਼ ਐਂਡ ਪੈਲੇਸਿਜ਼' ਵਿਚ ਖ਼ੂਬ ਕਿਹਾ ਹੈ ਕਿ ਦਰਬਾਰ ਸਾਹਿਬ ਕੋਈ ਅਜਾਇਬ ਘਰ ਨਹੀਂ, ਇਹ ਤਾਂ ਟੁੱਟੀਆਂ ਸੁਰਤਾਂ ਜੋੜਨ ਦਾ ਪੂਜ-ਅਸਥਾਨ ਹੈ ਜੋ ਜੀਉਂਦੇ ਜਾਗਦੇ ਧਰਮ ਦੀ ਲਾਜ਼ਮੀ ਮਸ਼ੀਨਰੀ ਦਾ ਅਨਿੱਖੜਵਾਂ ਅੰਗ ਹੁੰਦਾ ਹੈ। (Harmandar is not a Museum. On contrary it is a shrine part of the essential machinery of living faith.) ਜਿਤਨੇ ਸੀਸ ਸਿੱਖਾਂ ਦੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ 'ਤੇ ਲੱਗੇ ਹਨ, ਜੇ ਸਾਰੇ ਇਕੱਠੇ ਕਰਕੇ ਪ੍ਰਕਰਮਾ ਵਿਚ ਰੱਖੀਏ, ਪਤਾ ਨਹੀਂ ਫਿਰ ਵੀ ਸਮਾ ਸਕਣ ਜਾਂ ਨਾਂਹ। ਭਾਈ ਨੰਦ ਲਾਲ ਜੀ ਨੇ ਜੋਤ ਬਿਗਾਸ ਵਿਚ ਅੰਮ੍ਰਿਤਸਰ ਦੀ ਮਹਿਮਾ ਗਾਂਦੇ ਕਿਹਾ ਸੀ : ਗੰਗਾ ਵਿਚਾਰੀ ਕੀ ਮੁਕਾਬਲਾ ਕਰ ਸਕਦੀ ਹੈ ਸ੍ਰੀ ਅੰਮ੍ਰਿਤਸਰ ਦਾ।

Sri Satguru Jagjit Singh Ji eLibrary NamdhariElibrary@gmail.com

"ਚਿਹ ਗੰਗਾ ਮੁਕਾਬਲਾ ਬ-ਅੰਮ੍ਰਿਤਸਰ"

ਬੜਾ ਖ਼ੂਬਸੂਰਤ ਲਿਖਿਆ ਸੀ ਕਿਸੇ ਨੇ ਕਿ

'ਹਰਿਮੰਦਰ ਕੀ ਬੁਨਿਆਦ ਕੀ ਈਂਟ ਦੇ ਰਹੀ ਹੈ ਗਵਾਹੀ
ਕਿ ਕਭੀ ਅਹਿਲੇ ਮਜ਼ਾਹਬ ਮੇਂ ਦੋਸਤੀ ਮੁਸਕਰਾਈ ਥੀ।'

ਪਾਕਿਸਤਾਨ ਦੇ ਜਲਾਵਤਨ ਸ਼ਾਇਰ ਮਾਸ਼ਦ ਮਨੱਵਰ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਕਿਹਾ ਸੀ :

ਹਾਜੀਆਂ ਮੱਕੇ ਕੀ ਜਾਣਾ
ਰੱਬ ਨੂੰ ਏਥੇ ਵੇਖ ਲੈ।
ਤੂਰ ਦੀ ਅੱਗ ਜਲ ਰਹੀ ਹੈ
ਅੱਖੀਆਂ ਨੂੰ ਸੇਕ ਲੈ।

ਇਹ ਵੀ ਯਾਦ ਰੱਖਣਾ ਜੈਸੇ ਪਾਤਸ਼ਾਹ ਦੇ ਰਾਜ ਦਰਬਾਰ ਦੇ ਅਤੇ ਅਦਾਲਤ ਦੇ ਸਥਾਨ ਜੁਦਾ-ਜੁਦਾ ਹੁੰਦੇ ਹਨ ਤੈਸੇ :

ਹਰਿਮੰਦਰ ਦਰਬਾਰ ਸਾਹਿਬ ਹੈ।

ਅਤੇ ਅਕਾਲ ਤਖ਼ਤ ਅਦਾਲਤ ਹੈ।

Sri Satguru Jagjit Singh Ji eLibrary NamdhariElibrary@gmail.com

## 23

# ਤੱਖ਼ਤ ਅਤੇ ਸ੍ਰੀ ਅਕਾਲ ਤੱਖ਼ਤ

***ਸਾਡੇ ਤਖ਼ਤ ਕਿੰਨੇ ਹਨ? ਕਿਸ-ਕਿਸ ਥਾਂ ਹਨ? ਅਕਾਲ ਤਖ਼ਤ ਦੀ ਸਾਜਨਾ ਕਿਸ ਸਾਲ ਤੇ ਉਸਾਰਨ ਵੇਲੇ ਕੀ ਸੰਭਾਲ ਰੱਖੀ ਸੀ?***

ਪੰਥਕ ਫ਼ੈਸਲੇ ਅਨੁਸਾਰ ਹੁਣ ਤਖ਼ਤ ਹਨ :
ਸ੍ਰੀ ਅਕਾਲ ਤਖ਼ਤ—ਸ੍ਰੀ ਅੰਮ੍ਰਿਤਸਰ।
ਸ੍ਰੀ ਕੇਸਗੜ੍ਹ ਸਾਹਿਬ—ਸ੍ਰੀ ਅਨੰਦਪੁਰ ਸਾਹਿਬ।
ਸ੍ਰੀ ਪਟਨਾ ਸਾਹਿਬ—ਪਟਨਾ ਸਾਹਿਬ।
ਸ੍ਰੀ ਹਜ਼ੂਰ ਸਾਹਿਬ—ਨੰਦੇੜ।
ਸ੍ਰੀ ਦਮਦਮਾ ਸਾਹਿਬ—ਗੁਰੂ ਕੀ ਕਾਂਸ਼ੀ—ਬਠਿੰਡਾ।
—ਅਕਾਲ ਤਖ਼ਤ ਦੀ ਸਾਜਨਾ ੯ ਜੁਲਾਈ, ੧੬੦੯ ਨੂੰ ਕੀਤੀ ਗਈ ਸੀ।
ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਤਰ੍ਹਾਂ ਦਰਜ ਹੈ :

ਹਾੜ ਪੰਚਮੀ ਕੋ ਦਿਨ ਜਾਨ॥
ਸ੍ਰੀ ਗੁਰ ਉਦਮ ਕੀਨ ਮਹਾਨ॥
ਗੁਰਦਾਸ ਬੁੱਢੇ ਕੋ ਨਿਜ ਲੈ ਸਾਥ॥
ਤਖ਼ਤ ਅਰੰਭ ਕਰ ਦੀਨਾ ਨਾਥ॥
ਕਰ ਅਰਦਾਸ ਸ੍ਰੀ ਸਤਿਗੁਰ,
ਪੁਨ ਪ੍ਰਸ਼ਾਦਿ ਵਰਤਾਏ॥
ਪ੍ਰਿਥਮ ਨੀਵ ਸ੍ਰੀ ਗੁਰੂ ਰਖੀ,
ਅਬਚਲ ਨਗਰ ਬਨਾਇ॥

ਸੰਭਾਲ ਇਹ ਰੱਖੀ ਅਕਾਲ ਤਖ਼ਤ ਦੀ ਉਸਾਰੀ ਵੇਲੇ ਕਿਸੇ ਮਿਸਤਰੀ, ਮਜ਼ਦੂਰ ਜਾਂ ਤਰਖਾਣ ਦਾ ਹੱਥ ਨਾ ਲੱਗਣ ਦਿੱਤਾ। ਇਸ ਦੀ ਉਸਾਰੀ ਆਪ੍ਰੂ ਗੁਰੂ ਹਰਗੋਬਿੰਦ ਜੀ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕੀਤੀ :

"ਕਿਸੀ ਰਾਜ ਨਹਿ ਹਾਥ ਲਗਾਇਓ।
ਬੁੱਢਾ ਔ ਗੁਰਦਾਸ ਬਨਾਇਓ।"

ਅਕਾਲ ਤਖ਼ਤ ਸਾਹਿਬ ਦਾ ਗੁੰਬਦ ਖੜ੍ਹਾ ਹੈ ਤੇ ਹਰਿਮੰਦਰ ਸਾਹਿਬ ਦਾ ਬੈਠਵਾਂ। ਖੜ੍ਹਾ ਮਰਦਾਨਗੀ ਦਾ ਚਿੰਨ੍ਹ ਹੈ ਤੇ ਬੈਠਵਾਂ ਨਿੰਮ੍ਰਤਾ ਦਾ ਪ੍ਰਤੀਕ।

ਰਹਿਤ ਮਰਯਾਦਾ ਅਨੁਸਾਰ ਸਭ ਤੋਂ ਸਰਵ-ਉੱਚ ਅਸਥਾਨ ਜਿੱਥੇ ਸਥਾਨਕ ਫ਼ੈਸਲਿਆਂ ਦੀ ਅਪੀਲ ਕੀਤੀ ਜਾ ਸਕਦੀ ਹੈ, ਉਹ ਅਕਾਲ ਤਖ਼ਤ ਹੈ। ਸਭ ਆਸ਼ਰਮਾਂ 'ਤੇ ਕੁੰਡਾ ਹੁੰਦਾ ਹੈ। ***ਅਕਾਲ ਤਖ਼ਤ ਤਾੜਨਾ ਤੇ ਭੈ ਦਾ ਕੁੰਡਾ ਸਾਰੇ ਪੰਥ 'ਤੇ ਹੈ।***



Sri Satguru Jagjit Singh Ji eLibrary NamdhariElibrary@gmail.com

ਇਹ ਯਾਦ ਰੱਖਣਾ ਕਿ ਜਿਤਨਾ ਜ਼ੋਰ, ਜ਼ਾਬਤਾ ਪੰਥ ਪਰ ਪੱਕਾ ਹੋਵੇਗਾ, ਉਤਨਾ ਹੀ ਪੰਥ ਆਪਣੇ ਪੈਰਾਂ 'ਤੇ ਪੱਕਾ ਰਵ੍ਹੇਗਾ।

ਇਹ ਸ਼ੰਕਾ ਕਰਨਾ ਮਨਮਤਿ ਹੈ ਕਿ ਤਖ਼ਤ ਸਾਹਿਬ ਤੇ ਹੁਕਮ ਕਰਨ ਵਾਲਾ ਕੌਣ ਹੈ ? ਜਿਵੇਂ ਦੁਨਿਆਵੀ ਰਾਜਾਂ ਦੀਆਂ ਅਦਾਲਤੀ ਤੇ ਇੰਤਜ਼ਾਮੀ ਅਦਾਲਤਾਂ ਹੁੰਦੀਆਂ ਹਨ। ਕੋਈ ਮੁਨਸਫ਼ ਹੋਏ ਕੋਈ ਪੁੱਛਦਾ ਨਹੀਂ। ਹੁਕਮ ਸਮੇਂ ਵਿਚ ਵਰਤ ਰਹੇ ਹਾਕਿਮ ਦਾ ਹੁੰਦਾ ਹੈ।

ਅਕਾਲ ਤਖ਼ਤ ਦੀ ਮੋਹਰ ਤੇ ਅਕਾਲ ਸਹਾਇ ਖ਼ਾਲਸਾ ਜੀ ਉੱਕਰਿਆ ਹੁੰਦਾ ਸੀ।

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਹ ਲਿਖਿਆ ਹੈ ਕਿ ਜਦੋਂ ਸਿੰਘ ਬਾਹਰੋਂ ਦੀਵਾਲੀ ਤੇ ਵੈਸਾਖੀ ਨੂੰ ਆਉਂਦੇ ਤਾਂ ਪਹਿਲਾਂ :

ਬੈਠ ਹਰਿਮੰਦਰ ਸੁਨੈ ਸੁ ਗਿਆਨਾ॥
ਗੁਰ ਬਚਨਨ ਪਰ ਲਾਵੈ ਧਿਆਨਾ॥
ਅਕਾਲ ਬੂੰਗੈ ਚੜ੍ਹ ਤਖ਼ਤੈ ਬਹਿ ਹੈ॥
ਲਾਇ ਦੀਵਾਨ ਗੁਰਮਤਾ ਮਤੈ ਹੈ॥

ਸਰਬਤ ਖ਼ਾਲਸਾ ਹੋਇ ਅਦਾਲਤ ਅਤੇ ਨਿਰਣਾ ਲੈਂਦੇ ਕਿ ਦੋਖੀਆਂ ਨੂੰ ਸਜ਼ਾਵਾਂ ਤੇ ਮਜ਼ਲੂਮਾਂ ਦੀ ਪੁੱਜ ਸਹਾਇਤਾ ਕੀਤੀ ਜਾਏ :

"ਅਸਿਖਨ ਗਾਰ
ਸਿੰਘਨ ਪ੍ਰਤਿਪਾਲਤ।"

ਅਕਾਲ ਤਖ਼ਤ 'ਤੇ ਅਰਦਾਸ ਇਹ ਹੀ ਹੁੰਦੀ ਸੀ :

ਦੋ ਵੇਲੇ ਅਰਦਾਸ, ਇਹ ਹੋਵੇ ਤਖ਼ਤ ਅਕਾਲ।
ਭਲਾ ਹੋਵੇ ਸਰਬਤ ਦਾ, ਰਿਆਇਤ ਪੰਥ ਦੇ ਨਾਲ।

Sri Satguru Jagjit Singh Ji eLibrary NamdhariElibrary@gmail.com

# 24 ਸ਼ਹਿਰ ਗੁਰੂ ਪਾਤਸ਼ਾਹਾਂ ਉਸਾਰੇ

## *ਗੁਰੂ ਸਾਹਿਬ ਨੇ ਕਿਹੜੇ ਪਾਵਨ ਸ਼ਹਿਰਾਂ ਦੀ ਉਸਾਰੀ ਕੀਤੀ?*

ਜੇ ਮੁਗ਼ਲ ਬਾਦਸ਼ਾਹ ਉਸਰਈਏ ਸਨ ਤਾਂ ਗੁਰੂ ਮਹਾਰਾਜ ਵੀ ਕਿਸੇ ਪ੍ਰਕਾਰੋਂ ਘੱਟ ਨਹੀਂ ਸਨ।

ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਰਾਵੀ)।

ਗੁਰੂ ਅੰਗਦ ਜੀ ਨੇ ਖਡੂਰ ਸਾਹਿਬ (ਅੰਮ੍ਰਿਤਸਰ)।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ (ਅੰਮ੍ਰਿਤਸਰ)।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ।

ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ, ਛਿਹਰਟਾ ਅਤੇ ਕਰਤਾਰਪੁਰ (ਜਲੰਧਰ)।

ਗੁਰੂ ਹਰਿਗੋਬਿੰਦ ਜੀ ਨੇ ਹਰਗੋਬਿੰਦਪੁਰ, ਮਹਿਰਾਜ, ਕੀਰਤਪੁਰ।

ਗੁਰੂ ਹਰਿਰਾਇ ਜੀ ਨੇ ਕੀਰਤਪੁਰ ਤੇ ਬਾਗ਼ਾਤ ਤੇ ਚਿੜੀਆਘਰ।

ਗੁਰੂ ਤੇਗ਼ ਬਹਾਦਰ ਜੀ ਨੇ ਅਨੰਦਪੁਰ ਸਾਹਿਬ।

ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ। ਅਨੰਦਪੁਰ ਦੇ ਕਿਲ੍ਹੇ, ਦਮਦਮਾ ਸਾਹਿਬ (ਗੁਰੂ ਕੀ ਕਾਂਸ਼ੀ)।

ਸ਼ਹਿਰੀ ਜੀਵਨ ਵਿਚ, ਆਮ ਤੌਰ ਤੇ ਦੇਖਣ ਨੂੰ ਆਇਆ ਹੈ ਕਿ ਜ਼ਹਿਰ ਹੁੰਦਾ ਹੈ ਜਾਂ ਕਹਿਰ। ਹਰ ਚੀਜ਼ ਮਿਲਾਵਟ ਵਾਲੀ, ਇਥੋਂ ਤੱਕ ਕਿ ਪਾਣੀ ਵੀ ਅਤੇ ਲੁੱਟ ਖਸੁੱਟ ਇਤਨੀ ਕਿ ਵਪਾਰੀ ਦੁਕਾਨਦਾਰ ਦਾ ਗਲਾ ਕੱਟਦਾ ਹੈ ਅਤੇ ਦੁਕਾਨਦਾਰ ਗਾਹਕਾਂ ਦਾ। ਟੈਕਸ ਉਗਰਾਹੁਣ ਵਾਲੇ ਹਰ ਇਕ ਦਾ। ਕਹਿਰ ਹੀ ਕਹਿਰ। ਫਿਰ ਅੰਮ੍ਰਿਤ ਵੇਲਾ ਵਾਲੀ ਚੀਜ਼ ਤਾਂ ਸ਼ਹਿਰਾਂ ਵਿਚ ਰਹਿੰਦੀ ਹੀ ਨਹੀਂ। ਗੁਰੂ ਮਹਾਰਾਜ ਨੇ 'ਸਾਚ ਧਰਮ ਕੀ ਵਾੜ ਕਰਕੇ ਜੁਗਤ ਸਿਖਾਲਣ ਲਈ ਸ਼ਹਿਰ ਉਸਾਰੇ, ਜਿਥੇ ਕਿਸੇ ਪ੍ਰਕਾਰ ਦੀ ਲੁੱਟ-ਖਸੁੱਟ ਨਾ ਹੋਵੇ।

ਵਾਤਾਵਰਣ ਸਵੱਛ ਰਵ੍ਹੇ, ਕੋਈ ਜ਼ਹਿਰ ਨਾ ਫੈਲਾਏ, ਕੋਈ ਕਹਿਰ ਨਾ ਕਰੇ।

"ਸ਼ਾਂਤਿ ਸਹਿਜ ਸੁਖ ਕੇ ਸਭ ਹਾਟ॥
ਸਾਹ ਵਾਪਾਰੀ ਏਕੈ ਥਾਟ॥
ਜੇਜ਼ੀਆ ਡੰਨੁ ਕੋ ਲਏ ਨ ਜਗਾਤਿ॥
ਸਤਿਗੁਰ ਕਰਿ ਦੀਨੀ ਧੁਰ ਕੀ ਛਾਪ॥" (ਆਸਾ ਮਹਲਾ ੫)

ਦਰਿਆਵਾਂ ਕਿਨਾਰੇ, ਸਰੋਵਰਾਂ ਨਾਲ ਘਿਰੇ, ਬਾਗ਼ਾਂ ਵਾਲੇ ਸ਼ਹਿਰ ਵਸਾਏ। ਫਿਰ ਸ਼ਹਿਰ ਵਸਾਉਣ ਵੇਲੇ ਕੋਈ ਕਿਸੇ ਜ਼ਿਮੀਂਦਾਰ ਦਾ ਉਜਾੜਾ ਨਹੀਂ, ਕੋਈ ਜ਼ਬਰਦਸਤੀ ਨਹੀਂ। □□



Sri Satguru Jagjit Singh Ji eLibrary NamdhariElibrary@gmail.com

## 25 ਪੰਜ ਸਰੋਵਰ

### ਅੰਮ੍ਰਿਤਸਰ ਦੇ ਪੰਜ ਸਰੋਵਰਾਂ ਦੇ ਨਾਮ ਅਤੇ ਮਹੱਤਤਾ ਦੱਸੋ।

੧. ਅੰਮ੍ਰਿਤਸਰ।
੨. ਕੌਲ ਸਰ।
੩. ਸੰਤੋਖ ਸਰ।
੪. ਬਿਬੇਕ ਸਰ।
੫. ਰਾਮ ਸਰ।

ਸਾਡੀ ਪੁਰਾਤਨ ਮਰਯਾਦਾ ਸੀ ਕਿ ਅੰਮ੍ਰਿਤਸਰ ਇਸ਼ਨਾਨ ਕਰਨ ਤੋਂ ਪਹਿਲਾਂ ਘੱਟ ਤੋਂ ਘੱਟ ਕੌਲਸਰ ਇਸ਼ਨਾਨ ਜ਼ਰੂਰ ਕੀਤਾ ਜਾਂਦਾ ਸੀ ਅਤੇ ਕਈ ਤਾਂ ਚਾਰ ਸਰੋਵਰਾਂ ਦਾ ਇਸ਼ਨਾਨ ਕਰ ਕੇ ਹੀ ਅੰਮ੍ਰਿਤਸਰ ਇਸ਼ਨਾਨ ਕਰਦੇ ਹਨ।

ਰਾਮ ਹਿਰਦੇ ਵੱਸਾ, ਬਿਬੇਕ ਬੁੱਧੀ ਪਾ,
ਕੌਲ ਵਾਂਙੂ ਅਲਿਪਤ ਹੋ, ਸੰਤੋਖੀ ਬਣ

ਜੋ ਅੰਮ੍ਰਿਤਸਰ ਇਸ਼ਨਾਨ ਕਰਦਾ ਹੈ ਉਸ ਦਾ ਦੁੱਖ ਦਰਦ ਦਾ ਡੇਰਾ ਭੱਜ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

## 26 ਅਨੰਦਪੁਰ ਦੇ ਕਿਲ੍ਹੇ

***ਅਨੰਦਪੁਰ ਦੇ ਕਿਲ੍ਹਿਆਂ ਦਾ ਨਾਮ ਅਤੇ ਮਹੱਤਤਾ ਦੱਸੋ।***

ਨਿਰਮੋਹ ਗੜ੍ਹ।

ਲੋਹ ਗੜ੍ਹ।

ਹੋਲ ਗੜ੍ਹ।

ਫ਼ਤਹਿ ਗੜ੍ਹ।

ਕੇਸ ਗੜ੍ਹ।

ਅਨੰਦ ਗੜ੍ਹ।

ਅਨੰਦ ਕਾਇਮ ਰੱਖਣ ਲਈ ਜਾਂ ਅਨੰਦ ਕੋਈ ਲੁੱਟ ਨਾ ਸਕੇ, ਇਹਨਾਂ ਕਿਲ੍ਹਿਆਂ ਦੀ ਉਸਾਰੀ ਦਸਮੇਸ਼ ਪਿਤਾ ਨੇ ਕੀਤੀ।

ਪਹਿਲਾਂ ਨਿਰਮੋਹ ਹੋਣਾ ਜ਼ਰੂਰੀ ਹੈ ਅਤੇ ਫਿਰ ਸਰਬ ਲੋਹ ਕੀ ਰੱਛਾ ਵਿਚ ਸਦਾ ਰਹਿਣਾ। ਇਹ ਸੋਝੀ ਪੈਦਾ ਕਰ ਲੈਣੀ ਕਿ ਹਮਲਾ ਕਿਸ ਵੇਲੇ ਤੇ ਕਿਸ ਥਾਂ ਕਰਨਾ ਹੈ। ਹੋਲਾ ਦੇ ਅਰਥ ਹੀ *ਹਮਲਾ ਤੇ ਜਾਇ ਹਮਲਾ ਹਨ।*

ਇਸ ਨਿਸਚੇ ਨਾਲ ਜੂਝਣਾ ਕਿ ਫ਼ਤਹਿ ਸਦਾ ਸਾਡੀ ਹੈ। ਜਥੇਬੰਦੀ (ਕੇਸਗੜ੍ਹ) ਵਿਚ ਕਿਸੇ ਪ੍ਰਕਾਰ ਦੀ ਤਰੇੜ ਨਾ ਪੈਣ ਦੇਣੀ ਅਤੇ ਸਭ ਤੋਂ ਵੱਡੀ ਗੱਲ ਅਨੰਦਗੜ੍ਹ ਮਜ਼ਬੂਤ ਰੱਖਣਾ। ਭਾਵ ਸਤਿਗੁਰ ਦੀ ਓਟ, ਸਹਿਜ ਵਾਲਾ ਜੀਵਨ, ਸਦਾ ਚੜ੍ਹਦੀ ਕਲਾ (ਮਨ ਵਜੀਆਂ ਵਧਾਈਆਂ), ਮਿਠਾਸ ਅਤੇ ਕੋਮਲਤਾ (ਰਾਗ ਰਤਨ ਪਰਵਾਰ ਪਰੀਆਂ) ਅਤੇ ਸ਼ਬਦ ਦਾ ਸਹਾਰਾ (ਸ਼ਬਦ ਗਾਵਨ) ਰੱਖਣਾ।



Sri Satguru Jagjit Singh Ji eLibrary NamdhariElibrary@gmail.com

# 27 ਨਿੱਤ ਕਰਮ (ਦਿਨ ਚਰਿਯਾ) ਗੁਰੂ ਸਾਹਿਬ

## *ਗੁਰੂ ਹਰਿਰਾਇ ਜੀ ਦਾ ਨਿੱਤ ਕਰਮ ਲਿਖੋ।*

ਗੁਰੂ ਹਰਿਰਾਇ ਸਾਹਿਬ ਨੇ ਆਪਣਾ ਨਿੱਤ ਕਰਮ ਅਜਿਹਾ ਬਣਾਇਆ ਜਿਸ ਰਾਹੀਂ ਕੌਮ ਰੌਸ਼ਨੀ ਲੈ, ਜੀਵਨ ਰਾਹ ਸੁਖਾਲਾ ਕਰ ਸਕੇ।

ਪਹਿਰ ਰਾਤ ਰਹਿੰਦੀ ਆਪ ਜੀ ਜਾਗਦੇ। ਇਸ਼ਨਾਨ ਕਰਦੇ। ਇਸ਼ਨਾਨ ਖੁੱਲ੍ਹਾ ਇਕ ਸੌ ਗਾਗਰ ਨਾਲ ਕਰਦੇ।

'ਏਕ ਸੌ ਗਾਗਰ ਜਲ ਭਰੇ, ਤਾਂ ਸੋ ਮਜਨ ਸਤਿਗੁਰ ਕਰੇ।'

(ਮਹਿਮਾ ਪ੍ਰਕਾਸ਼, ਸਾਖੀ ੨, ਪਾਤਸ਼ਾਹੀ ਸੱਤਵੀਂ)

ਜਾਗ੍ਰਤ ਸੁਭਾਉ ਸੀ। ਫਿਰ ਬਸਤਰ ਸਜਾ ਕੇ ਸਮਾਧੀ ਲਗਾਉਂਦੇ। ਸ਼ਬਦ ਦੀ ਤੁੱਕ ਸਦਾ ਮੂੰਹ ਰਹਿੰਦੀ। ਜਦ ਪ੍ਰਭਾਤ ਹੁੰਦੀ ਤੇ ਜ਼ਰਾ ਕੁ ਪਹੁ ਫੁੱਟਦੀ, ਨਵੇਂ ਬਸਤਰ ਪਾ ਕੇ ਸਤਿਸੰਗ ਵਿਚ ਆਉਂਦੇ। ਕੱਪੜੇ ਮਹੀਨ ਹੀ ਪਾਉਂਦੇ। ਸੰਗਤਿ ਵਿਚ ਆ ਕੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਂਦੇ ਤੇ ਫਿਰ ਪਾਠ ਸੁਣਾਉਂਦੇ। ਫਿਰ ਰਬਾਬੀਆਂ ਨੂੰ ਹੁਕਮ ਹੁੰਦਾ ਕਿ ਆਸਾ ਦੀ ਵਾਰ ਦਾ ਕੀਰਤਨ ਕਰੋ। ਕੀਰਤਨ ਪਿਛੋਂ ***ਜੋਟੀਆਂ ਦਾ ਸ਼ਬਦ ਜ਼ਰੂਰ ਪੜ੍ਹਾਂਦੇ।*** ਆਰਤੀ ਦਾ ਸ਼ਬਦ ਕੇਵਲ 'ਗਗਨ ਮਹਿ ਥਾਲ' ਪੜ੍ਹ ਕੇ ਭੋਗ ਪਾਉਂਦੇ :

'ਦੋਇ ਕਰ ਜੋੜ

ਖਲਿਇ ਕੀਚੈ ਅਰਦਾਸ' ਨੂੰ *ਅਮਲੀ ਰੂਪ ਦੇ ਕੇ ਖੜ੍ਹੇ ਹੋ ਕੇ ਅਰਦਾਸ ਕਰਨ ਦਾ ਵਿਧਾਨ ਆਪ ਜੀ ਨੇ ਬਣਾ ਦਿੱਤਾ।* ਆਪੂੰ ਅਰਦਾਸ ਕਰਦੇ। ਫਿਰ ਸਾਰੀ ਸੰਗਤ ਸਮੇਤ ਲੰਗਰ ਪੁੱਜਦੇ। ਪਹਿਲਾਂ ਸਾਰੀ ਸੰਗਤ ਨੂੰ ਛਕਾਂਦੇ ਤੇ ਫਿਰ ਆਪੂੰ ਛੱਕਦੇ।

ਗੁਰ ਸੰਗਤ ਕੋ ਪਰ ਪ੍ਰੀਤ ਖਲਾਵੈ॥
ਜਿਉ ਰਾਮ ਚੰਦ ਰਿਖ ਭੋਗ ਭੁਗਾਵੈ॥

ਸੰਗਤ ਨੂੰ ਰਿਸ਼ੀਆਂ ਵਾਂਗ ਆਦਰ ਨਾਲ ਛਕਾਂਦੇ। ਲੰਗਰ ਵਿਚ ਹੁਣ ਮਾਸ ਨਹੀਂ ਸੀ ਬਣਦਾ :

'ਨਹੀਂ ਲੰਗਰ ਪੜੇ ਅਹੇੜਾ (ਸ਼ਿਕਾਰ) ਅਜਾ (ਬਕਰੀ)।'

ਪ੍ਰਸ਼ਾਦ ਛੱਕ ਕੇ ਕੁਝ ਦੇਰ ਆਰਾਮ ਕਰਦੇ। ਫਿਰ ਸ਼ਿਕਾਰ ਲਈ ਚੜ੍ਹ ਪੈਂਦੇ। ਸ਼ਿਕਾਰ ਜ਼ਿੰਦਾ ਹੀ ਪਕੜ ਲਿਆਂਦੇ। ਜੇ ਕੋਈ ਜ਼ਖ਼ਮੀ ਵੀ ਹੋ ਜਾਂਦਾ ਤਾਂ ਉਸ ਨੂੰ ਰੱਖ (ਸੈਕੱਜਯੁਰੀ) ਵਿਚ ਟਿਕਾ ਇਲਾਜ ਕਰਦੇ ਤੇ ਫਿਰ ਖੁੱਲ੍ਹਾ ਛੱਡ ਦੇਂਦੇ।

ਸ਼ਾਮ ਨੂੰ ਕਥਾ ਹੁੰਦੀ, ਕਥਾ ਗੁਰੂ ਪਾਤਸ਼ਾਹ ਆਪ ਹੀ ਕਰਦੇ।

ਪੁੰਨ ਕਥਾ ਸਮੇਂ ਪੰਡਿਤ ਸਭ ਆਵੈ।
ਕਰ ਕਥਾ ਦਿਆਲ ਗੁਰ ਸ੍ਰਵਣ ਕਰਾਵੈ॥



Sri Satguru Jagjit Singh Ji eLibrary NamdhariElibrary@gmail.com

ਬੜੇ ਬੜੇ ਵਿਦਵਾਨ ਆਪ ਜੀ ਦੇ ਬਚਨ ਸੁਣਨ ਆਉਂਦੇ। ਗਿਆਨ ਅੰਮ੍ਰਿਤ ਦੀ ਬਰਖਾ ਵਿਚ ਸਭ ਦੀਆਂ ਆਤਮਾਵਾਂ ਉਚਿਆਈਆਂ ਜਾਂਦੀਆਂ।

ਫਿਰ ਆਪ ਜੀ ਬਾਗ਼ਾਂ ਨੂੰ ਸੈਰ ਕਰਨ ਲਈ ਚਲੇ ਜਾਂਦੇ ਪਰ ਦੀਵਾਨ ਵਿਚ ਅਖੰਡ ਕੀਰਤਨ ਹੁੰਦਾ ਰਹਿੰਦਾ। ਪ੍ਰਸਿੱਧ ਰਾਗੀ ਕੀਰਤਨ ਕਰਦੇ।

ਪੁਨਿ ਹੋਇ ਅਖੰਡ ਕੀਰਤਨ ਦਰਬਾਰ॥

ਸੈਰ ਤੋਂ ਮੁੜਦੇ ਪਹਿਲਾਂ ਸ਼ਫਾਖ਼ਾਨਾ ਤੇ ਦਵਾਖਾਨਾ ਜਾਂਦੇ। ਘੋੜ-ਸਵਾਰੀ ਕਰਦੇ ਤੇ ਦੇਖਦੇ। ਕੁਸ਼ਤੀਆਂ ਕਰਵਾਂਦੇ। ਬੱਚਿਆਂ ਨੂੰ ਇਕੱਠਾ ਕਰ ਉਪਦੇਸ਼ ਦੇਂਦੇ ਤੇ ਹੋਰ ਜੋਧਿਆਂ ਦੇ ਕਰਤੱਬ ਦੇਖਦੇ ਤੇ ਆਪੂੰ ਵੀ ਤੀਰ-ਅੰਦਾਜ਼ੀ ਕਰਦੇ। ਇਤਨਾ ਕੱਸਕੇ ਤੀਰ ਚਲਾਂਦੇ ਸਨ ਕਿ ਉਹ ਅਸ਼ਟ ਧਾਤ ਨੂੰ ਵੀ ਛੇਦ ਕਰ ਜਾਂਦਾ। ਰੱਖ ਵਿਚ ਜਾ ਕੇ ਪੰਛੀਆਂ ਨੂੰ ਸਹਿਲਾਂਦੇ।

ਸੋਦਰ ਦੀ ਚੌਂਕੀ ਵੇਲੇ ਫਿਰ ਸੰਗਤਿ ਵਿਚ ਪੁੱਜਦੇ ਤੇ ਪਹਿਰ ਰਾਤ ਲੰਘਣ ਤੱਕ ਦੀਵਾਨ ਸਜਿਆ ਰਹਿੰਦਾ। ਲੰਗਰ ਪਾ, ਸੋਹਿਲਾ ਦਾ ਪਾਠ ਕਰਕੇ ਬਿਰਾਜ ਜਾਂਦੇ।

ਕੀਰਤਪੁਰ ਵਿਚ ਜਦ ਵੀ ਹੁੰਦੇ ਇਵੇਂ ਹੀ ਜੁਗਤ ਵਰਤਦੀ।

Sri Satguru Jagjit Singh Ji eLibrary NamdhariElibrary@gmail.com

28

# ਸੰਤਾਨ

## ਗੁਰ ਪਾਤਸ਼ਾਹਾਂ ਦੀ ਸੰਤਾਨ ਬਾਰੇ ਤੁਸੀਂ ਕੀ ਜਾਣਦੇ ਹੋ ?

ਗੁਰੂ ਨਾਨਕ ਦੇਵ ਜੀ ਦੇ ਦੋ ਸਪੁੱਤਰ—ਬਾਬਾ ਸ੍ਰੀ ਚੰਦ ਜੀ, ਬਾਬਾ ਲਖਮੀ ਚੰਦ ਜੀ।

ਗੁਰੂ ਅੰਗਦ ਦੇਵ ਜੀ ਦੇ ਦੋ ਸਪੁੱਤਰ—ਬਾਬਾ ਦਾਸੂ ਜੀ, ਬਾਬਾ ਦਾਤੂ ਜੀ। ਅਤੇ ਦੋ ਸਪੁੱਤਰੀਆਂ—ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ।

ਗੁਰੂ ਅਮਰਦਾਸ ਜੀ ਦੇ ਦੋ ਸਪੁੱਤਰ—ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ। ਦੋ ਸਪੁੱਤਰੀਆਂ—ਬੀਬੀ ਦਾਨੀ ਜੀ, ਬੀਬੀ ਭਾਨੀ ਜੀ।

ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ—ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ ਜੀ, ਗੁਰੂ ਅਰਜਨ ਦੇਵ ਜੀ।

ਗੁਰੂ ਅਰਜਨ ਦੇਵ ਜੀ ਦਾ ਇਕੋ ਸਪੁੱਤਰ—ਗੁਰੂ ਹਰਗੋਬਿੰਦ ਜੀ।

ਗੁਰੂ ਹਰਗੋਬਿੰਦ ਜੀ ਦੇ ਪੰਜ ਸਪੁੱਤਰ—

ਬਾਬਾ ਗੁਰਦਿੱਤਾ ਜੀ।
ਬਾਬਾ ਸੂਰਜ ਮੱਲ ਜੀ।
ਬਾਬਾ ਅਣੀ ਰਾਏ ਜੀ।
ਬਾਬਾ ਅਟੱਲ ਰਾਏ ਜੀ।
ਗੁਰੂ ਤੇਗ਼ ਬਹਾਦਰ ਜੀ।
ਅਤੇ ਇਕ ਸਪੁੱਤਰੀ—ਬੀਬੀ ਵੀਰੋ ਜੀ।

(ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ, ਬਾਬਾ ਧੀਰ ਮਲ ਅਤੇ ਗੁਰੂ ਹਰਿਰਾਇ ਜੀ ਸਨ।)

ਗੁਰੂ ਹਰਿਰਾਇ ਜੀ ਦੇ ਦੋ ਸਪੁੱਤਰ—ਬਾਬਾ ਰਾਮ ਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਅਤੇ ਇਕ ਪਾਲਿਤ ਪੁੱਤਰੀ—ਬੀਬੀ ਰੂਪ ਕੌਰ ਜੀ।

ਗੁਰੂ ਤੇਗ਼ ਬਹਾਦਰ ਜੀ ਦੇ ਇਕੋ ਸਪੁੱਤਰ—ਗੁਰੂ ਗੋਬਿੰਦ ਸਿੰਘ ਜੀ।

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ—

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫ਼ਤਹਿ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

## ਸਿੰਘ ਕਿਸ ਨੂੰ ਕਹਿੰਦੇ ਹਨ?

"ਖੰਡੇ ਦਾ ਅੰਮ੍ਰਿਤਧਾਰੀ ਗੁਰੂ ਨਾਨਕ ਪੰਥੀ ਖ਼ਾਲਸਾ।" ਸਿੱਖ ਤੇ ਸਿੰਘ ਦਾ ਅੰਤਰ ਜਾਣਨ ਲਈ ਉਸ ਵਾਰਤਾਲਾਪ ਨੂੰ ਪੜ੍ਹਨਾ ਚਾਹੀਦਾ ਹੈ ਜੋ ਇਕ ਵਾਰੀ ਬੁੱਧ ਜੀ ਤੇ ਉਸ ਦੇ ਚੇਲੇ ਅਨੰਦ ਵਿਚ ਹੋਇਆ ਸੀ।

ਸਵਾਲ ਸੀ : ਉਹ ਕੌਣ ਹੈ ਜੋ ਦੁਖਦਾਇਕ ਤੇ ਕੰਡਿਆਲੇ ਰਾਹਾਂ ਨੂੰ ਲਿਤਾੜਦਾ ਹੈ ਤੇ ਸਫ਼ਲਤਾ-ਪੂਰਵਕ ਪੈਂਡਾ ਤਹਿ ਕਰੀ ਟੁਰੀ ਜਾਂਦਾ ਹੈ?

ਜਵਾਬ ਸੀ : ਉਹ ਸਿੱਖ ਹੀ ਹੈ।

ਸਵਾਲ : ਸਿੰਘ ਕਿਸ ਨੂੰ ਕਹਿੰਦੇ ਹਨ?

ਜਵਾਬ : 'ਸਿੰਘ' ਸ਼ੇਰ ਵਾਂਗ ਹੀ ਆਪਣੀ ਗ਼ਾਰ ਵਿਚੋਂ ਨਿਕਲ ਕੇ ਪਹਿਲਾਂ ਅੰਗੜਾਈ ਲੈਂਦਾ ਹੈ, ਫਿਰ ਸਰੀਰ ਨੂੰ ਛੰਡਦਾ, ਇਰਦ-ਗਿਰਦ ਝਾਕਦਾ ਤੇ ਕੰਨ ਖੜੇ ਕਰਕੇ ਸੁਣਦਾ, ਫਿਰ ਦਹਾੜਦਾ ਅਤੇ ਪਿਛੋਂ ਭਿਣਕ ਪੈਣ 'ਤੇ ਜੂਝ ਪੈਂਦਾ ਹੈ।

ਕੁਝ ਇਸੇ ਤਰ੍ਹਾਂ ਹੀ ਸਿੱਖ ਪੈਂਡਾ ਕਰਦਾ, ਕਾਮ-ਕ੍ਰੋਧ ਪਛਾੜਦਾ, ਸੱਚ ਘਰ ਪੁੱਜ, ਸਿੰਘ ਹੋ ਜਾਂਦਾ ਹੈ। ਸਿੰਘ ਸਰੀਰ ਦਾ ਖ਼ਿਆਲ ਛੱਡ ਸਰੀਰ ਤੋਂ ਉਚੇਰਾ ਹੋ, ਕਰਮਾਂ ਦੇ ਬੰਧਨ ਤੋੜ, ਦੁਖੀਆਂ ਦੀ ਆਵਾਜ਼ ਸੁਣ, ਜੂਝਣ ਲਈ ਸਦਾ ਤੱਤਪਰ ਹੈ।

ਸਿੰਘ ਉਹ ਹੈ ਜਿਸ ਨੇ ਆਪਣੀ ਹਉਮੈ ਦਾ ਪੂਰਨ ਅਭਾਵ ਕਰ ਲਿਆ ਹੈ। ਹੁਣ 'ਐਸੇ ਪੁਰਸ਼ਾਂ ਦਾ ਕੋਈ ਆਪਣਾ ਨਾਮ ਵਿਸ਼ੇਸ਼ ਨਹੀਂ ਰਿਹਾ। ਕਲਗੀਧਰ ਆਪੂੰ ਕਿਹਾ ਕਰਦੇ ਸਨ ਕਿ ਸਿੰਘ ਨਾਮ ਆਤਮ ਬ੍ਰਹਮ ਗਿਆਨ ਦਾ ਹੈ। ਸਿੰਘ ਨੂੰ ਕੇਵਲ ਸਰੀਰਕ ਬਹਾਦਰੀ ਨਾਲ ਜੋੜਨਾ ਤਾਂ ਸਾਕਤ ਮਤ ਹੈ।

ਭਾਈ ਗੁਰਦਾਸ ਜੀ (ਦੂਜੇ) ਨੇ ਬਹੁਤ ਹੀ ਸੋਹਣਾ ਸਿੰਘ ਬਾਰੇ ਕਿਹਾ ਸੀ :

ਸਿੰਘ ਸੋਈ ਜੋ ਕੇਸਾਂ ਨੋ ਮਾਨੈ,
ਨ ਕੇਸਾਂ ਕੋ ਮਾਨੈ ਤੋ ਕਾਹੇ ਕਾ ਪੂਰ॥
ਕਰਦ ਕਟਾਰੀ ਕਾ ਜੁੱਧ ਮਚਾਵਤ,
ਬਰਛੀ ਨਾਲ ਉੜਾਵਤ ਤੂਰ॥
ਗੰਗ ਸੁਰੰਗ ਕਾ ਭੇਦ ਨਾ ਜਾਨੈ,
ਕਿਰਯਾ ਕੇ ਕਰਮ ਕਰੇ ਚਕਚੂਰ॥
ਤੁਰਕ ਪਠਾਣ ਕੀ ਆਨਿ ਨਾ ਮਾਨੈ,
ਸੋਈ ਸਿੰਘ ਅਕਾਲ ਕਾ ਨੂਰ॥



Sri Satguru Jagjit Singh Ji eLibrary NamdhariElibrary@gmail.com

## ਖ਼ਾਲਸਾ ਕਿਸ ਨੂੰ ਕਹਿੰਦੇ ਹਨ ?

'ਲੁਗਾਤੇ ਕਸ਼ੋਰੀ' ਵਿਚ ਖ਼ਾਲਸਾ ਦੇ ਅਰਥ ਇਹ ਕੀਤੇ ਹਨ :

'ਵਹੁ ਜ਼ਮੀਨ ਬਾਦਸ਼ਾਹੀ,
ਜੋ ਕਿਸੀ ਕੀ ਜਾਗੀਰ ਨ ਹੋ।'

ਕਬੀਰ ਜੀ ਗੁਰੂ ਗ੍ਰੰਥ ਸਾਹਿਬ ਵਿਚ ਫ਼ੁਰਮਾਂਦੇ ਹਨ ਕਿ ਜਿਸ ਨੇ ਹਿਰਦੇ ਵਿਚ ਪ੍ਰਭੂ ਦੀ ਭਗਤੀ ਨੂੰ ਦ੍ਰਿੜ੍ਹ ਕਰ ਲਿਆ, ਹੋਰ ਦੂਜਾ ਖਿਆਲ ਨੇੜੇ ਨਾ ਆਉਣ ਦਿੱਤਾ, ਉਹ ਪ੍ਰਭੂ ਦਾ ਆਪਣਾ ਖ਼ਾਲਸਾ ਹੈ।

'ਕਹੁ ਕਬੀਰ ਜਨ ਭਏ ਖਾਲਸੇ,
ਪ੍ਰੇਮ ਭਗਤਿ ਜਿਹ ਜਾਨੀ।' (ਸੋਰਠਿ)

ਦਸਮੇਸ਼ ਪਿਤਾ ਨੇ ਸਿੱਖ ਨੂੰ ਖ਼ਾਲਸਾ ਬਣਾਇਆ ਕਿ ਉਹ ਹੁਣ ਕੇਵਲ ਵਾਹਿਗੁਰੂ ਜੀ ਕਾ ਹੈ। ਖਾਲਸੇ ਦੇ ਅਤੇ ਵਾਹਿਗੁਰੂ ਦਰਮਿਯਾਨ ਕੋਈ ਵਿਚੋਲਾ ਜਾਂ ਕੋਈ ਸਿਫਾਰਸ਼-ਹਾਮਾ ਭਰਨ ਵਾਲਾ ਨਹੀਂ।

ਕਲਗੀਧਰ ਨੇ ਖ਼ਾਲਸੇ ਦੀ ਸਿਫਤ ਕਰਦੇ ਆਪੂੰ ਕਿਹਾ ਸੀ :

"ਪੂਰਨ ਜੋਤਿ ਜਗੈ ਘਟ ਮੈ,
ਤਬ ਖ਼ਾਲਸਾ ਤਾਹਿ ਨਖਾਲਸ ਜਾਨੈ।।"

ਭਾਵ ਜਦ ਅੰਦਰਲੇ ਪ੍ਰਭੂ ਦਾ ਪੂਰਨ ਪ੍ਰਕਾਸ਼ ਹੋ ਜਾਏ ਤਾਂ ਹੀ ਖ਼ਾਲਸਾ ਨੂੰ ਨਿਰੋਲ ਖ਼ਾਲਸਾ ਜਾਣੋ।

ਗੁਰ ਸੋਭਾ ਦੇ ਲਿਖਾਰੀ ਕਵੀ ਸੈਨਾਪਤੀ ਨੇ ਲਿਖਿਆ ਹੈ :

ਆਗੈ ਜਿਨ ਕੇ ਨਾਇਬ ਹੋਤੇ।
ਨਾਵ ਮਸੰਦ ਸਗਲ ਥੇ ਜੇਤੇ।
ਸੋ ਸਤਿਗੁਰ ਕੀਏ ਦੂਰ ਸਬ
ਪਰਮ ਜੋਤਿ ਨਿਜ ਧਾਰ।
ਸਕਲ ਸਿਖ ਭਏ ਖਾਲਸਾ,
ਸੁਣੀਐ ਸਾਚ ਬਿਚਾਰ।

ਕਵੀ ਸੰਤੋਖ ਸਿੰਘ ਨੇ ਖ਼ਾਲਸਾ ਸ਼ਬਦ ਦੇ ਅੱਖਰਾਂ ਨੂੰ ਲੈ ਕੇ ਅਰਥ ਕੀਤੇ ਹਨ ਕਿ ਖ਼ਾਲਸਾ ਉਹ ਹੈ ਜਿਸ ਵਿਚ ਰੂਹਾਨੀਅਤ, ਸੰਸਾਰਕ ਤੇ ਵਿਹਾਰ ਦਾ ਮੇਲਵਾਂ ਸੰਗਮ ਹੈ। ਸੰਪੂਰਨ ਸ਼ਖ਼ਸੀਅਤ ਨੂੰ ਖ਼ਾਲਸਾ ਕਹਿੰਦੇ ਹਨ।

ਫ਼ਾਰਸੀ ਹਿਜਿਆਂ خ ا ل ص ہ ਨੂੰ ਲੈ ਕੇ ਜਦ ਅਰਥ ਕੀਤੇ ਜਾਂਦੇ ਹਨ ਤਾਂ



Sri Satguru Jagjit Singh Ji eLibrary NamdhariElibrary@gmail.com

ਭਾਵ ਨਿਕਲਦਾ ਹੈ : ਵਾਹਿਗੁਰੂ ਹਰ ਵੇਲੇ ਆਪਣੇ ਸਿੰਘ ਨਾਲ ਸੰਪਰਕ ਵਿਚ ਹੈ। ਦੋਨੋਂ ਇਕ ਦੂਜੇ ਨਾਲ ਜਦ ਚਾਹੁਣ ਗੱਲਾਂ ਕਰ ਸਕਦੇ ਹਨ :

(ਹਾਟ ਲਾਈਨ ਅਸਥਾਪਨ ਹੈ ਸੁਰਤਿ ਉਠਾਈ ਤੇ ਗੱਲ ਕਰ ਲਈ)।

ਵਾਹਿਗੁਰੂ ਦੇ ਹੁਕਮ ਵਿਚ ਖ਼ਾਲਸਾ ਸਦਾ ਖੜ੍ਹਾ ਹੈ ਅਤੇ ਵਾਹਿਗੁਰੂ ਅੱਗੋਂ ਖ਼ਾਲਸੇ ਨੂੰ 'ਆਜ਼ਾਦੀ' ਤੇ ਸਰਬ ਸਮਰੱਥਾ ਬਖ਼ਸ਼ਦਾ ਹੈ ਤਾਂਕਿ ਜੀਵਾਂ ਦਾ ਕਲਿਯਾਣ ਹੋ ਸਕੇ।

ਦੂਜੇ ਸ਼ਬਦਾਂ ਵਿਚ ਜਿੱਥੇ ਵਾਹਿਗੁਰੂ ਨੇ ਆਪਣਾ ਚਮਤਕਾਰ ਦਿਖਾਉਣਾ ਹੁੰਦਾ ਹੈ, ਉਥੇ ਆਪਣਾ ਰੂਪ ਖ਼ਾਲਸਾ ਭੇਜ ਦਿੰਦਾ ਹੈ।

ਇਸੇ ਲਈ *ਪਿਨਕਾਟ* ਨੇ ਆਪਣੀ ਪੁਸਤਕ ਸਿੱਖ ਰਿਲੀਜਨ ਵਿਚ ਲਿਖਿਆ ਸੀ :

"ਪੰਜਾਬ ਵਿਚ ਜਮਹੂਰੀਅਤ ਦੇ ਰਾਖੇ ਅਜਿਹੇ ਮਤਵਾਲੇ ਪੈਦਾ ਹੋ ਗਏ ਜਿਨ੍ਹਾਂ ਨੂੰ ਰੱਬ ਦਾ ਭੈ ਸੀ ਅਤੇ ਜਿਨ੍ਹਾਂ ਨੇ ਜਾਤ-ਪਾਤ ਦੀਆਂ ਸਦੀਆਂ ਪੁਰਾਣੀਆਂ ਮਨੁੱਖਤਾ ਹੀਣ ਬੰਦਸ਼ਾਂ ਤੋੜ ਦਿੱਤੀਆਂ।"

"ਜਿਨ੍ਹਾਂ ਨੇ ਰੱਬ ਸਾਹਮਣੇ ਪ੍ਰਣ ਕੀਤੇ ਕਿ ਸਾਰੀ ਮਾਨਵਤਾ ਦੀ ਸਾਰੀ ਜ਼ਾਤੀ, ਉਨ੍ਹਾਂ ਲਈ ਇਕ ਸਮਾਨ ਹੈ।"

"ਐਸੇ ਸਾਜੇ ਖ਼ਾਲਸੇ ਦੀ ਨਜ਼ਰ ਵਿਚ ਛੋਟੇ ਵੱਡੇ ਦੀ ਕੋਈ ਤਮੀਜ਼ ਨਹੀਂ ਸੀ। ਉਹ ਇਹ ਹੀ ਜਾਣਦੇ ਹਨ ਕਿ ਸਾਰੇ ਇਨਸਾਨ ਇਕੋ ਮਨੁੱਖੀ ਭਾਈਚਾਰੇ ਵਿਚ ਬਰਾਬਰ ਦੀ ਮਹੱਤਤਾ ਵਾਲੇ ਅੰਗ ਹਨ।"

"ਇਹ ਸਭ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਦਾ ਹੀ ਸਾਰੰਸ਼ ਸੀ।"

ਡੇਵਿਡ ਰਾਸ (Ross) ਨੇ ਲਿਖਿਆ ਸੀ ਕਿ ਖ਼ਾਲਸੇ ਵਰਗਾ ਦੀਦਾਰੀ ਪੁਰਸ਼ ਕਿਧਰੇ ਨਜ਼ਰੀਂ ਨਹੀਂ ਆਉਂਦਾ।

ਕਨਿੰਘਮ ਨੇ ਲਿਖਿਆ ਸੀ :

'ਖ਼ਾਲਸਾ ਉੱਚੀਆਂ ਸੋਚਾਂ ਵਾਲਾ, ਰੱਬੀ ਪਹੁੰਚ ਵਾਲਾ ਅਤੇ ਅੰਮ੍ਰਿਤ ਨਾਲ ਭਰਪੂਰ ਸੂਰਬੀਰ ਹੈ।'

ਕਿਤਨਾ ਪ੍ਰਭਾਵ ਸੀ ਖ਼ਾਲਸੇ ਦਾ ਕਿ ਜਦ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ, ਸਰਦਾਰ ਹਰੀ ਸਿੰਘ ਨਲੂਆ ਤੇ ਕੰਵਰ ਨੌ-ਨਿਹਾਲ ਸਿੰਘ ਨੂੰ ਇਕੱਠਿਆਂ ਕਾਬਲ ਵੱਲ ਧਾਂਦਿਆਂ ਦੇਖਿਆ ਤਾਂ ਅਫ਼ਗਾਨ ਕਹਿ ਰਹੇ ਸਨ :

ਇੰਝ ਲੱਗਦਾ ਹੈ ਕਿ ਅਲਾਹ ਨੇ ਵੀ ਅੰਮ੍ਰਿਤ ਛੱਕ ਲਿਆ ਹੈ।

## ਪੰਥ ਦੇ ਠੀਕ ਅਰਥ ਕੀ ਹਨ ?

ਪੰਥ ਦੇ ਭਾਵ ਅਰਥਾਂ ਵਾਲਾ ਕੋਈ ਸ਼ਬਦ ਨਾ ਹਿੰਦੂ ਕੋਸ਼ ਵਿਚ ਹੈ, ਨਾ ਮੁਸਲਮਾਨ ਲੁਗਾਤ ਵਿਚ ਅਤੇ ਨਾ ਹੀ ਕਿਸੇ ਡਿਕਸ਼ਨਰੀ ਵਿਚ।

ਹਿੰਦੂ ਦੀ ਸੋਚ ਸੰਪ੍ਰਦਾਇਕ ਭਾਵ ਤੋਂ ਅੱਗੇ ਨਹੀਂ ਜਾ ਸਕੀ ਅਤੇ ਮੁਸਲਮਾਨ ਮਿੱਲਤ ਦੀ ਬੰਦਸ਼ ਵਿਚੋਂ ਨਹੀਂ ਨਿਕਲ ਸਕਿਆ ਤੇ ਅੰਗ੍ਰੇਜ਼ ਨਸਲ ਤੋਂ ਅਗੇਰੇ ਸੋਚ ਨਹੀਂ ਸਕਿਆ।

***ਪੰਥ ਉਹ ਸ਼ਖ਼ਸੀਅਤ ਹੈ ਜੋ ਗੁਰੂ ਆਸ਼ਿਆਂ ਅਨੁਸਾਰ ਜੀਵਨ ਢਾਲ ਕੇ ਆਪਾ ਵਾਰਨ ਲਈ ਤੱਤਪਰ ਹੈ।*** ਇਸ ਵਿਚ ਸੰਪ੍ਰਦਾਇਕ ਵਾਲੀ ਸੰਕੀਰਤਨਾ ਨਹੀਂ, ਇਸਲਾਮ ਵਾਲਾ ਕੱਟੜਪੁਣਾ ਨਹੀਂ ਅਤੇ ਨਸਲ ਵਾਲਾ ਕੁਲ-ਅਭਿਮਾਨ ਨਹੀਂ। 'ਕਿਰਤ ਨਾਸ਼, ਕਰਮ ਨਾਸ਼, ਕੁਲ ਨਾਸ਼ ਤੇ ਧਰਮ ਨਾਸ਼' ਕਰ ਕੇ ਹੀ ਪੰਥ ਦਾ ਅੰਗ ਕੋਈ ਬਣ ਸਕਦਾ ਹੈ।

ਬਲਵੰਡ ਜੀ ਤੇ ਸਤੈ ਜੀ ਨੇ ਜਦ 'ਦਰੁ ਸੇਵੇ ਉਮਤਿ ਖੜੀ' ਲਿਖਿਆ ਸੀ ਤਾਂ ਉਸ ਦਾ ਇਹ ਹੀ ਭਾਵ ਸੀ ਕਿ 'ਇਕ ਵਿਸ਼ਵਾਸ ਵਾਲੇ, ਹੋਰ ਕਿਸੇ ਪਾਸੇ ਨਾ ਝਾਕਣ ਵਾਲੇ। ਸ਼ੁੱਧ ਸਾਫ਼ ਚਿੱਤ (ਮਸਕਲੈ ਹੋਇ ਜੰਗਾਲੀ) ਕੀਤੇ ਹੋਏ।'

ਕਨਿੰਘਮ ਨੇ ਕਿਹਾ ਸੀ ਕਿ ਜਦ ਦਸਾਂ ਹੀ ਗੁਰੂ ਸਾਹਿਬਾਨਾਂ ਦੀ ਜੋਤ ਦਾ ਝਲਕਾਰਾ ਇਕ ਸਿੱਖ ਵਿਚ ਵੀ ਦਿੱਸ ਪਵੇ ਤਾਂ ਉਹ ਪੰਥ ਹੈ। ਇਸ ਲਈ ਸਿੱਖ ਇਕੱਲਾ ਨਹੀਂ, 'ਫ਼ੌਜ' ਹੈ।

'ਮੰਨੈ ਮਗੁ ਨ ਚਲੈ ਪੰਥੁ' ਤੋਂ ਵੀ ਇਹ ਹੀ ਭਾਵ ਹੈ ਕਿ ਸਿੱਖ ਮੌਤ ਦੇ ਭੈ ਤੋਂ ਮੁਕਤ ਹੋ ਕੇ ਖੁਲ੍ਹੇਆਮ 'ਸ਼ਾਹ ਰਾਹ' ਪੰਥ 'ਤੇ ਟੁਰਦਾ ਹੈ। 'ਭਰਮਾਂ, ਵਹਿਮਾਂ ਦੀਆਂ ਪਗਡੰਡੀਆਂ ਦਾ ਰਾਹ ਉਹ ਨਹੀਂ ਅਪਣਾਉਂਦਾ ਸਗੋਂ :

'ਧਰਮ ਰਾਇ ਤਿਨ ਕਾ ਮਿਤ ਹੈ,<br>ਜਮ ਮਗਿ ਨ ਪਾਵੈ'॥

ਪੰਥ ਗੁਰੂ ਨਾਨਕ ਦੇਵ ਜੀ ਨੇ ਹੀ ਪ੍ਰਗਟ ਕਰ ਦਿੱਤਾ ਸੀ ਅਤੇ ਗੁਰੂ ਸਾਹਿਬਾਨ ਉਸੇ ਸ਼ਾਹ ਰਾਹ 'ਤੇ ਟੁਰਨ ਲਈ ਸਿੱਖ ਨੂੰ ਤਿਆਰ ਕਰ ਰਹੇ ਸਨ। ਗੁਰੂ ਅਰਜਨ ਦੇਵ ਜੀ ਦੇ ਇਹ ਬਚਨ ਸਦਾ ਯਾਦ ਰੱਖਣੇ ਹਨ :

"ਮਨ ਤੇ ਉਪਜੀ ਪ੍ਰਗਟਯੋ ਜਗ ਪੰਥ॥<br>ਤਹਿ ਕਾਰਨ ਕੀਚੇ ਅਬ ਗ੍ਰੰਥ'॥ (ਮਹਿਮਾ ਪ੍ਰਕਾਸ਼)



Sri Satguru Jagjit Singh Ji eLibrary NamdhariElibrary@gmail.com

ਜਦ ਅਸੀਂ ਅੰਮ੍ਰਿਤ ਛਕਣ ਉਪ੍ਰੰਤ ਇਹ ਮੰਨਦੇ ਹਾਂ ਕਿ ਸਾਡਾ ਸਭ ਦਾ ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਅਤੇ ਵਾਸੀ ਅਨੰਦਪੁਰ ਦੇ ਹਾਂ ਤਾਂ ਅਸੀਂ ਟੱਬਰ ਹੋਏ ਨਾ ਕਿ ਨਸਲ ਜਾਂ ਫ਼ਿਰਕਾ।

ਪੰਥ ਕਿਸੇ ਦੁਨਿਆਵੀ ਪਾਤਸ਼ਾਹ ਦੀ ਰਯਤ ਨਹੀਂ। ਇਹ ਸੁਤੰਤਰ ਹੈ ਤੇ ਸੁਤੰਤਰਤਾ ਲਈ ਘੋਲ ਜਾਰੀ ਰੱਖੇਗਾ।

"ਪੰਥ ਆਦਿ ਤੇ ਘੁਲਤੇ ਆਯੋ,
ਦੁਸ਼ਟ ਪਾਤਸ਼ਾਹੈ ਰਯਤ ਸੁਨਾਯੋ।" (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

## ਰਹਿਤ ਮਰਯਾਦਾ ਕੀ ਹੈ ਅਤੇ ਰਹਿਤਨਾਮਾ ਕਿਹੜਾ ਪ੍ਰਵਾਨ ਹੈ?

'ਸਿੱਖ ਨਿਯਮਾਂ ਦੀ ਪਾਬੰਦੀ ਅਤੇ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਕਿਰਿਆ ਨੂੰ ਰਹਿਤ ਮਰਯਾਦਾ ਕਹਿੰਦੇ ਹਨ।' ਰਹਿਤ ਮਰਯਾਦਾ ਨੂੰ 'ਕੁਲੈਕਟਿਵ ਪ੍ਰਸਨੈਲੇਟੀ ਔਫ਼ ਦੀ ਪੰਥ' (Collective Personality of the Panth) ਵੀ ਕਹਿ ਸਕਦੇ ਹਾਂ। ਕਿਸੇ ਵਿਅਕਤੀ ਨੂੰ ਕੋਈ ਹੱਕ ਨਹੀਂ ਕਿ ਇਸ ਪੰਥਕ ਸ਼ਖ਼ਸੀਅਤ ਨੂੰ ਭੰਗ ਕਰਨ ਦਾ ਹੀਆ ਕਰੇ।

ਭਾਈ ਦਇਆ ਸਿੰਘ ਜੀ ਨੇ ਰਹਿਤ ਦੀ ਮਹੱਤਤਾ ਦ੍ਰਿੜ੍ਹਾਂਦੇ ਕਹਿਆ ਸੀ :

**ਸਿਖ ਸ਼ਬਦ ਤੇ ਜਾਣੀਏ**
**ਰਹਿਤ ਤੇ ਪਛਾਣੀਏ।**

ਅੱਜ ਇਹ ਰਹਿਤ ਮਰਯਾਦਾ ਉਹ ਹੀ ਹੈ ਜੋ ਪੰਥ ਦੀ ਚੁਣੀ ਹੋਈ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਰਹਿਤ ਮਰਯਾਦਾ ਦੇ ਨਾਮ ਹੇਠ ਜਾਰੀ ਕੀਤੀ ਹੈ।

ਬਾਕੀ ਜਿਤਨੇ ਵੀ ਰਹਿਤਨਾਮੇ ਹਨ ਉਹ ਪ੍ਰੇਮੀ ਸਿੱਖਾਂ ਨੇ ਆਪਣੀ ਬੁੱਧੀ ਤੇ ਨਿਸਚੇ ਅਨੁਸਾਰ ਲਿਖੇ ਸਨ। ਰਹਿਤਨਾਮਿਆਂ ਦੀ ਗਿਣਤੀ ੩੭ ਤੱਕ ਕਹਿੰਦੇ ਹਨ। ਸੋ ਇਹ ਹੀ ਵਿਚਾਰ ਕੇ ਕਿ ਪੰਥ ਛੱਡ ਕਿਧਰੇ ਸਿੱਖ ਆਪਣੀ-ਆਪਣੀ ਪੈੜ ਹੀ ਨਾ ਸਭ ਟੁਰਨ ਲੱਗ ਪੈਣ, ਇਕ ਰਹਿਤ ਮਰਯਾਦਾ ਤਿਆਰ ਕੀਤੀ ਸੀ।

ਰਹਿਤ ਮਰਯਾਦਾ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ :

ਇਕ ਹਿੱਸੇ ਦਾ ਨਾਮ ***ਸ਼ਖਸੀ ਰਹਿਣੀ*** ਤੇ ਦੂਜੇ ਦਾ ***ਪੰਥਕ ਰਹਿਣੀ*** ਹੈ।

ਸ਼ਖਸੀ ਰਹਿਣੀ ਦੇ ਅੱਗੋਂ ਤਿੰਨ ਅਧਿਆਇ ਹਨ :

੧. ਨਾਮ ਬਾਣੀ ਦਾ ਅਭਿਆਸ,
੨. ਗੁਰਮਤਿ ਦੀ ਰਹਿਣੀ ਅਤੇ
੩. ਸੇਵਾ

ਪੰਥਕ ਰਹਿਣੀ ਦੇ ਪੰਜ ਅਧਿਆਇ ਹਨ :

੧. ਗੁਰੂ ਪੰਥ।
੨. ਅੰਮ੍ਰਿਤ ਸੰਸਕਾਰ।
੩. ਤਨਖ਼ਾਹ ਲਾਉਣ ਦੀ ਵਿਧੀ।
੪. ਗੁਰਮਤਾ ਕਰਨ ਦੀ ਵਿਧੀ। ਅਤੇ
੫. ਸਥਾਨਕ ਫ਼ੈਸਲਿਆਂ ਦੀ ਅਪੀਲ।



Sri Satguru Jagjit Singh Ji eLibrary NamdhariElibrary@gmail.com

ਫਿਰ *ਨਾਮ ਬਾਣੀ ਦਾ ਅਭਿਆਸ ਦੇ ਅਧਿਆਇ ਦੀਆਂ ਅੱਗੋਂ* ਧਾਰਾਵਾਂ ਹਨ :

ਅੰਮ੍ਰਿਤ ਵੇਲਾ,
ਨਿਤਨੇਮ,
ਅਰਦਾਸ,
ਸਾਧ ਸੰਗਤ,
ਗੁਰਬਾਣੀ ਦੀ ਕਥਾ,
ਵਿਖਿਆਨ,
ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ।

*ਹਰ ਧਾਰਾ ਦੇ ਅੱਗੋਂ ਨਿਯਮ ਦੱਸੇ ਹਨ :*

*ਅੰਮ੍ਰਿਤ ਵੇਲੇ* ਦਾ ਇਕ।
*ਨਿਤਨੇਮ* ਦਾ ਇਕ।

ਅਰਦਾਸ ਦੇ ਤਿੰਨ, ਜਿਨ੍ਹਾਂ ਅਨੁਸਾਰ ਸਾਧ ਸੰਗਤ ਵਿਚ ਅਰਦਾਸ ਕਰਨ ਦੀ ਵਿਧੀ ਦੱਸੀ ਹੈ।

ਸਾਧ ਸੰਗਤ ਦੀ ਧਾਰਾ ਵਿਚ ਫਿਰ ਵੱਖ-ਵੱਖ ਸਿਰਲੇਖਾਂ ਹੇਠਾਂ ਨਿਯਮ ਦਿੱਤੇ ਹਨ :

ਗੁਰਦੁਆਰਾ ਸਿਰਲੇਖ ਹੇਠ—ਉੱਨੀ (੧੯) ਨਿਯਮ।
ਕੀਰਤਨ ਦੇ—ਚਾਰ (੪) ਨਿਯਮ।
ਹੁਕਮ ਲੈਣ ਦੇ—ਪੰਜ (੫)
ਸਾਧਾਰਨ ਪਾਠ ਦਾ—ਇਕ (੧)
ਆਖੰਡ ਪਾਠ ਦੇ—ਤਿੰਨ (੩)
ਆਖੰਡ ਪਾਠ ਦੇ ਅਰੰਭ ਤੇ ਭੋਗ ਦੀ ਵਿਧੀ ਦੇ—ਦੋ (੨)
ਕੜਾਹ ਪ੍ਰਸ਼ਾਦਿ—ਚਾਰ (੪)
*ਗੁਰਬਾਣੀ ਦੀ ਕਥਾ ਵਾਲੀ ਧਾਰਾ ਦੇ—ਤਿੰਨ (੩).*
*ਵਿਖਿਆਨ ਦਾ*—ਇਕ (੧).
*ਗੁਰਦੁਆਰੇ ਦੇ ਪ੍ਰੋਗ੍ਰਾਮ ਦਾ*—ਇਕ (੧).

***ਗੁਰਮਤਿ ਦੀ ਰਹਿਣੀ*** ਦੇ ਅਧਿਆਇ ਦੀਆਂ ***ਪੰਜ ਧਾਰਾਵਾਂ*** ਹਨ :

੧. ਗੁਰਮਤਿ
੨. ਜਨਮ ਤੇ ਨਾਮ ਸੰਸਕਾਰ
੩. ਅਨੰਦ ਸੰਸਕਾਰ
੪. ਮਿਰਤਕ ਸੰਸਕਾਰ
੫. ਹੋਰ ਰੀਤੀਆਂ

Sri Satguru Jagjit Singh Ji eLibrary NamdhariElibrary@gmail.com

*ਗੁਰਮਤਿ ਦੇ ਅੱਗੋਂ ਵੀਹ (੨੦) ਨਿਯਮ :*
*ਜਨਮ ਸੰਸਕਾਰ* ਦੇ ਤਿੰਨ (੩)
*ਅਨੰਦ ਸੰਸਕਾਰ* ਦੇ ਸਤਾਰਾਂ (੧੭)
*ਮਿਰਤਕ ਸੰਸਕਾਰ* ਦੇ ਸੱਤ (੭)

ਅਤੇ

ਰੀਤੀਆਂ ਦਾ ਇਕ (੧)
ਸੇਵਾ ਦੇ ਅਧਿਆਇ ਦੀਆਂ ਤਿੰਨ ਧਾਰਾਵਾਂ ਹਨ :
੧. ਗੁਰਦੁਆਰਿਆਂ ਦਾ ਪ੍ਰਬੰਧ
੨. ਗੁਰੂ ਕਾ ਲੰਗਰ
੩. ਪੰਗਤਿ ਦੇ ਨਿਯਮ।
*ਪੰਥਕ ਰਹਿਣੀ ਦੇ ਹਿੱਸੇ ਦੇ* ਪਹਿਲੇ ਅਧਿਆਇ
ਗੁਰੂ ਪੰਥ ਦੀ ਧਾਰਾ ਦੇ ਦੋ (੨) ਨਿਯਮ
ਅੰਮ੍ਰਿਤ ਸੰਸਕਾਰ ਦੇ ਵੀਹ (੨੦)
*ਤਨਖ਼ਾਹ ਲਾਉਣ* ਦੀ ਵਿਧੀ ਦੇ ਤਿੰਨ (੩)
ਗੁਰਮਤਾ ਕਰਨ ਦੀ ਵਿਧੀ ਦੇ ਦੋ (੨)

ਅਤੇ

*ਸਥਾਨਕ ਫ਼ੈਸਲਿਆਂ ਦੀ ਅਪੀਲ* ਦਾ ਇਕ (੧)

33

# ਰਹਿਤ ਕੁਰਹਿਤ

## *ਰਹਿਤ, ਕੁਰਹਿਤ ਤੋਂ ਕੀ ਭਾਵ ਹੈ?*

ਚਾਰ ਕੁਰਹਿਤਾਂ ਅਤੇ ਪੰਜ ਰਹਿਤਾਂ ਹਨ :

ਕੁਰਹਿਤਾਂ :

੧. ਕੇਸਾਂ ਦੀ ਬੇਅਦਬੀ

੨. ਕੁੱਠਾ ਖਾਣਾ (ਕੁੱਠਾ ਤੋਂ ਉਹ ਭਾਵ ਹੈ ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ)।

੩. ਪਰ ਇਸਤਰੀ ਜਾਂ ਪਰ ਪੁਰਸ਼ ਦਾ ਭੋਗਣਾ।

੪. ਤਮਾਕੂ ਦਾ ਵਰਤਣਾ।

ਇਹਨਾਂ ਵਿਚੋਂ ਕੋਈ ਕੁਰਹਿਤ ਹੋ ਜਾਏ ਤਾਂ ਮੁੜ ਕੇ ਅੰਮ੍ਰਿਤ ਛਕਣਾ ਜ਼ਰੂਰੀ ਹੈ।

ਆਪਣੀ ਇੱਛਾ ਵਿਰੁੱਧ ਅਣਭੋਲ ਹੀ ਕੋਈ ਕੁਰਹਿਤ ਹੋ ਜਾਏ ਤਾਂ ਦੰਡ ਕੋਈ ਨਹੀਂ ਪਰ ਅੰਮ੍ਰਿਤ ਛਕਣਾ ਜ਼ਰੂਰੀ ਹੈ।

*ਰਹਿਤਾਂ :*

੧. ਕੇਸ।

੨. ਕ੍ਰਿਪਾਨ (ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ)।

੩. ਕਛਹਿਰਾ (ਕਿਸੇ ਵੀ ਕੱਪੜੇ ਦਾ ਹੋ ਸਕਦਾ ਹੈ ਪਰ ਗੋਡਿਆਂ ਤੋਂ ਨੀਵਾਂ ਨਾ ਹੋਵੇ)।

੪. ਕੰਘਾ।

੫. ਕੜਾ (ਸਰਬ ਲੋਹ ਦਾ ਹੋਵੇ)।

ਕਾਬਲ ਦੀ ਸੰਗਤ ਦੇ ਨਾਮ ਹੁਕਮਨਾਮੇ ਵਿਚ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਤਕਰੀਬਨ ਦੋ ਹੀ ਮਹੀਨਿਆਂ ਪਿਛੋਂ ੨੬ ਜੇਠ ੧੭੫੬ ਮੁਤਾਬਕ ੨੫ ਮਈ, ੧੬੯੯ ਨੂੰ ਲਿਖਿਆ ਸੀ, ਵਿਚ ਇਸੇ ਤਰ੍ਹਾਂ ਹੁਕਮ ਕੀਤੇ ਸਨ :

ਹੁਕਮਨਾਮੇ ਦੇ ਸ਼ਬਦ ਇਹ ਸਨ :

"ਤੁਸੀਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ।
ਕੇਸ ਰੱਖਣੇ ਇਹ ਅਸਾਡੀ ਮੋਹਰ ਹੈ।
ਕਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ।
ਸਰਬ ਲੋਹ ਦਾ ਕੜਾ ਹੱਥ ਰੱਖਣਾ।



Sri Satguru Jagjit Singh Ji eLibrary NamdhariElibrary@gmail.com

ਦੋਨੋਂ ਵਕਤ ਕੇਸਾਂ ਦੀ ਪਾਲਨਾ ਕੰਘੇ ਸਿਓ ਕਰਨੀ।
ਸਰਬਤ ਸੰਗਤ ਅਭਾਖਿਆ ਦਾ ਕੁੱਠਾ ਮਾਸ ਖਾਵੈ ਨਹੀਂ।
ਤਮਾਕੂ ਨਾ ਵਰਤਣਾ।
ਪਰ ਤਨ ਗਾਮੀ ਨਹੀਂ ਹੋਣਾ।
ਭਾਦਣੀ ਤਥਾ ਕੰਨਿਆਂ ਮਾਰਨ ਵਾਲੇ ਸੇ ਮੇਲ ਨਾ ਰੱਖੋ।
ਮੀਣੇ ਮਸੰਦੀਏ ਰਾਮ ਰਾਈਏ ਕੀ ਸੰਗਤਿ ਨਾ ਬੈਸੋ।
ਗੁਰਬਾਣੀ ਪੜ੍ਹਨੀ।
ਵਾਹਿਗੁਰੂ ਵਾਹਿਗੁਰੂ ਜਪਣਾ।
ਗੁਰ ਕੀ ਮੱਤ ਰੱਖਣੀ।"

ਸ਼ਖਸੀਅਤ ਨੂੰ ਸੰਪੂਰਨ ਅਤੇ ਪੰਥ ਨੂੰ ਨਿਆਰਾ ਬਣਾਉਣ ਲਈ ਹੀ ਇਹ ਹੁਕਮ ਕੀਤੇ ਸਨ।

ਕੇਸਾਂ ਨੂੰ ਖ਼ੂਬਸੂਰਤੀ ਤੇ ਰੂਹਾਨੀਅਤ ਦਾ ਮੂਲ (ਅਲਟੀਮੇਟ ਸੈਂਸ ਔਫ਼ ਬੀਊਟੀ ਐਂਡ ਸਪ੍ਰਿਚੁਲੈਟੀ) ਮਿਥਿਆ ਜਾਂਦਾ ਹੈ।

ਕੈਲੀਫ਼ੋਰਨੀਆ ਦੀ ਇਕ ਯੂਨੀਵਰਸਿਟੀ ਸੈਨਜੋਜ਼ ਨੇ ਖੋਜ ਦਾ ਇਹ ਸਿੱਟਾ ਦਿੱਤਾ ਹੈ ਕਿ :

ਸਾਬਤ ਸੂਰਤ ਵਾਲਾ, 'ਅਸਲ ਮਰਦ, ਰਸ ਭਰਿਆ, ਭਰਵਾਂ, ਸੰਪੂਰਨ, ਸੋਹਣਾ, ਇਰਾਦੇ ਦਾ ਪੱਕਾ, ਦਲੇਰ, ਉਦਾਰ ਚਿਤ, ਲੰਮੀ ਨਦਰ ਅਤੇ ਚੌੜੀ ਦ੍ਰਿਸ਼ਟੀ ਵਾਲਾ ਹੁੰਦਾ ਹੈ। (Masculine, Mature, Good Looking, Self-confident, Courageous, Liberal, Non-Confirmist & Idustrious.)

*ਦੂਜੇ,* ਅਭਾਖਿਆ ਕਾ 'ਕੁੱਠਾ ਬਕਰਾ ਖਾਣਾ' ਨੂੰ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਗੁਲਾਮੀ ਦਾ ਪ੍ਰਗਟਾਵਾ ਕਿਹਾ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਸਰਬ ਸੰਗਤ ਅਭਾਖਿਆ ਕਾ ਕੁਠਾ ਮਾਸ ਖਾਵੈ ਨਾਹੀ', ਦਾ ਹੁਕਮ ਦੇ ਕੇ ਗੁਲਾਮੀ ਤੋਂ ਨਿਜਾਤ ਦਿਲਵਾ ਦਿੱਤੀ। ਅਮਰਨਾਮਾ ਵਿਚ ਦਸਮੇਸ਼ ਪਿਤਾ ਨੇ ਹੁਕਮ ਕੀਤਾ ਸੀ ਕਿ ਜਾਨਵਰ ਨੂੰ ਹਲਾਲ (ਕੁੱਠਾ) ਢੰਗ ਨਾਲ ਨਹੀਂ ਮਾਰਨਾ :

"ਕਨੂੰ ਦਰ ਕੁੱਠਾ ਜਾਨਵਰ ਰਾ ਮਜ਼ਨ।"

*ਤੀਜਾ,* ਹੁਕਮ ਕਿ ਪਰ ਤਨ ਗਾਮੀ ਨਹੀਂ ਹੋਣਾ, ਪੰਥ ਨੂੰ ਉਚੇਰਾ ਲੈ ਜਾਣ ਲਈ ਸੀ। ਲੋਕੀਂ ਇਹ ਪ੍ਰਚਾਰਦੇ ਸਨ ਕਿ ਜੰਗ ਵਿਚ ਸਭ ਜਾਇਜ਼ ਹੈ। ਆਪ ਜੀ ਨੇ ਸਿੰਘ ਨੂੰ ਆਚਰਨ ਦੀ ਮੂਰਤ ਬਣਾ ਦਿੱਤਾ। ਇਥੋਂ ਤੱਕ ਕਿ ਕੋਈ ਔਰਤ ਜੰਗ ਵਿਚ ਹੱਥ ਆ ਵੀ ਜਾਏ ਤਾਂ ਉਸਨੂੰ ਸਿੱਖ ਆਪਣੀ ਮਾਂ ਜਿਹਾ ਹੀ ਆਦਰ ਦੇਂਦੇ ਸਨ :

"ਨ ਗੀਂਰਦ ਜ਼ਨ ਤਬ ਮਾਦਰ ਕਿਆਂ।।"

*ਚੌਥੇ,* 'ਤਮਾਕੂ ਦਾ ਹੱਲਾ ਸਰੀਰ ਤੇ ਆਤਮਾ ਦੋਵਾਂ ਤੇ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (W.H.O.) ਨੇ ਇਸ ਨੂੰ ਅਜ਼ਦਹਾ (ਹਾਈਡਰਾ ਹੈਡਿਡ

Sri Satguru Jagjit Singh Ji eLibrary NamdhariElibrary@gmail.com

ਮਾਨਸਟਰ) ਕਿਹਾ ਹੈ, ਜਿਸ ਦਾ ਸਿਰ ਕੁਚਲਣਾ ਜ਼ਰੂਰੀ ਹੈ।

ਗਾਂਧੀ ਜੀ ਨੇ ਆਪਣੀ 'ਆਤਮ-ਕਥਾ' ਵਿਚ ਸਿਗਰਟ ਪੀਣ ਨੂੰ ਅਤਿ ਗਲੀਜ਼, ਸਿਹਤ-ਉਜਾੜੂ, ਸਮਾਜ ਅਤੇ ਇਖ਼ਲਾਕ ਖੁਣੋਂ ਜਿਸ ਦੇ ਹੱਕ ਵਿਚ ਕੋਈ ਸ਼ਬਦ ਨਹੀਂ ਕਿਹਾ ਜਾ ਸਕਦਾ, ਗਰਦਾਨਿਆ ਸੀ।

(Most Unclean, Unhygenic, Both Socially and Morally Indefensible.)

ਹੁਣ ਦੀ ਖੋਜ ਤਾਂ ਇਹ ਵੀ ਦੱਸ ਰਹੀ ਹੈ ਕਿ ਤਮਾਕੂ-ਨੋਸ਼ੀ ਚੇਤੇ ਤੇ ਯਾਦ-ਸ਼ਕਤੀ ਨੂੰ ਘਟਾਉਂਦੀ ਹੈ। ਬੁੱਧੂ ਬਣਾਉਂਦੀ ਹੈ।

(Nicotine in cigarette smoke may cause a reduction in the person's ability to learn and remember.) ਤਮਾਕੂ-ਨੋਸ਼ੀ ਸਹਿਣਸ਼ੀਲਤਾ ਦੀ ਵੀ ਵੈਰਨ ਹੈ, ਚਿੜਚਿੜਾ ਬਣਾ ਦੇਂਦੀ ਹੈ।

(Continued smoking may cause subtle changes in the neuorogical function and may play a part in the reduction of tolerance.)

*ਸੋ, ਕੇਸ ਲਖਾਇਕ ਹਨ :* ਜੀਅ ਦਾਨ, ਭਗਤੀ ਤੇ ਪਰ-ਉਪਕਾਰ ਦੇ।

(Visible Symbol of the Sikh Commitment to life.)

*ਕੰਘਾ* : ਸਵਾਰੀ ਸੁੱਚੀ ਸ਼ਖ਼ਸੀਅਤ (Orderliness & Cleanliness) ਦਾ।

*ਕ੍ਰਿਪਾਨ* : ਕ੍ਰਿਪਾ ਤੇ ਆਨ (Power with Honour) ਦਾ।

*ਕੜਾ* : ਦ੍ਰਿੜ੍ਹ ਚਿਤ (Resolve with Purpose) ਦਾ।

*ਕਛਹਿਰਾ* : ਮਰਯਾਦਾ, ਸੁਸ਼ੀਲਤਾ ਤੇ ਪਵਿੱਤਰਤਾ (Decency, Morality and Purity) ਦਾ।

❑❑

Sri Satguru Jagjit Singh Ji eLibrary NamdhariElibrary@gmail.com

## 34

# ਅੰਮ੍ਰਿਤ

### ਅੰਮ੍ਰਿਤ ਦੀ ਮਹਿਮਾ ਗਾਓ ਅਤੇ ਵਰਣਨ ਕਰੋ, ਕਿਸ ਤਰ੍ਹਾਂ ਛਕਾਇਆ ਜਾਂਦਾ ਹੈ ?

ਅੰਮ੍ਰਿਤ ਦੀ ਖੋਜ ਵਿਚ ਕਦੀਮਾਂ ਤੋਂ ਦੇਵਤੇ, ਸੂਰਮੇ ਅਤੇ ਮੁਨੀ ਲੋਕ ਲੱਗੇ ਹੋਏ ਸਨ। 'ਸੁਰ ਨਰ ਮੁਨਜਨ ਅੰਮ੍ਰਿਤ ਖੋਜਦੇ' ਦਾ ਫ਼ੁਰਮਾਨ ਗੁਰੂ ਅਮਰਦਾਸ ਜੀ ਨੇ ਕੀਤਾ ਹੈ। ਸਿੱਖ ਖ਼ੁਸ਼ਕਿਸਮਤ ਹੈ ਕਿ ਉਸ ਨੂੰ ਗੁਰੂ ਨੇ ਅੰਮ੍ਰਿਤ ਸਿਰਫ਼ ਛਕਾਇਆ ਹੀ ਨਹੀਂ ਸਗੋਂ ਤਿਆਰ ਕਰਨ ਦੀ ਵਿਧੀ ਵੀ ਦੱਸੀ। ਫਿਰ ਅੰਮ੍ਰਿਤ 'ਪੰਜਾਂ ਪਿਆਰਿਆਂ' ਤੋਂ ਲੈਣ ਦਾ ਹੁਕਮ ਹੀ ਨਾ ਕੀਤਾ ਸਗੋਂ ਦਸਮੇਸ਼ ਜੀ ਨੇ ਆਪ ਉਹਨਾਂ ਪੰਜਾਂ ਹੱਥੀਂ ਛਕ ਕੇ ਮਹਿਮਾ ਦੇ ਨਾਲ-ਨਾਲ ਲੋੜ ਵੀ ਦਰਸਾ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਸਰਬ ਕਲਾ ਸੰਪੂਰਨ ਸਨ ਪਰ ਜਦ ਬੀਰ ਆਸਣ ਲਗਾ ਉਹਨਾਂ ਆਪ ਅੰਮ੍ਰਿਤ ਪੰਜਾਂ ਤੋਂ ਲਿਆ ਤਾਂ ਫਿਰ ਅੱਜ ਬਹਿਸ ਖ਼ਤਮ ਹੋ ਜਾਣੀ ਚਾਹੀਦੀ ਹੈ ਕਿ ਇਸ ਦੀ ਲੋੜ ਕੀ ਹੈ ਜਾਂ ਮਹੱਤਤਾ ਕੀ ਹੈ ? ਜਿਸ ਅੰਮ੍ਰਿਤ ਦੀ ਜਾਚਨਾ ਦੁਨੀਆਂ ਦੇ ਮਾਲਕ ਕਲਗੀਧਰ ਕਰਦੇ ਹਨ, ਅਸੀਂ ਕੌਣ ਵਿਚਾਰੇ ਹਾਂ ?

ਗੁਰ ਬਿਲਾਸ ਪਾਤਸ਼ਾਹੀ ਕ੍ਰਿਤ ਕੋਇਰ ਸਿੰਘ ਦੀ ਗਵਾਹੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਅੱਗੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੈਨੂੰ ਵੀ ਅੰਮ੍ਰਿਤ ਦੀ ਦਾਤ ਦੇ ਕੇ ਖ਼ਾਲਸਾ ਬਣਾਓ। ਹੁਣ ਜੱਟ, ਗ਼ੈਰ-ਜੱਟ, ਉਚੇ-ਨੀਵੇਂ, ਗੁਰੂ-ਚੇਲੇ ਦਾ ਕੋਈ ਫ਼ਰਕ ਨਹੀਂ। ਬਿਲਕੁਲ ਉਸੇ ਤਰ੍ਹਾਂ ਮੈਨੂੰ ਖ਼ਾਲਸਾ ਸਜਾਓ ਜਿਵੇਂ ਤੁਸੀਂ ਬਣੇ ਹੋ ?

"ਉਤਰ ਸਿੰਘਾਸਨ ਜੁਗ ਕਰ ਜੋਰੀ।
ਅੰਮ੍ਰਿਤ ਲੇਤ ਆਪ ਸਿਖ ਮੋਰੀ।
ਬੈਸ ਸੂਦ, ਏ ਜਾਣ ਅਪਾਰਾ।
ਤਾਕੋ ਪੰਥ ਮਾਹ ਮੈ ਧਾਰਾ।।

ਇਹ ਬਚਨ ਸੁਣ ਪੰਜੇ ਪਿਆਰੇ ਚੁੱਪ ਹੋ ਗਏ ਪਰ ਫਿਰ ਇਕ ਪਿਆਰੇ ਨੇ ਕਿਹਾ : "ਸੱਚੇ ਪਾਤਸ਼ਾਹ! ਇਹ ਅਸੀਂ ਕਿਵੇਂ ਕਰੀਏ ?"

ਮਹਾਰਾਜ ਨੇ ਕਿਹਾ : ਸਾਵਧਾਨ ਹੋ ਕੇ ਅੰਮ੍ਰਿਤ ਦੀ ਦਾਤ ਮੈਨੂੰ ਦਿਉ। ਉਸੇ ਤਰ੍ਹਾਂ ਜਿਵੇਂ ਤੁਸਾਂ 'ਗੁਰੂ' ਕੋਲੋਂ ਲਈ ਹੈ।

"ਜਾ ਵਿਧਿ ਅੰਮ੍ਰਿਤ ਤੁਮ ਗੁਰ ਪਾਯੋ।
ਤੈਸੇ ਮੋਹਿ ਪਿਲਾਯੋ ਭਾਯੋ।"

ਉਨ੍ਹਾਂ ਪੰਜਾਂ ਨੇ ਉਸੇ ਤਰ੍ਹਾਂ ਅੰਮ੍ਰਿਤ ਛਕਾਇਆ ਜਿਵੇਂ ਆਪ ਪਾਇਆ ਸੀ ਤੇ



Sri Satguru Jagjit Singh Ji eLibrary NamdhariElibrary@gmail.com

ਰਹਿਤ ਵੀ ਦ੍ਰਿੜ੍ਹਾਈ।

ਇਹ ਭੁੱਲ ਕੇ ਵੀ ਨਹੀਂ ਕਹਿਣਾ ਕਿ ਫਲਾਣੇ ਜਥੇ ਕੋਲੋਂ ਅੰਮ੍ਰਿਤ ਛਕਿਆ ਹੈ। ਫਲਾਣੇ ਵਿਅਕਤੀ ਕੋਲੋਂ ਪਾਨ ਕੀਤਾ ਹੈ। ਪੰਜਾਂ ਵਿਚ ਉਹ ਆਪ ਵਰਤਦੇ ਹਨ। ਹੁਕਮ ਹੈ :

"ਅੰਮ੍ਰਿਤ ਪੀਆ, ਸਤਿਗੁਰਿ ਦੀਆ॥
ਅਵਰ ਨ ਜਾਣਾ ਦੂਆ ਤੀਆ।" (ਮਾਰੂ ਮਹਲਾ ੧, ਦਖਣੀ)

*ਅੰਮ੍ਰਿਤਪਾਨ ਕਰਨ ਦੀ ਵਿਧੀ ਇਸ ਪ੍ਰਕਾਰ ਹੈ :*

ਉਥੇ ਇੰਤਜ਼ਾਮ ਕੀਤਾ ਜਾਏ ਜਿੱਥੇ ਆਮ ਲਾਂਘਾ ਨਾ ਹੋਵੇ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ। ਇਕ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਜਾਏ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ।

*ਇਹਨਾਂ ਵਿਚ ਸਿੰਘਣੀਆਂ ਵੀ ਹੋ ਸਕਦੀਆਂ ਹਨ।*

ਇਹਨਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ। ਇਹਨਾਂ ਪੰਜਾਂ ਵਿਚ ਕੋਈ ਵੀ ਅੰਗਹੀਣ ਭਾਵ ਅੰਨ੍ਹਾ, ਕਾਣਾ, ਲੂਲਾ ਜਾਂ ਲੰਗੜਾ ਨਾ ਹੋਵੇ। ਕੋਈ ਦੀਰਘ ਰੋਗ ਵਾਲਾ ਵੀ ਨਾ ਹੋਵੇ।

ਕੋਈ ਤਨਖ਼ਾਹੀਆ ਵੀ ਨਾ ਹੋਵੇ।

ਸਾਰੇ ਦਰਸ਼ਨੀ ਸਿੰਘ ਹੋਣ।

ਅੰਮ੍ਰਿਤ ਛਕਣ ਦਾ ਅਧਿਕਾਰ ਹਰ ਦੇਸ਼, ਹਰ ਮਜ਼੍ਹਬ,ਹਰ ਜ਼ਾਤੀ, ਹਰ ਇਕ ਇਸਤਰੀ ਪੁਰਸ਼ ਨੂੰ ਹੈ। ਸਿਰਫ਼ ਜ਼ਰੂਰੀ ਹੈ ਕਿ ਹੋਸ਼ ਸੰਭਾਲੀ ਹੋਵੇ।

ਅੰਮ੍ਰਿਤ ਛਕਣ ਵਾਲੇ ਹਰ ਪ੍ਰੇਮੀ ਨੇ ਕੇਸੀ ਇਸ਼ਨਾਨ ਕੀਤਾ ਹੋਵੇ ਤੇ ਪੰਜ ਕਰਾਰ (ਕੇਸ, ਕ੍ਰਿਪਾਨ—ਗਾਤਰੇ ਵਾਲੀ, ਕਛਹਿਰਾ, ਕੜਾ, ਕੰਘਾ) ਧਾਰਨ ਕੀਤੇ ਹੋਣ।

ਅਨਮਤ ਦਾ ਕੋਈ ਚਿੰਨ੍ਹ ਉਸ ਪਾਸ ਨਾ ਹੋਵੇ। ਇਹ ਜ਼ਰੂਰੀ ਹੈ ਕਿ ਜੇ ਕਿਸੇ ਨੇ ਕੁਰਹਿਤ ਕਰਕੇ ਫਿਰ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪਿਆਰੇ ਤਨਖ਼ਾਹ ਲਗਾ ਲੈਣ।

ਅੰਮ੍ਰਿਤ ਅਭਿਲਾਖੀਆਂ ਨੂੰ ਪਹਿਲਾਂ ਸਿੱਖ ਧਰਮ ਦੇ ਅਸੂਲ ਦੱਸੇ ਜਾਣ ਤੇ ਪੁੱਛਿਆ ਜਾਏ ਕਿ ਕੀ ਤੁਸੀਂ ਖ਼ੁਸ਼ੀ ਨਾਲ ਧਰਮ ਕਬੂਲਦੇ ਹੋ।

ਜਦ 'ਹਾਂ' ਦਾ ਉੱਤਰ ਆਵੇ ਤਾਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰਕੇ 'ਹੁਕਮ' ਲਵੇ। ਹੁਕਮ ਪਿਛੋਂ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਜਾਣ।

ਬਾਟਾ ਸਰਬ ਲੋਹ ਦਾ ਹੋਵੇ ਤੇ ਚੌਂਕੀ ਜਾਂ ਕਿਸੇ ਹੋਰ ਸਵੱਛ ਟੇਕ ਤੇ ਰੱਖਿਆ ਹੋਵੇ।

ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਣ ਹੋ ਕੇ ਬੈਠ ਜਾਣ।

ਬੀਰ ਆਸਣ, ਸੱਜਾ ਗੋਡਾ ਜ਼ਮੀਨ 'ਤੇ ਧਰ ਕੇ, ਸੱਜੀ ਲੱਤ ਦਾ ਭਾਰ ਪੱਬ 'ਤੇ

ਰੱਖ ਕੇ ਬੈਠਣ ਅਤੇ ਖੱਬਾ ਗੋਡਾ ਉੱਚਾ ਕਰਕੇ ਰੱਖਣ ਨੂੰ ਕਹਿੰਦੇ ਹਨ।

ਜਪੁ ਸਾਹਿਬ, ਜਾਪੁ ਸਾਹਿਬ, ਦਸ ਸਵੱਈਏ ਜੋ 'ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਉ ਘਰ ਜੋਗ ਜਤੀ ਕੇ' ਤੋਂ ਆਰੰਭ ਹੋ ਕੇ 'ਕੁਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨਾ ਪਾਇਓ' ਤੇ ਸਮਾਪਤ ਹੁੰਦੇ ਹਨ।

ਪਾਤਸ਼ਾਹੀ ੧੦ ਕਬਿਯੋਬਾਚ ।। ਬੇਨਤੀ।। ਚੌਪਈ।।

ਜੋ 'ਹਮਰੀ ਕਰੋ ਹਾਥ ਦੈ ਰੱਛਾ' ਤੋਂ ਆਰੰਭ ਹੋ ਕੇ 'ਸਰਬ ਠੌਰ ਮੋ ਹੋਹੁ ਸਹਾਈ।। ਦੁਸ਼ਟ ਦੋਖ ਤੇ ਲੇਹੁ ਬਚਾਈ' ਤੇ ਸਮਾਪਤ ਹੁੰਦੀ ਹੈ।

ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ ਦਾ ਪਾਠ ਕਰਨਾ।

ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਪਾਠ ਕਰਦਿਆਂ ਸੁਰਤਿ ਇਕਾਗਰ ਰੱਖਣੀ ਹੈ ਅਤੇ ਬਾਕੀ ਪਿਆਰਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਹੋਣ ਤੇ ਧਿਆਨ ਅੰਮ੍ਰਿਤ ਵੱਲ ਟਿਕੇ।

ਪਾਠ ਦੀ ਸਮਾਪਤੀ ਮਗਰੋਂ ਫਿਰ ਅਰਦਾਸ ਕੀਤੀ ਜਾਏ। ਇਹ ਸੰਭਾਲ ਰੱਖਣੀ ਕਿ ਅੱਧ-ਵਾਟਿਓਂ ਅੰਮ੍ਰਿਤ ਛਕਣ ਲਈ ਕੋਈ ਸ਼ਾਮਿਲ ਨਾ ਹੋਵੇ।

ਅਰਦਾਸ ਉਪ੍ਰੰਤ ਹਰ ਇਕ ਅੰਮ੍ਰਿਤ ਅਭਿਲਾਖੀ ਨੂੰ ਬੀਰ ਆਸਣ ਕਰਾ ਕੇ, ਉਸ ਦੇ ਖੱਬੇ ਹੱਥ ਉੱਪਰ ਸੱਜਾ ਹੱਥ ਰੱਖ ਕੇ, ਇਕ ਪਿਆਰਾ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਤੇ ਹਰ ਚੁਲਾ ਛਕਣ ਤੋਂ ਉਪ੍ਰੰਤ ਜਦ ਬੋਲੇ :

"ਵਾਹਿਗੁਰੂ ਜੀ ਕਾ ਖ਼ਾਲਸਾ।।
ਵਾਹਿਗੁਰੂ ਜੀ ਕੀ ਫ਼ਤਹ।।"

ਕਹੇ ਤਾਂ ਅੱਗੋਂ ਅੰਮ੍ਰਿਤ ਛਕਣ ਵਾਲਾ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ ਬੁਲਾਏ।

ਫਿਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ ਵਿਚ ਪਾਏ ਜਾਣ ਤੇ ਉਂਞ ਹੀ :

"ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਹ।"

ਗਜਾਈ ਜਾਵੇ।

ਫਿਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ ਤੇ ਹਰ ਚੁਲੇ ਪਿਛੋਂ :

"ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫ਼ਤਹ।"

ਬੁਲਾਈ ਜਾਵੇ।

ਜੋ ਅੰਮ੍ਰਿਤ ਬਚ ਜਾਏ ਉਸਨੂੰ ਸਾਰੇ ਇਕੱਠੇ ਹੀ ਬਾਟੇ ਵਿਚੋਂ ਛਕਣ।

ਇਸ ਉਪ੍ਰੰਤ ਪੰਜੇ ਪਿਆਰੇ ਹੁਣ ਰਲ ਕੇ ਇਕ ਆਵਾਜ਼ ਨਾਲ ਵਾਹਿਗੁਰੂ ਦਾ

Sri Satguru Jagjit Singh Ji eLibrary NamdhariElibrary@gmail.com

ਨਾਮ ਦੱਸ ਕੇ ਮੂਲ ਮੰਤਰ ਸੁਣਾਉਣ ਤੇ ਫਿਰ ਯਾਦ ਵੀ ਕਰਾਉਣ।

ਫਿਰ ਪੰਜਾਂ ਪਿਆਰਿਆਂ ਵਿਚੋਂ ਕੋਈ ਇਕ ਰਹਿਤ ਦੱਸੇ ਤੇ ਇਹ ਆਖੇ :

"ਅੱਜ ਤੋਂ ਤੁਸੀਂ ਸਤਿਗੁਰ ਕੇ ਜਨਮੈ ਗਵਨ ਮਿਟਾਇਆ ਹੈ ਅਤੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਏ ਹੋ।

ਤੁਹਾਡਾ ਧਾਰਮਿਕ ਪਿਤਾ ***ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ*** ਜੀ ਹਨ।

ਜਨਮ ਆਪ ਜੀ ਦਾ ***ਕੇਸਗੜ੍ਹ*** ਤੇ ਵਾਸੀ ***ਅਨੰਦਪੁਰ ਸਾਹਿਬ*** ਦੇ ਹੋ। ਏਕ ਪਿਤਾ ਦੇ ਪੁੱਤਰ ਹੋਣ ਕਾਰਨ ਸਾਰੇ ਭਰਾ ਹੋ।

ਤੁਸੀਂ ਪਿਛਲੀ ਕੁਲ, ਕਿਰਤੀ, ਕਰਮ, ਧਰਮ ਦਾ ਤਿਆਗ ਕਰਕੇ ਭਾਵ ਪਿਛਲੀ ਜਾਤ-ਪਾਤ, ਜਨਮ, ਦੇਸ਼, ਮਜ਼ਬ ਦਾ ਖ਼ਿਆਲ ਤੱਕ ਛੱਡ ਕੇ ਨਿਰੋਲ ਖ਼ਾਲਸ ਹੋਏ ਹੋ।

ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ-ਦੇਵਤੇ, ਅਵਤਾਰ-ਪੈਗ਼ੰਬਰ ਦੀ ਉਪਾਸ਼ਨਾ ਨਹੀਂ ਕਰਨੀ।

ਦਸਾਂ ਗੁਰੂ ਸਾਹਿਬਾਨ ਤੇ ਉਹਨਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ।

***ਗੁਰਮੁਖੀ ਜਾਣਨੀ ਲਾਜ਼ਮੀ ਹੈ।*** ਜੇ ਜਾਣਦੇ ਹੋ ਤਾਂ ਭਲਾ, ਨਹੀਂ ਤਾਂ ਸਿੱਖ ਲਵੋ।

ਨਿਤਨੇਮ ਰੋਜ਼ ਕਰਨਾ :

ਅੰਮ੍ਰਿਤ ਵੇਲੇ : ਜਪੁ ਸਾਹਿਬ, ਜਾਪੁ ਸਾਹਿਬ, ਸਵੱਯੇ।

ਸ਼ਾਮ ਨੂੰ : ਸੋਦਰੁ ਰਹਿਰਾਸ ਸਾਹਿਬ

ਅਤੇ

ਰਾਤ ਨੂੰ ਸੌਣ ਵੇਲੇ : ਸੋਹਿਲਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਜਾਂ ਸੁਣਨਾ।

ਸਿਰਗੁੰਮ (ਪਤਿਤ), ਨੜੀਮਾਰ (ਜੋ ਸਿੱਖ ਹੋ ਕੇ ਤੰਮਾਕੂ ਪੀਵੇ) ਦਾ ਸੰਗ ਨਹੀਂ ਕਰਨਾ।

ਪੰਥ ਸੇਵਾ ਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ।

ਆਪਣੀ ਕਮਾਈ ਵਿਚੋਂ ਦਸਵੰਧ ਦੇਣਾ ਤੇ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ।

ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਪਰੋਏ ਰਹਿਣਾ।

ਰਹਿਤ ਵਿਚ ਕੋਈ ਭੁੱਲ ਹੋ ਜਾਏ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਤਨਖ਼ਾਹ ਬਖ਼ਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

ਤਨਖ਼ਾਹੀਆ ਉਹ ਹੈ ਜੋ ਮੀਣੇ, ਮਸੰਦਾਂ, ਧੀਰਮਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਮੇਲ ਰੱਖਦਾ ਹੈ :

ਜਾਂ

Sri Satguru Jagjit Singh Ji eLibrary NamdhariElibrary@gmail.com

੧. ਨੜੀਮਾਰ (ਤਮਾਕੂ ਪੀਣ ਵਾਲੇ), ਕੁੜੀਮਾਰ, ਸਿਰਗੁੰਮ ਨਾਲ ਵਰਤਦਾ ਹੈ।

੨. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਂਦਾ ਹੈ।

੩. ਦਾਹੜੀ ਰੰਗਦਾ ਹੈ।

੪. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਦਾ ਹੈ।

੫. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੋਕੀਨ ਡ੍ਰਗ ਆਦਿ) ਸੇਵਨ ਕਰਦਾ ਹੈ।

੬. ਗੁਰਮਤਿ ਦੇ ਵਿਰੁੱਧ ਕੋਈ ਸੰਸਕਾਰ ਕਰਦਾ ਹੈ।

੭. ਰਹਿਤ ਵਿਚ ਕੋਈ ਭੁੱਲ ਕਰਦਾ ਹੈ।

ਇਹ ਸਿੱਖਿਆ ਦੇਣ ਉਪਰੰਤ ਅਰਦਾਸ ਕੀਤੀ ਜਾਏ।

ਪਿਛੋਂ ਹੁਕਮ ਲਿਆ ਜਾਵੇ ਤੇ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਰੱਖਿਆ ਹੋਇਆ ਤਾਂ ਉਸ ਦਾ ਨਾਮ ਹੁਣ ਬਦਲ ਕੇ ਰੱਖਿਆ ਜਾਵੇ।

ਫਿਰ ਕੜਾਹ ਪ੍ਰਸ਼ਾਦਿ ਵਰਤੇ ਤੇ ਸਾਰੇ ਅੰਮ੍ਰਿਤ ਛਕਣ ਵਾਲੇ ਇਕੋ ਹੀ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਛਕਣ।

Sri Satguru Jagjit Singh Ji eLibrary NamdhariElibrary@gmail.com

# 35 ਨੇਮ ਗੁਰਗੱਦੀ

***ਗੁਰਗੱਦੀ ਦੀ ਜ਼ਿੰਮੇਵਾਰੀ ਦੇਣ ਵੇਲੇ ਗੁਰੂ ਪਾਤਸ਼ਾਹਾਂ ਨੇ ਕੀ ਨੇਮ ਅਪਣਾਏ ਅਤੇ ਗੁਰ ਗੱਦੀ ਜਿਨ੍ਹਾਂ ਨੂੰ ਬਖ਼ਸ਼ੀ, ਉਹਨਾਂ ਦੇ ਆਪਸ ਵਿਚ ਰਿਸ਼ਤੇ ਬਿਆਨ ਕਰੋ।***

ਗੁਰਗੱਦੀ ਦੀ ਜ਼ਿੰਮੇਵਾਰੀ ਦਾ ਨੇਮ ਦੱਸਦੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ :

"ਇਹ ਤਾਂ ਪ੍ਰਮੇਸ਼ਵਰ ਵੱਲੋਂ ਹੁੰਡੀ ਹੈ, ਜੋ ਸੇਵਕ ਨੂੰ ਤਾਰਨੀ ਹੈ ਅਤੇ ਸੇਵਕ ਮੈਂ ਡਿੱਠਾ ਭਾਈ ਲਹਿਣਾ।"

ਗੁਰਗੱਦੀ ਕੋਈ ਐਸ਼ ਦੀ ਸ਼ੈ ਨਹੀਂ, ਇਹ ਤਾਂ ਜ਼ਿੰਮੇਵਾਰੀ ਸੀ ਜਿਸ ਨੂੰ ਨਿਬਾਹ ਉਹ ਹੀ ਸਕਦਾ ਸੀ ਜਿਸ ਦੇ ਹਿਰਦੇ ਹਉਮੈ ਦਾ ਅਭਾਵ ਸੀ। ਗੁਰਗੱਦੀ ਦੀ ਜ਼ਿੰਮੇਵਾਰੀ ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਦਾ ਦੇਣਾ ਇਕ ਇਨਕਲਾਬ ਸੀ ਜਿਸ ਦੇ ਤੁੱਲ ਸੰਸਾਰ ਭਰ ਵਿਚ ਕੋਈ ਘਟਨਾ ਨਹੀਂ।

੧੬੮੮ ਈ. ਨੂੰ ਇੰਗਲੈਂਡ ਵਿਚ ਸ਼ਾਨਦਾਰ ਇਨਕਲਾਬ (Glorious Revolution) ਹੋਇਆ ਸੀ, ਜਿੱਥੇ ਰਾਜ ਗੱਦੀ ਬਗ਼ੈਰ ਖ਼ੂਨ-ਖ਼ਰਾਬੇ ਦੇ ਬਦਲ ਗਈ ਸੀ ਪਰ ਖ਼ੂਨ ਦੇ ਰਿਸ਼ਤੇ ਕਾਇਮ ਰਹੇ ਸਨ। ਵਿਲਯਮ ਤੇ ਮੇਰੀ ਜੋ ਤਖ਼ਤ 'ਤੇ ਬੈਠਾਏ ਗਏ ਉਨ੍ਹਾਂ ਵਿਚ ਮੇਰੀ ਜੇਮਜ਼ ਪਹਿਲੇ ਦੀ ਹੀ ਧੀ ਸੀ।

ਭਾਈ ਲਹਿਣਾ ਜੀ ਤਾਂ ਗੁਰੂ ਨਾਨਕ ਦੇਵ ਜੀ ਦੇ ਦੂਰੋਂ ਦੇ ਵੀ ਰਿਸ਼ਤੇਦਾਰ ਨਹੀਂ ਸਨ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਕਿਸੇ ਪੱਖੋਂ ਦੇਖੋ ਇਹ ਭਾਈ ਲਹਿਣੇ ਨੂੰ ਗੁਰਗੱਦੀ ਦੇਣੀ ਨਿਰਾਲੀ ਚਾਲ ਸੀ।

ਨਵੀਂ ਬਾਤ ਸੀ, ਜੁੱਗ ਪਲਟਾਊ ਚਲਣ ਸੀ ਤੇ ਸ਼ਾਨਦਾਰ ਇਨਕਲਾਬ ਸੀ।

ਪਹਿਲੀ ਗੱਲ ਹੀ ਦੇਖੋ ਦੁਨਿਆਵੀ ਪਾਤਸ਼ਾਹ ਜੋ ਹੁੰਦੇ ਹਨ ਉਹ ਜੀਉਂਦੇ ਜੀਅ ਕਿਸੇ ਨੂੰ ਪਾਤਸ਼ਾਹੀ ਨਹੀਂ ਦੇਂਦੇ। "ਇਥੇ ਥਾਪਿਆ ਲਹਿਣੇ ਜੀਵਦੈ" ਤੇ ਜੋ ਕੋਈ ਜੀਊਂਦੇ ਦੇਂਦਾ ਵੀ ਤਾਂ ਮਰਨ ਸੇਜਾ 'ਤੇ ਪਿਆ।

ਤਖ਼ਤ 'ਤੇ ਬੈਠਦੇ ਸਾਰ ਪੁੱਤਰ ਪਹਿਲਾ ਕੰਮ ਇਹ ਕਰਦਾ ਹੈ ਕਿ ਸਭ ਫੌਜਾਂ ਨੂੰ ਹੁਕਮ ਦੇ ਕੇ ਆਪਣੀ ਤਾਬੇਦਾਰੀ ਮਨਾਉਂਦਾ ਹੈ। ਆਪਣੇ ਨਾਂ ਦੀ ਦੋਹੀ ਫੇਰਦਾ ਹੈ।

ਬਾਕੀ ਸਾਰੇ ਜਹਾਨ ਕੋਲੋਂ ਜੋ ਉਸ ਦੇ ਅਧੀਨ ਹਨ, ਮਸੀਤ ਵਿਚ ਜਾ ਕੇ ਪ੍ਰਣ



Sri Satguru Jagjit Singh Ji eLibrary NamdhariElibrary@gmail.com

ਲੈਂਦਾ ਹੈ ਕਿ ਉਸ ਨੂੰ ਹੀ ਹੁਣ ਬਾਦਸ਼ਾਹ ਮੰਨਣਗੇ, ਪਿਤਾ ਦੇ ਨਾਮ 'ਤੇ ਚੱਲਦੇਂ ਸਿੱਕੇ ਮੋੜ ਲਏ ਜਾਂਦੇ ਹਨ।

ਫਿਰ ਖ਼ਜ਼ਾਨੇ ਤੇ ਆਪਣਾ ਕਬਜ਼ਾ ਕਰ ਕੇ, ਆਪਣੀ ਹੀ ਮੋਹਰ ਲਗਾਂਦਾ ਹੈ। ਆਪਣੇ ਆਪ ਨੂੰ ਭਾਗਾਂ ਦਾ ਮਾਲਕ ਮਿੱਥਦਾ ਹੈ।

ਪਰ ਗੁਰੂ ਨਾਨਕ ਬਾਬੇ ਦੇ ਘਰ ਚਾਲ ਨਿਰਾਲੀ ਹੈ। ਖੇਡ ਅਸਚਰਜ ਹੈ। ਇਥੇ ਨਾਂਹ ਰਾਹ ਬਦਲਦਾ ਹੈ, ਨਾਂਹ ਮੰਜ਼ਲ, ਨਾਂਹ ਗੀਤ ਬਦਲਦੀ ਹੈ, ਨਾਂਹ ਰਿਵਾਜ। ਉਹੋ ਹੀ ਇਕੋ ਅਕਾਲ ਪੁਰਖ ਦੇ ਨਾਮ ਦੀ ਦੋਹੀ, ਇਕੋ ਟਕਸਾਲ ਸਾਧ ਸੰਗਤਿ, ਇਕੋ ਖ਼ੁੱਤਬਾ (ਬਾਣੀ ਜਾਂ ਪੋਥੀ ਜਾਂ ਗ੍ਰੰਥ) ਇਕੋ ਨਾਮ ਨਾਨਕ ਦਾ, ਇਕੋ ਤਖ਼ਤ ਗੁਰਿਆਈ ਦੀ ਜ਼ਿੰਮੇਵਾਰੀ ਵਾਲਾ ਤੇ ਇਕੋ ਮੋਹਰ ਸੱਚੇ ਨਾਮ ਦੀ ਜੋ ਦਰਗਾਹ ਵਿਚ ਚਲਣੀ ਹੈ।

ਹੋਰ ਝੂਠੀਆਂ ਪਾਤਸ਼ਾਹੀਆਂ ਦੇ ਅਨੇਕਾਂ ਝਗੜੇ, ਲੱਖਾਂ ਸੰਸੇ, ਕਰੋੜਾਂ ਬਿਖੇੜੇ ਪਰ ਇਸ ਪਾਤਸ਼ਾਹੀ ਹੇਠ ਜੋ ਵੀ ਆਇਆ, ਜਿਸ ਨੇ ਸਿਰ ਝੁਕਾਇਆ, ਦੀਦਾਰ ਕੀਤੇ, ਉਸ ਨੂੰ ਸੁੱਖ ਦਾ ਫਲ ਮਿਲਿਆ :

'ਬਾਬਾਣੈ ਘਰਿ ਚਾਲ ਹੈ, ਗੁਰਮਤਿ ਗਾਡੀ ਰਾਹ ਨਿਬਾਹੀ॥
ਇਕੋ ਦੋਹੀ, ਟਕਸਾਲ ਇਕ,
ਇਕ ਕੁਤਬਾ, ਤਖ਼ਤ ਸੱਚਾ ਦਰਗਾਹੀ॥
ਗੁਰਮਤਿ ਸੁਖ ਫਲੁ, ਦਾਦਿ ਇਲਾਹੀ"॥ ੩੧॥

*ਜ਼ਰਾ ਗਹੁ ਨਾਲ ਤੱਕੋ ਤਾਂ ਹੋਰ ਅਸਚਰਜ ਹੋਵੇਗਾ :*

ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਦੀ ਸੇਵਾ ਇਕ ਸਿੱਖ ਭਾਈ ਲਹਿਣਾ ਜੀ ਨੂੰ, ਪੁੱਤਰਾਂ ਦੇ ਹੁੰਦਿਆਂ ਦਿੱਤੀ।

ਗੁਰੂ ਅੰਗਦ ਦੇਵ ਜੀ ਨੇ ਗੁਰ ਗੱਦੀ ਦੀ ਜ਼ਿੰਮੇਵਾਰੀ ਕੁੜਮ ਭਾਈ ਅਮਰਦਾਸ ਜੀ ਨੂੰ, ਪੁੱਤਰਾਂ ਦੇ ਹੁੰਦਿਆਂ ਦਿੱਤੀ।

ਗੁਰੂ ਅਮਰਦਾਸ ਜੀ ਨੇ ਜਵਾਈ ਭਾਈ ਜੇਠਾ ਜੀ ਨੂੰ, ਪੁੱਤਰਾਂ ਦੇ ਹੁੰਦਿਆਂ ਦਿੱਤੀ।

ਗੁਰੂ ਰਾਮ ਦਾਸ ਜੀ ਨੇ ਸਭ ਤੋਂ ਛੋਟੇ ਬੇਟੇ ਗੁਰੂ ਅਰਜਨ ਦੇਵ ਜੀ ਨੂੰ, ਵੱਡੇ ਪੁੱਤਰਾਂ ਦੇ ਹੁੰਦਿਆਂ ਦਿੱਤੀ।

ਗੁਰੂ ਅਰਜਨ ਜੀ ਨੇ ਬੇਟੇ ਗੁਰੂ ਹਰਿਗੋਬਿੰਦ ਜੀ ਨੂੰ।

ਗੁਰੂ ਹਰਿਗੋਬਿੰਦ ਜੀ ਨੇ ਪੋਤਰੇ ਗੁਰੂ ਹਰਿ ਰਾਇ ਜੀ ਨੂੰ, ਪੁੱਤਰਾਂ ਦੇ ਹੁੰਦਿਆਂ ਦਿੱਤੀ। (ਗੁਰੂ ਤੇਗ਼ ਬਹਾਦਰ, ਗੁਰੂ ਹਰਿਗੋਬਿੰਦ ਜੀ ਦੇ ਹੀ ਬੇਟੇ ਸਨ)।

ਗੁਰੂ ਹਰਿ ਰਾਇ ਜੀ ਨੇ ਛੋਟੇ ਬੇਟੇ ਹਰਿ ਕ੍ਰਿਸ਼ਨ ਜੀ ਨੂੰ, ਵੱਡੇ ਦੇ ਹੁੰਦਿਆਂ। ਬਾਬਾ ਰਾਮ ਰਾਇ ਵੱਡਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਦਾਦੇ ਗੁਰੂ ਤੇਗ਼ ਬਹਾਦਰ ਜੀ ਨੂੰ;

ਕਿਥੇ ਹੈ ਸਿੱਖੀ ਵਿਚ ਪੀੜ੍ਹੀ ਦਾ ਪਾੜ (Generation Gap), ਵਿਰਾਸਤ ਦਾ

Sri Satguru Jagjit Singh Ji eLibrary NamdhariElibrary@gmail.com

ਕਾਨੂੰਨ ਜਾਂ ਟੱਬਰ ਦਾ ਮੋਹ।

ਰਾਸ਼ਟਰ ਕਵੀ ਮੈਥਲੀ ਸ਼ਰਣ ਗੁਪਤਾ ਨੇ ਇਸੇ ਲਈ 'ਭਾਰਤ ਭਾਰਤੀ' ਦੇ 'ਅਕਾਲ ਪੁਰਸ਼ ਅੰਸ਼' ਦੇ ਅਧਿਆਇ ਵਿਚ ਲਿਖਿਆ : ਪੁਤਰਾਂ ਵਾਲੇ ਹੋ ਕੇ ਵੀ, ਗੁਰੂ ਨਾਨਕ ਦੇਵ ਜੀ ਨੇ ਉਦਾਰਤਾ ਦਾ ਨਮੂਨਾ ਪੇਸ਼ ਕੀਤਾ।

ਗੱਦੀ ਦਾ ਅਧਿਕਾਰ ਕੁਲ ਦੇ ਆਧਾਰ 'ਤੇ ਨਹੀਂ, ਸਿੱਖੀ ਦੇ ਅਧਾਰ 'ਤੇ ਇਕ ਸਿੱਖ ਭਾਈ ਲਹਿਣਾ ਨੂੰ ਬਖ਼ਸ਼ਿਆ।

ਪੁਤ੍ਰਵਾਨ ਹੋ ਕਰ ਭੀ,
ਗੁਰੂ ਨੇ ਦਿਖਲਾ ਕਰ ਆਦਰਸ਼ ਉਦਾਰ।
ਕੁਲਗਤ ਨਹੀਂ, ਸਿਖਯ ਗੁਣ ਹੀ ਰਖਾ,
ਗੱਦੀ ਦਾ ਅਧਿਕਾਰ।

ਨਿਰੋਲ ਨਵਾਂ ਸਮਾਜ ਘੜ ਰਹੇ ਸਨ ਗੁਰੂ ਪਾਤਸ਼ਾਹ।

❑❑

Sri Satguru Jagjit Singh Ji eLibrary NamdhariElibrary@gmail.com

# 36 ਪੰਜ ਪਿਆਰੇ

***ਪੰਜਾਂ ਪਿਆਰਿਆਂ ਦੇ ਨਾਂ, ਜਨਮ ਅਸਥਾਨ ਅਤੇ ਅਕਾਲ ਚਲਾਣੇ ਦੀਆਂ ਥਾਵਾਂ ਦੱਸੋ।***

ਪੰਜਾਂ ਪਿਆਰਿਆਂ ਦੇ ਨਾਮ ਇਹ ਹਨ :
ਭਾਈ ਦਯਾ ਸਿੰਘ ਜੀ।
ਭਾਈ ਧਰਮ ਸਿੰਘ ਜੀ।
ਭਾਈ ਹਿੰਮਤ ਸਿੰਘ ਜੀ।
ਭਾਈ ਮੋਹਕਮ ਸਿੰਘ ਜੀ।
ਭਾਈ ਸਾਹਿਬ ਸਿੰਘ ਜੀ।

***ਭਾਈ ਦਯਾ ਸਿੰਘ ਜੀ :*** ਆਪ ਜੀ ਦਾ ਜਨਮ ਲਾਹੌਰ (ਪੰਜਾਬ ਨਿਵਾਸੀ) ਭਾਈ ਸੁਧੇ ਜੀ ਦੇ ਘਰ, ਮਾਤਾ ਦਿਆਲੀ ਜੀ ਦੀ ਕੁੱਖੋਂ ਸੰਨ ੧੬੬੯ ਨੂੰ ਹੋਇਆ। ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ ੩੦ ਸਾਲ ਦੀ ਸੀ। ਆਪ ਜੀ ਦਾ ਅਕਾਲ ਚਲਾਣਾ ਗੋਦਾਵਰੀ ਦੇ ਕਿਨਾਰੇ ਅਬਚਲ ਨਗਰ ਹੋਇਆ। ਆਪ ਪੰਜਾਂ ਪਿਆਰਿਆਂ ਦੇ ਜਥੇਦਾਰ ਸਨ।

***ਭਾਈ ਧਰਮ ਸਿੰਘ ਜੀ :*** ਆਪ ਜੀ ਦਾ ਜਨਮ ਦਿੱਲੀ (ਹਸਤਨਾਪੁਰ) ਨਿਵਾਸੀ ਭਾਈ ਸੰਤ ਰਾਮ ਜੀ ਦੇ ਘਰ ਸਾਭੋ ਜੀ ਦੀ ਕੁੱਖੋਂ (ਸੰਨ ੧੬੬੬) ਨੂੰ ਹੋਇਆ। ਭਾਈ ਜੀ ਹਸਤਨਾਪੁਰ ਤੋਂ ਨਾਨਕ ਪਿਆਓ (ਦਿੱਲੀ) ਭਾਈ ਵਿਸ਼ਨੂੰ ਦੇਵ ਕੋਲ, ਜੋ ਭਾਈ ਗੜੀਆ ਦੇ ਸਿੱਖ ਸਨ, ਆ ਗਏ ਸਨ। ਸੀਸ ਭੇਟ ਵੇਲੇ ੩੩ ਸਾਲਾਂ ਦੇ ਸਨ। ਆਪ ਜੀ ਦਾ ਅਕਾਲ ਚਲਾਣਾ ਵੀ ਹਜ਼ੂਰ ਸਾਹਿਬ ਹੋਇਆ।

***ਭਾਈ ਹਿੰਮਤ ਸਿੰਘ ਜੀ :*** ਆਪ ਜੀ ਦਾ ਜਨਮ ਜਗਨਨਾਥ ਪੁਰੀ (ਉੜੀਸਾ) ਭਾਈ ਗੁਲਜ਼ਾਰੀ ਦੇ ਘਰ ਮਾਤਾ ਧੰਨੋਂ ਦੀ ਕੁਖੋਂ ਸੰਨ ੧੬੬੧ ਨੂੰ ਹੋਇਆ। ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ ੩੩ ਸਾਲ ਦੀ ਸੀ। ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ ੧੭੦੪ ਨੂੰ ਹੋਈ।

***ਭਾਈ ਮੋਹਕਮ ਸਿੰਘ ਜੀ :*** ਆਪ ਜੀ ਦਾ ਜਨਮ ਦੁਆਰਕਾ (ਸੌਰਾਸ਼ਟਰ-ਗੁਜਰਾਤ) ਨਿਵਾਸੀ ਭਾਈ ਤੀਰਥ ਚੰਦ ਦੇ ਘਰ, ਮਾਤਾ ਦੇਵਾਂ ਬਾਈ ਦੀ ਕੁੱਖੋਂ ਸੰਨ ੧੬੬੩ ਨੂੰ ਹੋਇਆ।

ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ ੩੬ ਸਾਲ ਦੀ ਸੀ।
ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ ੧੭੦੪ ਨੂੰ ਹੋਈ।



Sri Satguru Jagjit Singh Ji eLibrary NamdhariElibrary@gmail.com

***ਭਾਈ ਸਾਹਿਬ ਸਿੰਘ ਜੀ*** : ਆਪ ਜੀ ਦਾ ਜਨਮ ਬਿਦਰ (ਆਂਧਰਾ) ਨਿਵਾਸੀ ਭਾਈ ਚਮਨੇ ਦੇ ਘਰ, ਮਾਤਾ ਸੋਨਾ-ਬਾਈ ਦੀ ਕੁੱਖੋਂ ਸੰਨ ੧੬੬੨ ਨੂੰ ਹੋਇਆ।

ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ ੩੭ ਸਾਲ ਦੀ ਸੀ।

ਸ਼ਹੀਦੀ ਚਮਕੌਰ ਸਾਹਿਬ ਸੰਨ ੧੭੦੪ ਨੂੰ ਹੋਈ।

ਪੰਜਾਂ ਪਿਆਰਿਆਂ ਦੀ ਮਹਿਮਾ ਦੱਸਦੇ ਕਲਗੀਧਰ ਨੇ "ਪੰਚਨ ਮੇਂ ਪ੍ਰਮੇਸ਼ਰ ਬੋਲੇ" ਫ਼ਰਮਾਇਆ ਸੀ :

ਇਹ ਨ ਭੁਲਣਾ ਜਿਥੇ ਦਯਾ, ਧਰਮ, ਹਿੰਮਤ, ਦ੍ਰਿੜ੍ਹਤਾ (ਮੋਹਕਮ) ਹੈ, ਉਥੇ ਸਾਹਿਬ (ਮਾਲਕ, ਵਾਹਿਗੁਰੂ) ਆਪ ਹੈ।

ਇਹਨਾਂ ਪੰਜਾਂ ਪਿਆਰਿਆਂ ਕੋਲੋਂ ਹੀ ਕਲਗੀਧਰ ਨੇ ਆਪੂੰ ਅੰਮ੍ਰਿਤ ਛਕਿਆ ਸੀ।

❑❑

## 37 ਚਾਰ ਸਾਹਿਬਜ਼ਾਦੇ

***ਚਾਰ ਸਾਹਿਬਜ਼ਾਦਿਆਂ ਦੇ ਨਾਮ, ਜਨਮ ਤਾਰੀਖ਼ ਦੱਸੋ ਕਿ ਵੱਡੇ ਸਾਹਿਬ-ਜ਼ਾਦਿਆਂ ਦੇ ਸ਼ਹੀਦ ਹੋਣ ਵੇਲੇ ਕਲਗੀਧਰ ਦੇ ਮੂੰਹ 'ਚੋਂ ਕੀ ਬਚਨ ਨਿਕਲੇ ਤੇ ਛੋਟਿਆਂ ਨੇ ਸ਼ਹੀਦੀ ਲੈਣ ਜਾਣ ਵੇਲੇ ਮਾਤਾ ਗੁਜਰੀ ਨੂੰ ਕੀ ਕਿਹਾ ?***

ਚਾਰ ਸਾਹਿਬਜ਼ਾਦਿਆਂ ਦੇ ਨਾਮ ਇਹ ਹਨ :

੧. ਬਾਬਾ ਅਜੀਤ ਸਿੰਘ ਜੀ।

੨. ਬਾਬਾ ਜੁਝਾਰ ਸਿੰਘ ਜੀ।

੩. ਬਾਬਾ ਜ਼ੋਰਾਵਰ ਸਿੰਘ ਜੀ।

੪. ਬਾਬਾ ਫ਼ਤਹ ਸਿੰਘ ਜੀ।

***ਬਾਬਾ ਅਜੀਤ ਸਿੰਘ*** ਜੀ ਦਾ ਜਨਮ ੧੬ ਅਪ੍ਰੈਲ, ੧੬੮੫ ਨੂੰ ਪਾਉਂਟਾ ਸਾਹਿਬ ਅਤੇ ਸ਼ਹਾਦਤ ਚਮਕੌਰ ਦੀ ਗੜ੍ਹੀ ੨੨ ਦਸੰਬਰ, ੧੭੦੪ ਨੂੰ ਹੋਈ।

***ਬਾਬਾ ਜੁਝਾਰ ਸਿੰਘ*** ਜੀ ਦਾ ਜਨਮ ਸੰਨ ੧੬੯੦ ਨੂੰ ਸ੍ਰੀ ਅਨੰਦਪੁਰ ਸਾਹਿਬ ਹੋਇਆ। ਸ਼ਹੀਦੀ ਚਮਕੌਰ ਸਾਹਿਬ ਦੀ ਗੜ੍ਹੀ ੨੨ ਦਸੰਬਰ, ੧੭੦੪ ਨੂੰ ਹੋਈ।

ਜਦ ਜੰਗ ਵਿਚ ਟੋਰਨ ਲੱਗੇ ਤਾਂ ਪਿਤਾ ਗੁਰੂ ਨੇ ਇਹ ਬਚਨ ਕਹੇ :

ਹੇ ਸੁਤ! ਤੁਮ ਹਮ ਕੋ ਪਯਾਰੇ।<br>
ਤੁਰਕ ਨਾਸ ਹਿਤ ਤੁਮ ਤਨ ਧਾਰੇ।<br>
ਜੇ ਆਪਨੇ ਸਿਰ ਰਨ ਮੇ ਲਾਗੇ।<br>
ਤਾ ਕਰ ਨਾਸ ਮਲੇਛ ਸੁ ਭਾਗੇ।<br>
ਤਾਤੇ ਯਾ ਸਮ ਸਮਾਂ ਨਾ ਕੋਈ।<br>
ਤੁਮ ਦੋਨਹੁ ਸੰਗਰ (ਯੁਧ) ਭਲ ਜੋਈ। (ਗੁਰ-ਸੋਭਾ)

ਇਹ ਸੁਣਕੇ ਬਾਬਾ ਅਜੀਤ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਕਿਹਾ : ਪਿਤਾ ਜੀ! ਹੁਣ ਜੰਗ ਦਾ ਤਮਾਸ਼ਾ ਦੇਖਣਾ।

ਅਜੀਤ ਸਿੰਘ ਤਬ ਕਰ ਅਰਦਾਸਾ।<br>
ਕਹਯੋ ਦੇਖੀਐ : ਆਜ ਤਮਾਸ਼ਾ।੨੯।(ਗੁਰ ਬਿਲਾਸ ਪਾਤਸ਼ਾਹੀ ਦਸਵੀਂ)

ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਜੀ ਨੇ ਜਦ ਭਰਾ ਨਾਲ ਹੀ ਸ਼ਹੀਦੀ ਲੈਣੀ ਚਾਹੀ ਤਾਂ ਕਲਗੀਧਰ ਨੇ ਕਿਹਾ : ਬੇਟਾ ਜ਼ਰਾ ਰੁਕ ਜਾ। ਬੇਟੇ ਨੂੰ ਚੁੰਮਿਆ, ਕੇਸਰ ਛਿੜਕਿਆ ਅਤੇ ਕਿਹਾ :"ਜਾਓ ਇਥੇ ਜਸ ਪਾਯੋ ਤੇ ਅਗੇ ਸੁਖ ਪਾਓ।"

"ਅਰਥ ਟੀਕ ਕੋ ਏਹੁ ਬਖਾਨੋ।<br>
ਤਾ ਕੋ ਲੋਕ ਪ੍ਰਲੋਕ ਸੋ ਮਾਨੋ।"



Sri Satguru Jagjit Singh Ji eLibrary NamdhariElibrary@gmail.com

ਫਿਰ ਦੋਵਾਂ ਵੱਡਿਆਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਕਲਗੀਆਂ ਵਾਲੇ ਨੇ ਇਹ ਬਚਨ ਬੋਲੇ ਸਨ ਜਦ ਸਿੰਘਾਂ ਨੇ ਪੁੱਛਿਆ ਹੁਣ ਕਿਵੇਂ ਮਹਿਸੂਸ ਕਰ ਰਹੇ ਹੋ। ਆਪ ਜੀ ਦੇ ਬਚਨ ਸਨ :

ਆਜ ਖ਼ਾਲਸਾ ਖਾਸ ਭਯੋ
ਸਤਿਗੁਰ ਕੈ ਦਰਬਾਰ।। (ਸੈਨਾਪਤੀ)

***ਬਾਬਾ ਜ਼ੋਰਾਵਰ ਸਿੰਘ*** ਜੀ ਦਾ ਜਨਮ ਅਨੰਦਪੁਰ ਸਾਹਿਬ ੨੭ ਜੁਲਾਈ, ਸੰਨ ੧੬੯੪ ਨੂੰ ਹੋਇਆ। ਆਪ ਜੀ ਨੂੰ ਨੀਂਹਾਂ ਵਿਚ ਚਿਣ ਕੇ ੨੭ ਦਸੰਬਰ, ੧੭੦੪ ਨੂੰ ਸਰਹੰਦ ਵਿਖੇ ਸ਼ਹੀਦ ਕੀਤਾ ਗਿਆ।

***ਬਾਬਾ ਫ਼ਤਹ ਸਿੰਘ*** ਜੀ ਦਾ ਜਨਮ ੩੦ ਅਪ੍ਰੈਲ, ੧੬੯੯ ਨੂੰ ਹੋਇਆ। ਨੀਂਹਾਂ ਵਿਚ ਚਿਣ ਕੇ ਸਰਹੰਦ ਵਿਖੇ ੨੭ ਦਸੰਬਰ, ੧੭੦੪ ਨੂੰ ਸ਼ਹੀਦ ਕੀਤੇ ਗਏ।

ਮਾਤਾ ਗੁਜਰੀ ਜੀ ਨੂੰ ਕਚਹਿਰੀ ਜਾਣ ਵੇਲੇ ਇਨ੍ਹਾਂ ਸਾਹਿਬਜ਼ਾਦਿਆਂ ਨੇ ਕਿਹਾ ਸੀ :

ਧੰਨ ਭਾਗ ਹਮਰੇ ਹੈ ਮਾਈ।।
ਧਰਮ ਹੇਤਿ, ਤਨ ਜੇ ਕਰ ਜਾਈ।। (ਪੰਥ ਪ੍ਰਕਾਸ਼)

ਕਚਹਿਰੀ ਵਿਚ ਪੇਸ਼ ਹੋਣ ਸਮੇਂ ਉਚਾਰਿਆ ਸੀ :

ਹਮਰੇ ਬੰਸ ਰੀਤ ਇਮ ਆਈ।।
ਸੀਸ ਦੇਤ ਪਰ ਧਰਮ ਨ ਜਾਈ।।

ਜਦ ਨਵਾਬ ਨੂੰ ਸਲਾਮ ਕਰਨ ਲਈ ਕਿਹਾ ਤਾਂ ਸਾਹਿਬਜ਼ਾਦਿਆਂ ਬਚਨ ਕੀਤਾ : "ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ, ਅਉਰ ਕੋ ਸਲਾਮ ਨਾਹੀ ਕਰਤੇ।"

ਨੀਹਾਂ ਵਿਚ ਚਿਣੇ ਜਾਣ ਵੇਲੇ ਪੁਕਾਰ ਕਿਹਾ ਸੀ :

"ਧਰਮ ਨ ਤਜੈ ਹੈਂ,
ਕਭੀ ਤੁਰਕ ਨ ਬਨੈ ਹੈਂ,
ਹਮ ਸੀਸ ਨਿਜ ਦੈਂ ਹੈਂ,
ਜੈਸੇ ਬਢਿਯੋ ਨੇ ਦੀਏ।।"

ਜਦ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਕਲਗੀਧਰ ਨੇ ਸੁਣਿਆ ਤਾਂ ਬਚਨ ਕੀਤੇ ਕਿ ਇਹ ਰਾਜ ਹੁਣ ਜੜ੍ਹੋਂ ਪੁਟਿਆ ਗਿਆ।

ਦੁਸ਼ਟਨ ਬਾਲ ਮਾਰੇ ਅਤਿ ਪਾਪੀ।
ਉਖੜੀ ਜੜ ਤੁਰਕਨ ਸਭ ਥਾਪੀ।

ਜ਼ਫਰਨਾਮੇ ਵਿਚ ਵੀ ਲਿਖਿਆ ਕਿ ਛੋਟੇ ਸਾਹਿਬਜ਼ਾਦੇ ਬੇ-ਪ੍ਰਯੋਜਨ ਮਾਰੇ।

## ਚਾਲੀ ਮੁਕਤੇ ਕੌਣ ਹਨ ਅਤੇ ਉਨ੍ਹਾਂ ਦੇ ਨਾਮ ਤੇ ਹੋਈਆਂ ਬਖ਼ਸ਼ਿਸ਼ਾਂ ਦਾ ਵੇਰਵਾ ਦੱਸੋ।

ਚਾਲੀ ਮੁਕਤੇ ਉਹ ਸੂਰਮੇ ਸਿੰਘ ਹਨ, ਜਿਨ੍ਹਾਂ ਮੁਕਤਸਰ (ਖਿਦਰਾਨੇ ਦੀ ਢਾਬ) ਜਾ ਕੇ ਸ਼ਹੀਦੀ ਪਾਈ ਅਤੇ ਟੁੱਟੀ ਗੰਢੀ।

'ਜੇ ਕੋ ਗੁਰ ਤੇ ਵੇਮੁਖ ਹੋਵੈ,
ਬਿੰਨ ਸਤਿਗੁਰ ਮੁਕਤਿ ਨਾ ਪਾਵੈ,'

ਦੇ ਭਾਵ ਨੂੰ ਆਪਾ ਵਾਰ ਦਰਸਾਇਆ। ਸਭ ਸ਼ਹੀਦ ਸਿੰਘਾਂ ਦੀਆਂ ਮ੍ਰਿਤਕ ਦੇਹਾਂ ਨੂੰ ਇਕ ਵੱਡੇ ਅੰਗੀਠੇ ਉੱਤੇ ਚਿਣਵਾ ਕੇ ਆਪਣੀ ਹੱਥੀਂ ਗੁਰੂ ਗੋਬਿੰਦ ਸਿੰਘ ਜੀ ਨੇ ਲਾਂਬੂ ਲਾਇਆ। ਜਦ ਤੱਕ ਅੰਗੀਠਾ ਬਲਦਾ ਰਿਹਾ, ਗੁਰੂ ਜੀ ਉੱਥੇ ਹੀ ਰਹੇ ਅਤੇ ਬਾਣੀ ਦਾ ਕੀਰਤਨ ਹੁੰਦਾ ਰਿਹਾ।

ਉੱਥੇ ਬਚਨ ਕੀਤੇ ਸਨ :

"ਇਹ ਚਾਲੀ ਮੁਕਤੇ ਹੋਏ।
ਜਨਮ ਮਰਨ ਤੇ ਰਹਿਤ ਹੋਏ।
ਉਨ੍ਹਾਂ ਉੱਚੀ ਪਦਵੀ ਪਾਈ।
ਉਹ ਪਦਵੀ ਜੋ ਰਖੀਸਰਾਂ, ਤਪੀਸਰਾਂ,
ਸਿੱਧਾਂ, ਮੁਨੀਸਰਾਂ ਨੂੰ ਵੀ ਪ੍ਰਾਪਤ ਨਹੀਂ।"

ਚਾਲੀ ਮੁਕਤਿਆਂ ਦਾ ਨਾਮ ਅਤੇ ਵੇਰਵਾ ਇਸ ਪ੍ਰਕਾਰ ਹੈ :

੧. ਸਭ ਤੋਂ ਪਹਿਲਾਂ ਭਾਈ ਭਾਗ ਸਿੰਘ ਜੀ ਨੂੰ ***ਪੰਜ ਹਜ਼ਾਰੀ*** ਦੀ ਪਦਵੀ ਪ੍ਰਦਾਨ ਕੀਤੀ।

੨. ਨਾਲ ਹੀ ਭਾਈ ਦਿਲਬਾਗ ਸਿੰਘ ਜੀ ਦਾ ਮ੍ਰਿਤਕ ਸਰੀਰ ਪਿਆ ਸੀ ਉਸ ਨੂੰ ਵੀ ***ਪੰਜ ਹਜ਼ਾਰੀ*** ਆਖਿਆ।

੩. ਭਾਈ ਮਾਨ ਸਿੰਘ ਨੂੰ ***ਕਸ਼ਮੀਰ ਦਾ ਰਾਜਾ*** ਕਿਹਾ।

੪. ਸਰਦਾਰ ਨਿਧਾਨ ਸਿੰਘ ਨੂੰ ***ਬੀਸ ਹਜ਼ਾਰੀ*** ਦੀ ਪਦਵੀ ਦਿੱਤੀ।

੫ ਤੋਂ ੯—ਅਗੇਰੇ ਪੰਜ ਹੋਰ ਸਿੱਖ ਭਾਈ ਘਰਬਾਰਾ ਸਿੰਘ, ਭਾਈ ਦਰਬਾਰਾ ਸਿੰਘ, ਭਾਈ ਦਯਾਲ ਸਿੰਘ, ਭਾਈ ਨਿਹਾਲ ਸਿੰਘ ਤੇ ਭਾਈ ਖੁਸ਼ਾਲ ਸਿੰਘ ਇਕੱਠੇ ਹੀ ਸ਼ਹੀਦ ਪਏ ਸਨ। ਇਹਨਾਂ ਸਭਨਾਂ ਨੂੰ *ਤੀਹ ਹਜ਼ਾਰੀ* ਦੀ ਪਦਵੀ ਦਿੱਤੀ। (ਭਾਈ ਘਰਬਾਰਾ ਸਿੰਘ ਅਤੇ ਭਾਈ ਦਰਬਾਰਾ ਸਿੰਘ, ਬਾਬਾ ਮੋਹਰੀ ਜੀ—ਸਪੁੱਤਰ ਗੁਰੂ



Sri Satguru Jagjit Singh Ji eLibrary NamdhariElibrary@gmail.com

ਅਮਰਦਾਸ ਜੀ ਦੀ ਸੰਤਾਨ ਵਿਚੋਂ ਸਨ। ਇਹ ਦੋਵੇਂ ਭਾਈ ਖੁਸ਼ਹਾਲ ਰਾਏ ਦੇ ਸਪੁੱਤਰ ਸਨ।)

੯ ਤੋਂ ੧੩—ਹੋਰ ਅਗੇਰੇ ਚਾਰ ਸੂਰਬੀਰ, ਭਾਈ ਗੰਡਾ ਸਿੰਘ, ਭਾਈ ਸੁਮੇਰ ਸਿੰਘ, ਭਾਈ ਸਿੰਘਾ ਸਿੰਘ ਤੇ ਭਾਈ ਸੁਹੇਲ ਸਿੰਘ ਦੀਆਂ ਪਵਿੱਤਰ ਲਾਸ਼ਾਂ ਪਈਆਂ ਸਨ। ਉਹਨਾਂ ਨੂੰ ਮਹਾਰਾਜ ਨੇ ***ਚਾਲੀਸ ਹਜ਼ਾਰੀ*** ਦਾ ਮਨਸਬ ਬਖ਼ਸ਼ਿਆ।

੧੪ ਤੋਂ ੧੫—ਉਸ ਦੇ ਅਗੇਰੇ ਭਾਈ ਚੰਬਾ ਸਿੰਘ (੧੪) ਨੂੰ ਲਾਹੌਰ ਦਾ ਸੂਬੇਦਾਰ ਤੇ ਭਾਈ ਗੰਗਾ ਸਿੰਘ (੧੫) ਨੂੰ ***ਸੂਰਤ ਬੰਦਰ ਦਾ ਬਾਦਸ਼ਾਹ*** ਕਿਹਾ।

੧੬ ਤੋਂ ੧੭—ਭਾਈ ਸਮੀਰ ਸਿੰਘ, ਭਾਈ ਸੁਲਤਾਨ ਸਿੰਘ ਦੋਵੇਂ ਇਕੱਠੇ ਹੀ ਸ਼ਹੀਦ ਪਏ ਸਨ। ਉਹਨਾਂ ਦੋਹਾਂ ਨੂੰ ***ਫ਼ਰਖਾਬਾਦ*** (ਉੱਤਰ ਪ੍ਰਦੇਸ਼) ਦੀ ਸੂਬੇਦਾਰੀ ਦਾ ਵਰ ਦਿੱਤਾ।

੧੮ ਤੋਂ ੨੯—ਭਾਈ ਮਇਆ ਸਿੰਘ (੧੮) ਨੂੰ ***ਪੰਜਾਹ ਹਜ਼ਾਰੀ*** ਮਨਸਬ ਦਿੱਤਾ ਤੇ ਭਾਈ ਮੱਸਾ ਸਿੰਘ (੧੯) ਨੂੰ ***'ਕੰਧਾਰ'*** ਦਾ ਰਾਜ ਸਾਜ ਸੌਂਪਿਆ ਅਤੇ ਹੋਰ ਅਗੇਰੇ ਭਾਈ ਸਰਜਾ ਸਿੰਘ ਜੀ (੨੦) ਦੀ ਮ੍ਰਿਤਕ ਮੜੋਲੀ ਸੀ, ਉਸ ਨੂੰ ***ਪੰਜਾਹ ਹਜ਼ਾਰੀ*** ਦਾ ਲਕਬ ਦਿੱਤਾ। ਭਾਈ ਸਾਧੂ ਸਿੰਘ (੨੧) ***ਮੁਲਤਾਨ*** ਸੂਬਾ ਦਾ ਰਾਜ। ਭਾਈ ਗੁਲਾਬ ਸਿੰਘ ਤੇ ਭਾਈ ਹਰਸਾ ਸਿੰਘ (੨੨) ਤੇ (੨੩) ਨੂੰ ***ਸਵਾ ਲੱਖੀ*** ਪਦਵੀ ਦਿੱਤੀ। ਭਾਈ ਸੰਗਤ ਸਿੰਘ ਜੀ (੨੪) ਨੂੰ ***'ਦਿੱਲੀ ਦਾ ਬਾਦਸ਼ਾਹ'*** ਕਿਹਾ। ਭਾਈ ਹਰੀ ਸਿੰਘ ਤੇ ਭਾਈ ਧੰਨਾ ਸਿੰਘ ਨੂੰ ***ਮੈਨ ਦੁਆਬ*** ਦੀ ਮਾਲਕੀ ਬਖ਼ਸ਼ੀ। ਭਾਈ ਕਾਹਨ ਸਿੰਘ ਨੂੰ ***ਸਰਹਿੰਦ ਦੀ ਸਰਦਾਰੀ*** ਤੇ ਭਾਈ ਕੀਰਤ ਸਿੰਘ (੨੮) ਨੂੰ ***ਬਿਬੇਕੀ*** ਦੀ ਪਦਵੀ ਦਿੱਤੀ। ਭਾਈ ਲਛਮਣ ਸਿੰਘ ਤੇ ਭਾਈ ਬੁੱਢਾ ਸਿੰਘ ਜੀ (੨੯-੩੦) ਨੂੰ ਪਰਬਤਾਂ ਦਾ ਰਾਜਾ ਆਖਿਆ। ਭਾਈ ਕੇਸੋ ਸਿੰਘ ਤੇ ਭਾਈ ਜਾਦੋ ਸਿੰਘ ਦੋਵਾਂ (੩੧-੩੨) ਨੂੰ ***ਪਿਸ਼ਾਵਰ ਦਾ ਹੁਕਮਰਾਨ*** ਹੋਇਆ ਕਿਹਾ। ਭਾਈ ਸੋਭਾ ਸਿੰਘ (੩੩) ਕਾਬਲ ਦੇ, ਭਾਈ ਜੋਗਾ ਸਿੰਘ (੩੪) ਨੂੰ ***ਰੂਮ ਤੇ ਸ਼ਾਮ ਦਾ ਸ਼ਾਹ*** ਤੇ ਭਾਈ ਭੰਗਾ ਸਿੰਘ (੩੫) ਨੂੰ ***ਈਰਾਨ ਦਾ ਬਾਦਸ਼ਾਹ*** ਕਹਿਆ। ਭਾਈ ਜੰਗਾ ਸਿੰਘ (੩੬) ਨੂੰ ਕਾਂਸ਼ੀਪਤੀ, ਭਾਈ ਧਰਮ ਸਿੰਘ ਜੀ (੩੭) ਨੂੰ ***ਬਲਖ-ਬੁਖ਼ਾਰਾ***, ਭਾਈ ਕਰਮ ਸਿੰਘ (੩੮) ਨੂੰ ***ਮੱਕੇ ਮਦੀਨੇ ਦਾ ਰਾਜ*** ਤੇ ਭਾਈ ਕਾਲਾ ਸਿੰਘ (੩੯) ਨੂੰ ***ਤੁਰਕੀ ਤੱਖ਼ਤ*** ਪ੍ਰਦਾਨ ਕੀਤਾ। ਭਾਈ ਮਹਾਂ ਸਿੰਘ (੪੦) ਨੂੰ ਕਿਹਾ ਸੀ ਤੂੰ ***ਸਾਡਾ ਮਹਾਨ ਸਿੱਖ ਹੈਂ।***

❑❑

## 39

# ਅਰਦਾਸ

## ਸਾਡੀ ਅਰਦਾਸ ਕਿਹੜੀ ਹੈ ਅਤੇ ਅਰਦਾਸ ਦੇ ਕੀ ਅਰਥ ਹਨ ?

ਅਰਦਾਸ, 'ਅਰਦਾਸ਼ਤ' ਦਾ ਬਣਿਆ ਰੂਪ ਹੈ, ਜਿਸ ਦਾ ਅਰਥ ਪੈਟੀਸ਼ਨ ਹੈ। ਅਰਦਾਸ ਦਾ ਅਰਥ ਪ੍ਰਾਰਥਨਾ ਨਾਲੋਂ ਬਹੁਤ ਉਚੇਰਾ ਹੈ।

ਸਾਡੀ ਅਰਦਾਸ ਸਾਡਾ ਪੰਜ ਮਿੰਟਾਂ ਦਾ ਕੈਪਸੂਲ ਵਿਚ ਬੰਦ ਕੀਤਾ ਇਤਿਹਾਸ ਹੈ ਜਿਸ ਵਿਚੋਂ ਕਾਲ ਅਤੇ ਦੇਸ਼, ਸਮਾਂ ਅਤੇ ਅਸਥਾਨ (ਟਾਈਮ ਅਤੇ ਸਪੇਸ) ਕੱਢ ਲਏ ਗਏ ਹਨ। ਇਥੇ ਕਿਸੇ ਵਿਅਕਤੀ ਦਾ ਭਾਵੇਂ ਉਹ ਕਿਤਨਾ ਮਹਾਨ ਹੈ, ਨਾ ਨਾਮ ਹੈ, ਨਾ ਜ਼ਿਕਰ ਤੇ ਨਾ ਹੀ ਕਿਸੇ ਸਮੇਂ ਨਾਲ ਸੰਬੰਧ ਹੈ। ਇਥੇ ਸ਼ਬਦ ਹਨ :

ਜਿਨ੍ਹਾਂ ਨਾਮ ਜਪਿਆ,  
ਜਿਨ੍ਹਾਂ ਤੇਗ ਵਾਹੀ,  
ਜਿਨ੍ਹਾਂ ਬੰਦ ਬੰਦ ਕਟਵਾਏ।

ਅੱਜ ਵੀ ਲੋਕ ਜੋ ਧਰਮ ਦਾ ਜੈਕਾਰ ਕਰਨ ਲਈ ਤਨ ਮਨ ਧਨ ਵਾਰ, ਸਿੱਖੀ ਕੇਸਾਂ ਨਾਲ ਨਿਬਾਹ ਕਰ ਰਹੇ ਹਨ, ਉਹਨਾਂ ਦੀ ਅਰਦਾਸ ਨਿੱਤ ਹੁੰਦੀ ਹੈ।

ਅਰਦਾਸ ਦੀਆਂ ਪਹਿਲੀਆਂ ਸਾਡੀਆਂ ਪੰਜ ਤੁਕਾਂ ਜੋ ਆਪੂੰ ਕਲਗੀਧਰ ਨੇ ਰਚੀਆਂ ਸਨ, ਉਸ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਉਚਿਤ ਨਹੀਂ ਹੈ। ਉਹਨਾਂ ਤੁਕਾਂ ਵਿਚ ਵਿਲੱਖਣ ਗੱਲ ਇਹ ਹੈ ਕਿ ਕੇਵਲ ਗੁਰੂ ਨਾਨਕ ਜੀ ਨਾਲ ਹੀ 'ਗੁਰੂ' ਦਾ ਸ਼ਬਦ ਵਰਤਿਆ ਹੈ। ਹੋਰ ਕਿਸੇ ਪਾਤਸ਼ਾਹ ਨਾਲ 'ਗੁਰੂ' ਦਾ ਸ਼ਬਦ ਨਹੀਂ ਵਰਤਿਆ। ਜੇ 'ਗੁਰ' ਸ਼ਬਦ 'ਫਿਰ ਅੰਗਦ 'ਗੁਰ' ਤੇ ਅਮਰ ਦਾਸੁ ਰਾਮਦਾਸੈ ਹੋਈਂ ਸਹਾਇ ਦੀ ਤੁੱਕ ਵਿਚ ਆਇਆ ਵੀ ਹੈ ਤਾਂ ਅੰਗਦ ਪਿਛੋਂ, ਇਹ ਦਰਸਾਉਣ ਲਈ ਕਿ ਗੁਰੂ ਨਾਨਕ ਹੀ ਅੰਗਦ ਗੁਰ ਹੋਏ। ਗੁਰੂ ਇਕੋ ਹੈ, ਦਸ ਨਹੀਂ।

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦ ਨੂੰ ਪਾਤਸ਼ਾਹੀ ਦਸਵੀਂ ਕਹਿਣਾ, ਦਸ ਨਹੀਂ ਕਹਿਣਾ। ਭਾਵ ਪਾਤਸ਼ਾਹੀ ਦਸਵੀਂ (ਗੁਰੂ ਗੋਬਿੰਦ ਸਿੰਘ ਜੀ) ਨੇ ਉਚਾਰੀ ਹੈ।

*ਦੂਜੇ*—ਪੰਜਾਂ ਪਿਆਰਿਆਂ ਜਾਂ ਚਾਰ ਸਾਹਿਬਜ਼ਾਦਿਆਂ ਦੇ ਨਾਮ ਅਰਦਾਸ ਵਿਚ ਨਹੀਂ ਲੈਣੇ। ਕੇਵਲ ਇਤਨਾ ਹੀ ਪੜ੍ਹਨਾ ਹੈ ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ।

*ਤੀਜੇ*—ਕੇਵਲ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਹੀ ਕਹਿਣਾ ਹੈ। ਆਦਿ ਕਿਸੇ ਗੁਰਦੁਆਰੇ ਤੇ ਪ੍ਰਯੰਤ ਫਲਾਂ ਗੁਰਦੁਆਰਾ ਨਹੀਂ ਕਹਿਣਾ।

ਅੰਮ੍ਰਿਤਸਰ ਦਾ ਇਸ਼ਨਾਨ ਸਾਨੂੰ ਦਰਸਾਉਂਦਾ ਹੈ ਕਿ ਅਸੀਂ ਇਕ ਕੌਮ ਹਾਂ ਅਤੇ



Sri Satguru Jagjit Singh Ji eLibrary NamdhariElibrary@gmail.com

ਸਾਡੇ ਇਕੱਠਿਆਂ ਹੋਣ ਦੀ ਲਾਲਸਾ ਹੈ (Desire to live together) ਅਰਦਾਸ ਵਿਚ ਕਹੇ ਗਏ ਸ਼ਬਦ ਸਾਡਾ ਸਾਂਝਾ ਕੀਮਤੀ ਕੌਮੀ ਵਿਰਸਾ ਹੈ। (Common Rich-Heritage.)

*ਚੌਥੇ*—ਜਦ ਇਹ ਤੁੱਕਾਂ ਪੜ੍ਹੀਆਂ ਜਾਣ : ਸਿੱਖਾਂ ਦਾ ਮਨ ਨੀਵਾਂ, ਮੱਤ ਉਚੀ, ਮੱਤ ਦਾ ਰਾਖਾ ਆਪਿ ਵਾਹਿਗੁਰੂ ਤਾਂ ਉਸ ਸਮੇਂ ***ਮੱਤ ਦੇ ਨਾਲ ਕਦੇ ਪਤਿ ਨਹੀਂ ਕਹਿਣੀ।***

*ਪੰਜਵੇਂ*—ਅਰਦਾਸ ਵੇਲੇ ਸਾਰੇ ਹੱਥ ਜੋੜ ਕੇ ਖੜ੍ਹੇ ਹੋਣ ਤੇ ਸਾਵਧਾਨ ਹੋਣਾ ਜ਼ਰੂਰੀ ਹੈ। ਇਕ-ਇਕ ਅੱਖਰ ਧਿਆਨ ਨਾਲ ਸੁਣਿਆ ਜਾਏ।

*ਛੇਵੇਂ*—ਇਹ ਦੇਖਣ ਵਿਚ ਆਇਆ ਹੈ ਜਦ ਅਰਦਾਸੀਆ ਦੇ ਮੂੰਹ ਵਿਚੋਂ ਨਿਕਲਿਆ ਕਿ ਕੜਾਹ ਪ੍ਰਸ਼ਾਦਿ ਦੀ ਦੇਗ ਹਾਜ਼ਰ ਹੈ, ਦਰ ਪ੍ਰਵਾਨ ਹੋਵੇ ਤਾਂ ਕੋਈ ਅਣਜਾਣ ਪੁਰਸ਼ ਉਸ ਸਮੇਂ ਹੀ ਦੇਗ ਵਿਚ ਤੇਗ ਫੇਰ ਦੇਂਦੇ ਹਨ।

ਐਸਾ ਬਿਲਕੁਲ ਨਹੀਂ ਕਰਨਾ। ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਕਈ ਵਾਰੀ ਹੋ ਚੁੱਕਾ ਹੈ ਕਿ ਕ੍ਰਿਪਾਨ ਭੇਟ ਗੁਰੂ ਗ੍ਰੰਥ ਸਾਹਿਬ ਦੇ ਵਾਕ ਤੋਂ ਬਾਅਦ ਹੀ ਕੀਤੀ ਜਾਏ।

*ਸੱਤਵੇਂ*—'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਵਿਚ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਸਾਹਿਬ ਨਾਮ ਚੜ੍ਹਦੀ ਕਲਾ ਨਹੀਂ ਕਹਿਣਾ। 'ਨਾਨਕ' ਛਾਪ ਹੈ। ਜਿਵੇਂ 'ਨਾਨਕ ਨਾਮ ਮਿਲੈ ਤਾਂ ਜੀਵਾਂ', ਵਿਚ ਜਾਂ ਹੋਰ ਸ਼ਬਦਾਂ ਵਿਚ ਹੈ।

*ਅੱਠਵੇਂ*—ਜੋ ਦੋਹਰਾ ਪੜ੍ਹਿਆ ਜਾਂਦਾ ਹੈ ਉਸ ਵਿਚ ਵਾਹਿਗੁਰੂ ਨਾਮ ਜਹਾਜ਼ ਹੈ, ਚੜ੍ਹੈ ਸੁ ਉਤਰੇ ਪਾਰ' ਅਤੇ 'ਖੰਡਾ ਜਾ ਕੇ ਹਾਥ ਮੇਂ, ਕਲਗੀ ਸੋਹੈ ਸੀਸ' ਆਦਿ ਨਹੀਂ ਪੜ੍ਹਨੇ :

ਰਾਜ ਕਰੇਗਾ ਖਾਲਸਾ॥
ਆਕੀ ਰਹੇ ਨ ਕੋਇ॥
ਖਵਾਰ ਹੋਇ ਸਭ ਮਿਲੈਂਗੇ
ਬਚੈ ਸ਼ਰਨ ਜੋ ਹੋਇ॥

ਬਾਅਦ ਜੈਕਾਰਾ ਛੱਡ ਦੇਣਾ ਹੈ।

*ਨੌਵੇਂ*—'ਪੁਰਾਤਨ ਤੇ ਨਵੀਨ' ਸ਼ਹੀਦ ਨਹੀਂ ਕਹਿਣਾ। ਸ਼ਹੀਦ ਕਦੇ ਪੁਰਾਤਨ ਜਾਂ ਨਵੀਨ ਨਹੀਂ। ਸ਼ਹੀਦ ਸਦਾ ਜ਼ਿੰਦਾ ਹਨ।

—ਅਰਦਾਸ ਦੇ ਠੀਕ ਸ਼ਬਦ ਇਹ ਹਨ :

ੴ ਵਾਹਿਗੁਰੂ ਜੀ ਕੀ ਫ਼ਤਹ॥ ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰੁ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥ ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ

ਜਾਇ।। ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ।। ਸਭ ਥਾਈਂ ਹੋਇ ਸਹਾਇ।।

*ਦਸਵਾਂ*, ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਭ ਥਾਈਂ ਹੋਇ ਸਹਾਇ।। ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਹੱਠੀਆਂ, ਜੱਪੀਆਂ, ਤੱਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ, ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ, ਸਰਬ ਸੁਖ ਹੋਵੇ, ਜਹਾਂ-ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਦੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਮੱਤ ਦਾ ਰਾਖਾ ਆਪਿ ਵਾਹਿਗੁਰੂ!

ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ, ਆਪ ਦੇ ਹਜ਼ੂਰ....* ਦੀ ਅਰਦਾਸ ਹੈ ਜੀ। ਅੱਖਰ ਵਾਧਾ ਘਾਟਾ ਭੁੱਲ ਚੁੱਕ ਮੁਆਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ।

---

*ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ ਜਾਂ ਜਿਸ ਕਾਰਜ ਲਈ ਇਕੱਤਰਤਾ ਜਾਂ ਸੰਗਤ ਜੁੜੀ ਹੈ, ਉਸ ਦਾ ਜ਼ਿਕਰ, ਯੋਗ ਸ਼ਬਦਾਂ ਵਿਚ ਕੀਤਾ ਜਾਏ।

Sri Satguru Jagjit Singh Ji eLibrary NamdhariElibrary@gmail.com

ਸੋਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।
ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।
ਮੱਥਾ ਟੇਕਣ ਉਪਰੰਤ ਸਭ ਰਲ ਕੇ ਆਖਣਾ :
ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹ।

## ਦਸਮ ਗ੍ਰੰਥ ਵਿਚ ਕੁੱਲ ਕਿੰਨੀਆਂ ਬਾਣੀਆਂ ਹਨ?

ਦਸਮ ਗ੍ਰੰਥ ਵਿਚ ਕੁਲ ਚੌਦਾਂ ਬਾਣੀਆਂ ਹਨ।
ਇਨ੍ਹਾਂ ਦੇ ਨਾਮ ਅਤੇ ਛੰਦਾਂ ਦੀ ਗਿਣਤੀ ਇਸ ਪ੍ਰਕਾਰ ਹੈ :

| | | |
|---|---|---|
| ੧. | ਜਾਪੁ ਸਾਹਿਬ | =੧੯੯ ਛੰਦ |
| ੨. | ਅਕਾਲ ਉਸਤਤਿ | =੨੭੧ ਤੇ ਅੱਧਾ |
| ੩. | ਬਚਿੱਤਰ ਨਾਟਕ | =੪੭੧ |
| ੪. | ਚੰਡੀ ਚਰਿੱਤਰ ਪਹਿਲਾ | =੨੩੩ |
| ੫. | ਚੰਡੀ ਚਰਿੱਤਰ ਦੂਜਾ | =੨੬੨ |
| ੬. | ਵਾਰ ਭਗਉਤੀ ਜੀ ਕੀ | =੫੫ ਪਉੜੀਆਂ |
| ੭. | ਗਿਆਨ ਪ੍ਰਬੋਧ * | =੩੩੬ |
| ੮. | ਚੌਬੀਸ ਅਵਤਾਰ | |

(ੳ) ਪਹਿਲਾ ਬਿਸ਼ਨਾਵਤਾਰ ਦੇ ਚਵੀ ਅਵਤਾਰੀ ਰੂਪਾਂ ਦਾ ਵਰਣਨ ਹੈ।

| | | |
|---|---|---|
| (੧) | ਮਛ | =੫੪ |
| (੨) | ਕਛ | =੫ |
| (੩) | ਚਉਦਾਂ ਰਤਨ | =੧੪ |
| (੪) | ਨਰ ਨਰਾਇਣ | =੬ |
| (੫) | ਮਹਾਂ ਮੋਹਨੀ | =੮ |
| (੬) | ਬੈਰਾਹ | =੧੪ |
| (੭) | ਨਰ ਸਿੰਘ | =੪੨ |
| (੮) | ਬਾਵਨ | =੨੭ |
| (੯) | ਪਰਸਰਾਮ | =੩੫ |
| (੧੦) | ਬ੍ਰਹਮ | =੭ |
| (੧੧) | ਰੁਦ੍ਰ (i) | =੩੯ |
| (੧੨) | ਰੁਦ੍ਰ (ii) | =੫੦ |
| (੧੩) | ਰੁਦ੍ਰ (iii) | =੨੮ |



Sri Satguru Jagjit Singh Ji eLibrary NamdhariElibrary@gmail.com

(੧੪) ਬਿਸ਼ਨ =੭
(੧੫) ਅਰਹੰਤ ਦੇਵ =੨੦
(੧੬) ਮਨਰਾਜਾ =੮
(੧੭) ਧਨੰਤਰ =੬
(੧੮) ਚੰਦ੍ਰ =੧੫
(੧੯) ਸੂਰਜ =੨੭
(੨੦) ਰਾਮ =੮੬੪
(੨੧) ਕਿਸ਼ਨ =੨੪੯੨
(੨੨) ਨਰ =੭
(੨੩) ਬਉਧ =੩
(੨੪) ਨਹਕਲੰਕੀ =੫੮੮
(ਅ) ਮੀਰ ਮਹਿਦੀ =੧੧
(ੲ) ਬ੍ਰਹਮਾਵਤਾਰ =੩੪੩
(ਜਿਨ੍ਹਾਂ ਵਿਚ ਸੱਤਾਂ ਅਵਤਾਰਾਂ ਦਾ ਵੇਰਵਾ ਹੈ)
(ਸ) ਰੁਦ੍ਰਾਵਤਾਰ :
(i) ਦਤ =੪੯੮
(ii) ਪਾਰਸ =੩੫੭

੯. ਸਵੱਯੇ =੩੩
੧੦. ਸ਼ਬਦ ਹਜ਼ਾਰੇ =੧੦
੧੧. ਸੱਦ =੧
੧੨. ਖ਼ਾਲਸਾ ਮਹਿਮਾ =੪
੧੩. ਸ਼ਸਤਰ ਨਾਮ ਮਾਲਾ =੧੩੧੮
੧੪. ਚਰਿਤਰੋ ਪਾਖਯਾਨ =੭੫੫੫

ਦਸ ਸ਼ਬਦ, ੩੩ ਸਵੱਯੇ ਅਤੇ ੫੫ ਪਉੜੀਆਂ ਤੋਂ ਇਲਾਵਾ
ਕੁੱਲ ਛੰਦਾਂ ਦਾ ਜੋੜ=੧੬, ੧੨੫-੧/੨ ਹੈ।

ਦਸਮ ਗ੍ਰੰਥ ਸਮੁੱਚਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਲਿਖਿਆ ਹੈ। ਕਿਸੇ ਪ੍ਰਕਾਰ ਦਾ ਕਿੰਤੂ ਨਹੀਂ ਕਰਨਾ। ਅੰਦਰਲੀ ਤੇ ਬਾਹਰਲੀ ਸੁਚੇਤੀ ਲਈ ਇਹ ਗ੍ਰੰਥ ਰਚਿਆ ਸੀ ਅਤੇ ਹੁਕਮ ਵੀ ਕੀਤਾ ਸੀ ਕਿ ਗੁਰੂ ਤਾਂ ਗੁਰੂ ਗ੍ਰੰਥ ਸਾਹਿਬ ਹੀ ਹਨ, 'ਇਹ ਸਾਡੀ ਹੈ ਖੇਡ।'

Sri Satguru Jagjit Singh Ji eLibrary NamdhariElibrary@gmail.com

## 41

# ਵਾਹਿਗੁਰੂ ਜੀ ਕੀ ਫ਼ਤਹ

### *'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਕਿਸ ਵੇਲੇ ਤੇ ਕਿਉਂ ਬੁਲਾਉਣੀ ਚਾਹੀਦੀ ਹੈ?*

ਖ਼ੁਸ਼ਵਕਤ ਰਾਇ ਦਾ ਤਵਾਰੀਖ਼ੇ ਸਿੱਖਾਂ ਵਿਚ ਕਹਿਣਾ ਹੈ ਕਿ ਦਸਮੇਸ਼ ਪਿਤਾ ਜੀ ਨੇ ਇਹ ਰੀਤ ਚਲਾਈ ਸੀ ਕਿ :

'ਸਿੰਘਾਂ ਨੂੰ ਵੇਖ ਕੇ ਸਿੰਘ ਵਾਹਿਗੁਰੂ ਜੀ ਕੀ ਫ਼ਤਹ' ਆਖੇ। (ਇਵਜ਼ਿ ਕਲਮਾ-ਇ-ਇਸਲਾਮ ਫ਼ਤਹ ਵਾਹਿਗੁਰੂ ਜੀ ਕੀ ਮੁਕੱਰਰ ਕਰਦ)। ਇਹ ਹੁਕਮ ਵੀ ਕਰ ਦਿੱਤਾ ਸੀ ਕਿ ਅੱਗੋਂ ਦੂਜਾ ਸਿੰਘ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੋਲੇ। ਵਾਹਿਗੁਰੂ ਜੀ ਕੀ ਫ਼ਤਹ ਦੀ ਥਾਂ 'ਸਤਿ ਸ੍ਰੀ ਅਕਾਲ' ਆਖਣਾ ਕਲਪਿਤ ਰੀਤੀ ਹੈ ਤੇ ਉਚਿਤ ਨਹੀਂ। ਜਦ ਦੋ ਸਿੱਖ ਮਿਲਣ ਵੇਲੇ ਫ਼ਤਹ ਗਜਾਂਦੇ ਹਨ ਤਾਂ ਚਾਰ ਵਾਰੀ 'ਵਾਹਿਗੁਰੂ' ਮੁਖੋਂ ਨਿਕਲਦਾ ਹੈ।

ਭਾਈ ਮਨੀ ਸਿੰਘ ਨੇ ਵਾਹਿਗੁਰੂ ਜੀ ਕੀ ਫ਼ਤਹ ਬਾਬਤ ਜੋ ਕਲਗੀਧਰ ਦੀ ਆਗਿਆ ਲਿਖੀ ਹੈ, ਭਗਤ ਰਤਨਾਵਲੀ ਵਿਚ ਉਸ ਨੂੰ ਇਸ ਤਰ੍ਹਾਂ ਲਿਖਿਆ ਹੈ :

"ਜੋ ਕੋਈ ਸਿੱਖਾਂ ਨੂੰ ਅੱਗੋਂ ਦੇ ਵਾਹਿਗੁਰੂ ਜੀ ਕੀ ਫ਼ਤਹ ਬੁਲਾਉਂਦਾ ਹੈ, ਉਸ ਵੱਲ ਮੇਰਾ ਮੁੱਖ ਹੁੰਦਾ ਹੈ।

"ਔਰ ਜੋ ਪਿਛੋਂ ਬੁਲਾਉਂਦਾ ਹੈ ਉਸ ਵੱਲ ਮੇਰਾ ਸੱਜਾ ਮੋਢਾ ਹੁੰਦਾ ਹੈ।

"ਅਰ ਜੋ ਪਿਛੋਂ ਹੌਲੀ ਜਿਹੇ ਬੁਲਾਂਵਦਾ ਹੈ, ਉਸ ਵੱਲ ਮੇਰਾ ਖੱਬਾ ਮੋਢਾ ਹੁੰਦਾ ਹੈ।

"ਜੋ ਨਹੀਂ ਬੁਲਾਉਂਦਾ, ਉਸ ਵੱਲ ਮੇਰੀ ਪਿੱਠ ਹੁੰਦੀ ਹੈ।"

> "ਗਾਜਕੈ ਅਗਾਰੀ ਸੋ ਮ੍ਰਿਗੇਂਦਰ ਸੋ ਬੁਲਾਇ ਜੋਈ,
> ਰਾਖ ਹੌ ਸਦੈਵ ਸੋ ਹੈਂ ਪਯਾਰੋ ਮੋਹ ਭਾਯੋ ਹੈ।।"

ਜ਼ੱਕਰੀਆ ਖ਼ਾਨ ਨੇ ਵੀ ਨਾਦਰ ਸ਼ਾਹ ਨੂੰ ਖ਼ਾਲਸੇ ਦੀ ਨਿਆਰੀ ਰੀਤ ਦੱਸਦੇ ਕਿਹਾ ਸੀ :

> 'ਰਾਮ ਰਾਮ ਸਲਾਮ ਨ ਰਟਤੇ,
> ਗੱਜ ਕਰ ਫ਼ਤਹ ਗਜਾਤੇ।'

ਵਿਵੇਕਾ ਨੰਦ ਨੇ ਇਕ ਵਾਰੀ ਕਿਹਾ ਸੀ : 'ਵਾਹਿਗੁਰੂ ਜੀ ਕੀ ਫ਼ਤਹ' ਨਵੇਂ ਸਮਾਜ ਦਾ ਗਰਜਦਾ ਨਾਅਰਾ ਹੈ।

❑❑



Sri Satguru Jagjit Singh Ji eLibrary NamdhariElibrary@gmail.com

## ਸਾਡਾ ਜੈਕਾਰਾ ਕੀ ਹੈ ?

*ਸਾਡਾ ਜੈਕਾਰਾ :*

"ਬੋਲੇ ਸੋ ਨਿਹਾਲ,
ਸਤਿ ਸ੍ਰੀ ਅਕਾਲ," ਹੈ।

ਬੋਲੇ ਤੋਂ ਪਹਿਲਾਂ *'ਜੋ'* ਨਹੀਂ ਲਗਾਉਣਾ ਕੇਵਲ ਬੋਲੇ ਸੋ ਨਿਹਾਲ ਕਹਿਣਾ ਹੈ।

ਉਹ ਹੀ ਨਿਹਾਲ, ਸਫ਼ਲ, ਪ੍ਰਸੰਨ ਤੇ ਕਾਮਯਾਬ ਹੈ ਜੋ ਜੀਵਨ ਭਰ ਇਹ ਬੋਲਦਾ ਰਹਿੰਦਾ ਹੈ ਕਿ ਅੰਤਮ ਸੱਚ ਸਿਰਫ਼ 'ਸ੍ਰੀ ਅਕਾਲ' ਹੈ।

ਖ਼ੁਸ਼ਵਕਤ ਰਾਇ ਨੇ ਇਹ ਲਿਖਿਆ ਹੈ ਜਦ ਅੰਮ੍ਰਿਤ ਦੀ ਦਾਤ ਖ਼ਾਲਸੇ ਨੂੰ ਬਖ਼ਸ਼ੀ ਤਾਂ ਨਾਲ ਹੀ ਇਹ ਹੁਕਮ ਕੀਤਾ ਕਿ ਉੱਚੀ ਆਵਾਜ਼ ਨਾਲ ਸਵੇਰੇ ਸ਼ਾਮ ਜੈਕਾਰਾ ਛੱਡ ਕੇ 'ਅਕਾਲ ਅਕਾਲ' ਬੋਲਣਾ।

(ਬਜਾਇ ਬਾਂਗ ਸੁਬਹ ਵ ਸ਼ਾਮ ਸ਼ਬਦ ਅਕਾਲ ਅਕਾਲ ਬ ਆਵਾਜ਼ ਬੁਲੰਦ ਖ਼੍ਵਾਨਦਨ ਆਗਾਜ਼ ਨਮੂਦ)।

ਇਸੇ ਲਈ ਜਦ ਪੁਰਾਤਨ ਸਿੰਘ ਜੈਕਾਰਾ ਦੀਵਾਨ ਦੀ ਸਮਾਪਤੀ ਉਪ੍ਰੰਤ ਗਜਾਂਦੇ ਸਨ ਤਾਂ ਇਹ ਸ਼ਬਦ ਜ਼ਰੂਰ ਬੋਲਦੇ ਸਨ :

ਸਭ ਧਰਤੀ ਹਲ ਚਲ ਭਈ ਛੋਡਯੋ ਘਰ ਬਾਰਾ।
ਸ਼ਾਹ ਪਾਤਸ਼ਾਹ ਅਮੀਰੜੇ ਖਪਿ ਹੋਇ ਛਾਰਾ।
ਸਤਿਗੁਰ ਬਾਝਹੁ ਕੋਈ ਨਹੀਂ ਭੈ ਕਾਟਨ ਹਾਰਾ।
ਚੜ੍ਹਿਆ ਗੁਰੂ ਗੋਬਿੰਦ ਸਿੰਘ ਲੈ ਧਰਮ ਨਗਾਰਾ।
ਭੇਖੀ ਭਰਮੀਆਂ ਦੀ ਸਭਾ ਉਠਾਇਕੈ,
ਦਬੜੂ ਘੁਸੜੂ ਨੂੰ ਭਾਜੜਾਂ ਪਾਇਕੈ,
ਖੋਟੇ ਖੱਚਰੇ ਦੀ ਸਫ਼ਾ ਸਮੇਟ ਕੇ,
ਗੁਰ ਸਿੰਘਾਂ ਰਚਿਆ ਜੈਕਾਰਾ।
ਜੋ ਗੱਜ ਕੇ ਬੁਲਾਵੈ ਸੋ ਗੁਰੂ ਕਾ ਪਿਆਰਾ।
"ਬੋਲੇ ਸੋ ਨਿਹਾਲ,
ਸਤਿ ਸ੍ਰੀ ਅਕਾਲ।।"



Sri Satguru Jagjit Singh Ji eLibrary NamdhariElibrary@gmail.com

## 43 ਰਾਜ ਕਰੇਗਾ ਖ਼ਾਲਸਾ

### 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਕਿਸ ਥਾਂ ਤੇ ਦਰਜ ਹੈ?

ਇਹ ਤੁਕਾਂ ਉਸ *ਤਨਖ਼ਾਹਨਾਮਾ* ਵਿਚੋਂ ਹਨ, ਜਿਨ੍ਹਾਂ ਦੇ ਸਿਰ 'ਤੇ ਲਿਖਿਆ ਹੈ: ਪ੍ਰਸ਼ਨ ਭਾਈ ਨੰਦ ਲਾਲ, ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਖ਼ਾਲਸੇ ਦਾ ਲੱਛਣ ਦੱਸਣ ਉਪਰੰਤ ਚੌਪਈ ਹੈ, ਜਿਸ ਦੀਆਂ ਤੁੱਕਾਂ ਹਨ :

ਸੁਣੋ ਨੰਦ ਲਾਲ ਏਹੋ ਸਾਚ।<br>
ਪ੍ਰਗਟ ਕਰਾਊਂ ਆਪਣੋ ਰਾਜ॥ ੫੬॥<br>
ਚਾਰ ਬਰਨ ਇਕ ਬਰਨ ਕਰਾਊਂ॥<br>
ਵਾਹਿਗੁਰੂ ਕਾ ਜਾਪ ਜਪਾਊਂ॥ ੫੭॥<br>
ਚੜ੍ਹੇ ਤੁਰੰਗ ਉਡਾਵੈਂ ਬਾਜ॥<br>
ਤੁਰਕ ਦੇਖ ਕਰ ਜਾਵੈਂ ਭਾਜ॥ ੫੮॥<br>
**ਸਵਾ ਲਾਖ ਸੇ ਏਕ ਲੜਾਊਂ॥**<br>
**ਚੜ੍ਹੇ ਸਿੰਘ ਤਿਸ ਮੁਕਤ ਕਰਾਊਂ॥ ੫੯॥**<br>
ਝੂਲਣ ਨੇਜ਼ੇ ਹਸਤੀ ਸਾਜੇ॥<br>
ਦੁਆਰ ਦੁਆਰ ਪਰ ਨੌਬਤ ਬਾਜੇ॥ ੬੦॥<br>
ਸਵਾ ਲਾਖ ਜਬ ਧੁਖੈ ਪਲੀਤਾ॥<br>
ਤਬ ਖ਼ਾਲਸੇ ਉਦੈ ਅਸਤ ਲੌ ਜੀਤਾ॥ ੬੧॥

ਦੋਹਰਾ

ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ॥<br>
ਖਵਾਰ ਹੋਇ ਸਭ ਮਿਲੈਂਗੇ, ਬਚੇ ਸਰਨ ਜੋ ਹੋਏ॥ ੬੨॥

ਇਸ ਉਪਰੰਤ ਕੋਈ ਹੋਰ ਤੁੱਕ 'ਵਾਹਿਗੁਰੂ ਨਾਮ ਜਹਾਜ਼ ਹੈ' ਜਾਂ 'ਖੰਡਾ ਜਾ ਕੈ ਹਾਥ ਮੈ' ਆਦਿ ਨਹੀਂ ਪੜ੍ਹਨੀ।



Sri Satguru Jagjit Singh Ji eLibrary NamdhariElibrary@gmail.com

44

# ਨਾਨਕ ਨਾਮ ਚੜ੍ਹਦੀ ਕਲਾ

## *'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਅਰਥ ਕੀ ਹਨ?*

ਅਰਦਾਸ ਦੀ ਸਮਾਪਤੀ ਬਾਅਦ ਜੋ ਇਹ ਸਲੋਕ ਬੋਲਦੇ ਹਾਂ, ਉਸ ਦਾ ਭਾਵ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਸ ਨੇ ਨਾਮ ਨੂੰ ਆਧਾਰ ਰੱਖਿਆ ਉਸ ਦੀ ਸਦਾ ਚੜ੍ਹਦੀ ਕਲਾ ਹੈ। ਸਰਬੱਤ ਦਾ ਭਲਾ, ਤੇਰੇ ਭਾਣੇ, ਰਹਿਣ ਵਿਚ ਹੈ। ਹੁਕਮ ਵੀ ਹੋਏ ਸਨ :

> ਆਪਣੈ ਭਾਣੇ ਜੋ ਚਲੈ ਭਾਈ
> ਵਿਛੁੜਿ ਚੋਟਾ ਖਾਵੈ॥

ਨਾਮੀ ਸਦਾ ਉਸਦੇ ਭਾਣੇ ਵਿਚ ਰਹਿੰਦਾ ਹੈ ਅਤੇ ਨਾਮ ਨਾਲ ਸਵਾਰੀ ਸ਼ਖ਼ਸੀਅਤ ਨਿਜ ਨਾਲੋਂ ਸਰਬੱਤ ਦਾ ਭਲਾ ਹੀ ਸਾਹਮਣੇ ਰੱਖਦੀ ਹੈ ਜਾਂ ਸਾਰੀ ਲੋਕਾਈ ਇਹ ਪੱਕਾ ਜਾਣ ਲਵੇ ਕਿ ਸਰਬੱਤ ਦਾ ਭਲਾ ਕੇਵਲ 'ਤੇਰੈ ਭਾਣੈ' ਮੰਨਣ ਵਿਚ ਹੈ।

"ਖ਼ਾਲਸਾ ਚੜ੍ਹਦੀ ਕਲਾ ਦਾ ਹੁਲਾਸ ਹੈ। ਨਿਤ ਦਾ ਵਿਗਾਸ, ਨਿਤ ਦਾ ਚੜ੍ਹਾਉ, ਨਿਤ ਦਾ ਉਠਾਉ, ਨਿਤ ਦਾ ਹੰਭਲਾ, ਨਿੱਤ ਦਾ ਉਤਸ਼ਾਹ, ਨਿਤ ਦਾ ਵੇਗ, ਜਿਸ ਅੱਗੇ ਕੱਖ, ਕਾਨੇ, ਪਾਪ, ਬਦੀਆਂ, ਜ਼ੋਰ ਜ਼ੁਲਮ, ਸਬਰ ਸਭ ਨੱਸ ਖੜੋਂਦੇ ਹਨ। ***ਕਿਸੇ ਦੁੱਖ ਵਿਚ ਕਲਾ ਨੂੰ ਖੜੇ ਨਾ ਹੋਣ ਦੇਣਾ।***

ਸਰਬੱਤ ਦੇ ਭਲੇ ਲਈ ਉਮਾਹ ਵਿਚ ਰਹਿਣਾ ਅਤੇ ਇਸ ਤਰ੍ਹਾਂ ਆਪਣੀ ਕਲਾ ਨੂੰ ਚੜ੍ਹਦਿਆਂ ਰੱਖਣਾ।



Sri Satguru Jagjit Singh Ji eLibrary NamdhariElibrary@gmail.com

## ਨਿਤਨੇਮ ਦੀਆਂ ਬਾਣੀਆਂ ਕਿਹੜੀਆਂ ਹਨ? ਉਨ੍ਹਾਂ ਦੀ ਮਹਿਮਾ ਦੱਸੋ।

*ਅੰਮ੍ਰਿਤ ਵੇਲੇ :* ਜਪੁ ਜੀ

ਜਾਪ ਸਾਹਿਬ

ਸਵੱਯੇ ਜੋ 'ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖ ਫਿਰਿਓ ਘਰ ਜੋਗ ਜਤੀ ਕੇ' ਤੋਂ ਅਰੰਭ ਹੋ ਕੇ 'ਕਾਹੂ ਲੈ ਪਾਹਨ ਪੂਜ ਧਰਯੋ ਸਿਰ, ਕਾਹੂ ਲੈ ਲਿੰਗ ਗਰੇ ਲਟਕਾਇਓ' ਤੇ ਸਮਾਪਤ ਹੁੰਦੇ ਹਨ।

*ਸ਼ਾਮ ਵੇਲੇ :* ਰਹਿਰਾਸ ਸਾਹਿਬ

*ਰਾਤ ਨੂੰ ਸੌਣ ਵੇਲੇ :* ਸੋਹਿਲੇ ਦੇ ਪੰਜ ਸ਼ਬਦ।

*ਜਪੁਜੀ :* ਸਾਡੀ ਮੁੱਖ ਬਾਣੀ ਹੈ। ਇਸ ਨੂੰ ਗੁਰੂ ਗ੍ਰੰਥ ਸਾਹਿਬ ਦਾ 'ਰਹਾਉ' ਹੀ ਸਮਝੋ। ਮੈਂ ਮੇਰੀ ਨੂੰ ਮਾਰਨ ਲਈ ਜਪੁ ਜ਼ਰੂਰੀ ਹੈ।

ਕਵੀ ਸੰਤੋਖ ਸਿੰਘ ਨੇ ਗਰਬ ਗੰਜਨੀ ਟੀਕੇ ਵਿਚ ਜਪ ਦਾ ਮੂਲ ਭਾਵ 'ਜੀਵ ਈਸ਼ਵਰ ਕੀ ਏਕਤਾ ਬ੍ਰਹਮ ਮੇਂ' ਲਿਖ ਕੇ ਮਹੱਤਤਾ ਦ੍ਰਿੜ੍ਹਾ ਦਿੱਤੀ ਹੈ ਅਤੇ ਫਿਰ ਲਿਖਿਆ ਹੈ :

"ਸਿਖ ਗੁਰੂ ਕੇ ਹੋਇ ਗਇਓ, ਜਪ ਜੀ ਕੰਠ ਨ ਕੀਨ।।
ਤੰਦੁਲ ਬਿਨ ਤੁਖ ਕਿਸ ਕਾਮ ਕੋ, ਜਨਮ ਅਕਾਰਥ ਕੀਨ।"

*ਜਾਪੁ ਸਾਹਿਬ :* ਧਿਆਨ ਪਕਾਉਣ ਤੇ ਵਾਹਿਗੁਰੂ ਦੀ ਜਲਾਲੀ ਰੂਪ ਦੇਖਣ ਜ਼ਰੂਰੀ ਕਿਰਿਆ ਹੈ। ਛੰਦਾਂ ਦੀ ਚਾਲ ਨਾਲ, ਮਨ ਦੇ ਉਠਦੇ ਵੇਗਾਂ ਨੂੰ ਸ਼ਾਂਤ ਕੀਤਾ ਹੈ।

*ਸੁਧਾ ਸਵੱਯੇ :* ਸੰਸਾਰ ਦੀ ਨਾਸ਼-ਮਾਣਤਾ ਦਰਸਾ ਕੇ ਸੰਸਾਰੀ ਰੁਹਬ ਨੂੰ ਝਾੜ ਸੁੱਟ ਦੇਣ ਲਈ ਤਤਪਰ ਕਰਦੇ ਹਨ।

***ਸੋਦਰ*** ਸਾਹਿਬ ਸਾਨੂੰ ਪ੍ਰੇਰਦੀ ਹੈ ਕਿ ਨਿਰੀ ਰਾਸ ਹੀ ਇਕੱਠੀ ਨਾ ਕਰੋ, 'ਰਹਿਰਾਸ' ਵੀ ਕਰਿਆ ਕਰੋ। ਸਾਰੀ ਦਿਹਾੜੀ ਮੈਂ, ਮੇਰੀ ਵਿਚ ਪਏ ਰਹੇ, ਹੁਣ ਸ਼ਾਮ ਨੂੰ ਸੋ ਦਰ ਟਿਕ ਤੁੱਧ ਨੋ, ਤੁੱਧ ਨੋ, ਕੁਝ ਚਿਰ ਗਾਵੋ। ਸੋਦਰ ਰਹਿਰਾਸ ਵਾਲੇ ਇਕੋ ਸ਼ਬਦ ਵਿਚ ਤਕਰੀਬਨ 32 ਵਾਰੀ ਤੁਧਨੋ ਅਤੇ ਤੇਰੇ, ਤੇਰੇ ਆਇਆ ਹੈ। ਸੋ ਦਰ ਪੁੱਜ ***ਸੋ ਪੁਰਖ*** ਦੇ ਦੀਦਾਰ ਕਰੋ ਅਤੇ ਉਸ ਅੱਗੇ ਹੀ ਬੇਨਤੀ ਕਰੋ,'ਸਰਬ ਠੋਰ ਸਹਾਇਤਾ ਕਰਦੇ ਰਹਿਣਾ'। ***ਅਨੰਦ*** ਇਸੇ ਵਿਚ ਹੈ ਕਿ 'ਸਗਲ ਦੁਆਰ ਕੋ ਛਾਡ ਕੈ' ਸੋਦਰੁ ਦਾ ਪੱਲਾ ਘੁੱਟ ਕੇ ਪਕੜੀ ਰੱਖਣਾ। ਸਦਾ ਖੁਸ਼ ਰਹਿਣ ***(ਮੁੰਦਾਵਣੀ)*** ਦਾ ਨੁਸਖ਼ਾ ਵੀ ਇਹ ਹੀ ਹੈ ਕਿ ਹਿਰਦੇ ਰੂਪ ਥਾਲ ਵਿਚ ਸਤਿ, ਸੰਤੋਖ, ਵੀਚਾਰ ਨੂੰ ਦ੍ਰਿੜ੍ਹ ਕਰਨਾ। ਇਹ ਨਹੀਂ



Sri Satguru Jagjit Singh Ji eLibrary NamdhariElibrary@gmail.com

ਭੁੱਲਣਾ ਕਿ ਇਨ੍ਹਾਂ ਸਭਨਾਂ (ਸਭਸੁ) ਸਤ, ਸੰਤੋਖ ਤੇ ਵਿਚਾਰ ਦਾ ਆਧਾਰ 'ਅੰਮ੍ਰਿਤ ਨਾਮ' ਹੈ। ਨਿੰਮ੍ਰਤਾ ਕਦੇ ਨਹੀਂ ਛੱਡਣੀ। 'ਮੈਂ ਨਿਰਗੁਣਆਰੇ ਕੋ ਗੁਣੁ ਨਾਹੀ', ਕਹਿੰਦੇ ਰਹਿਣਾ ਹੈ। 'ਰਹਿਰਾਸ' ਨੂੰ ਰਾਹਿ ਰਾਸਤ (ਠੀਕ ਰਾਹ) ਵੀ ਕਹਿੰਦੇ ਹਨ ਤਾਂ ਕਿ ਸਹੀ ਜੀਵਨ ਰਾਹ ਤੋਂ ਜੀਵਨ ਨਾ ਭੱਟਕੇ।

***'ਸੋਹਿਲਾ'*** ਇਸ ਲਈ ਬਖ਼ਸ਼ਿਆ ਕਿ ਮੌਤ ਦਾ ਭੈ ਲੱਥੇ, ਦ੍ਰਿਸ਼ਟੀ ਚੌੜੀ ਹੋਵੇ, ਸਰਬ ਜੀਵਾਂ ਵਿਚ ਉਸ ਦੀ ਜੋਤ ਦਾ ਝਲਕਾਰਾ ਸਿਤਾਰਿਆਂ ਵਾਂਗ ਝਿਲਮਿਲਾਇ, ਹਉਮੈ ਦਾ ਕੰਡਾ ਨਿਕਲੇ ਤੇ ਨਿਜ ਘਰ ਵਾਸਾ ਹੋਵੇ।

ਸੋਹਿਲਾ ਰਾਤ ਨੂੰ ਸੌਣ ਵੇਲੇ ਪੜ੍ਹਨ ਦੀ ਆਗਿਆ ਹੈ ਅਤੇ ਜਦ ਮ੍ਰਿਤਕ ਦੇਹ ਨੂੰ ਚਿਖਾ ਤੇ ਰੱਖ ਲੰਬੂ ਲਗਾਇਆ ਜਾਂਦਾ ਹੈ, ਤਦ ਵੀ ਇਹ ਸੋਹਿਲਾ ਹੀ ਪੜ੍ਹਦੇ ਹਨ। ਮੌਤ ਇਕ ਲੰਮੀ ਨੀਂਦ ਹੈ ਅਤੇ ਨੀਂਦ ਇਕ ਛੋਟੀ ਮੌਤ। ਅੱਛੀ ਨੀਂਦ ਲਈ ਨਾਂਹ ਬਹੁਤ ਥਕੇਵਾਂ ਚਾਹੀਦਾ ਹੈ, ਨਾ ਕਿਸੇ ਕੋਲੋਂ ਲੈਣਾ ਤੇ ਨਾਂਹ ਦੇਣਾ, ਨਾ ਬਹੁਤੀ ਖੁਸ਼ੀ ਤੇ ਨਾਂਹ ਬਹੁਤੀ ਗ਼ਮੀ। ਸਹਿਜ ਦੀ ਦਿਹਾੜੀ ਗੁਜ਼ਾਰਨ ਵਾਲੇ ਨੂੰ ਸੁਖਾਵੀਂ ਨੀਂਦ ਆਉਂਦੀ ਹੈ। ਸਹਿਜਮਈ ਜੀਵਨ ਗੁਜ਼ਾਰਨ ਵਾਲਾ ਹੀ ਹੱਸ ਕੇ ਮੌਤ ਦੀ ਗੋਦ ਵਿਚ ਜਾ ਸਕਦਾ ਹੈ।

□□

Sri Satguru Jagjit Singh Ji eLibrary NamdhariElibrary@gmail.com

## ਔਰਤ ਦਾ ਸਿੱਖ ਧਰਮ ਵਿਚ ਕੀ ਦਰਜਾ ਹੈ ?

—ਕਹਿੰਦੇ ਹਨ ਕਿ ਕਿਸੇ ਸਮਾਜ ਦੀ ਉਚਾਈ ਮਾਪਣੀ ਹੋਵੇ ਤਾਂ ਦੇਖੋ ਕਿ ਉਹ ਔਰਤ ਨੂੰ ਕੀ ਅਸਥਾਨ ਦੇਂਦਾ ਹੈ। ਵੈਸੇ ਸਾਰਾ ਜਗਤ ਜਾਂ ਔਰਤ ਪਿੱਛੇ ਨੱਸ ਰਿਹਾ ਹੈ ਜਾਂ ਔਰਤ ਤੋਂ ਨੱਸਦਾ ਹੈ। ਇਸੇ ਕਰਕੇ ਸਮਾਜ ਅਜੇ ਬੀਮਾਰ ਫਿਰ ਰਹਿਆ ਹੈ। ਸਮਾਜ ਦੇ ਨਰੋਏਪਨ ਨਾ ਹੋਣ ਦਾ ਕਾਰਨ ਔਰਤ 'ਤੇ ਦਬਾਅ, ਉਸ ਨੂੰ ਤੁੱਛ ਹੀ ਸਮਝਣਾ ਜਾਂ ਐਸ਼ ਦਾ ਸਾਮਾਨ ਜਾਣਨਾ ਹੈ।

ਸਮਾਜ ਦੀ ਇਕ ਇਕਾਈ ਦਾ ਅੱਧਾ ਅੰਗ ਇਸਤ੍ਰੀ ਹੈ, ਪਰ ਪੱਛਮੀ ਚਿੰਤਕਾਂ ਨੇ ਇਸਤਰੀ ਨੂੰ 'ਕੁਦਰਤ ਦੀ ਇਕ ਮਜ਼ੇਦਾਰ ਗ਼ਲਤੀ', (Agreeable Blunder) ਆਖ ਕੇ ਨਿੰਦਿਆ ਤੇ ਦੁਰਕਾਰਿਆ ਹੈ। ਅਰਸਤੂ ਜਿਹੇ ਫ਼ਿਲਾਸਰਾਂ ਨੇ 'ਨਾ ਮੁਕੰਮਲ ਵਸਤੂ' (Erroneous Development) ਤੱਕ ਕਿਹਾ ਹੈ। ਹਿੰਦੁਸਤਾਨ ਵਿਚ ਤੁਲਸੀ ਦਾਸ ਜਿਹੇ ਵਿਦਵਾਨ ਕਵੀਆਂ ਨੇ ਇਸ ਨੂੰ ਅੱਧਾ ਜ਼ਹਿਰ ਤੇ ਅੱਧਾ ਅੰਮ੍ਰਿਤ ਆਖਿਆ। ਇਸਲਾਮ ਨੇ ਦੋ ਇਸਤਰੀਆਂ ਦੀ ਗਵਾਹੀ ਇਕ ਪੁਰਸ਼ ਬਰਾਬਰ ਦੱਸੀ। ਬੁੱਧ ਜੀ ਨੇ ਆਖਿਆ ਕਿ ਇਸਤਰੀ ਵਿਚ ਰੂਹ ਹੀ ਨਹੀਂ ਹੁੰਦੀ।

ਗੁਰੂ ਨਾਨਕ ਜੀ ਨੇ ਇਨ੍ਹਾਂ ਸਭਨਾਂ ਦੇ ਉਲਟ, ਇਸਤਰੀ ਨੂੰ ਮਰਦ ਦਾ ਸ਼ਿੰਗਾਰ ਨਹੀਂ, ***ਸੰਜਮ ਤੇ ਬੰਧੇਜ*** ਦਾ ਚਿੰਨ੍ਹ ਕਿਹਾ। 'ਭੰਡ ਹੋਵਹਿ ਬੰਧਾਨ'। 'ਅਉਰਤ ਯਕੀਨਾ' ਗੁਰੂ ਅਰਜਨ ਜੀ ਦਾ ਫ਼ਰਮਾਨ ਹੈ।

'ਔਰਤ ਈਮਾਨ' ਗੁਰੂ ਹਰਿਗੋਬਿੰਦ ਜੀ ਨੇ ਇਕ ਪੁੱਛ ਦੇ ਉੱਤਰ ਵਿਚ ਕਿਹਾ ਸੀ।

ਗੁਰੂ ਨਾਨਕ ਜੀ ਨੇ ਐਸੇ ਕੁਹਝੇ ਵਿਚਾਰ ਕਿ ਇਸ ਵਿਚ ਰੂਹ ਨਹੀਂ ਹੁੰਦੀ, ਦੇਣ ਵਾਲਿਆਂ ਨੂੰ ਕਿਹਾ ਕਿ ਅਜੀਬ ਹੈ ਤੁਹਾਡੀ ਮੰਤਕ ਕਿ ਜੋ ਤੁਹਾਡੇ ਕਥਨ ਮੁਤਾਬਿਕ ਨਿਹਕਲੰਕੀ ਰਾਜਿਆਂ ਨੂੰ ਜਨਮ ਦੇਵੇ, ਉਹ ਤਾਂ ਕਲੰਕਣੀ ਅਤੇ ਜੋ ਕਲੰਕਣੀ ਤੋਂ ਜੰਮਿਆ ਉਹ ਨਿਹਕਲੰਕ :

"ਸੋ ਕਿਉਂ ਮੰਦਾ ਆਖੀਐ,
ਜਿਤੁ ਜੰਮਹਿ ਰਾਜਾਨ ॥"

ਔਰਤ ਵਿਚ ਇਕ ਨਹੀਂ ਅਨੇਕਾਂ ਗੁਣ ਹਨ। 'ਬੱਤੀ ਸੁਲੱਖਣੀ' ਕਹਿ ਕੇ ਗੁਰੂ ਜੀ ਨੇ ਔਰਤ ਨੂੰ ਨਿਵਾਜਿਆ।

ਜਿਸ ਔਰਤ ਨੂੰ ਪਰਦੇ ਵਿਚ ਰੱਖਣ ਦਾ ਰਿਵਾਜ ਸੀ, ਉਸ ਲਈ ਗੁਰੂ ਅਮਰਦਾਸ ਜੀ ਨੇ ਹੁਕਮ ਦਿੱਤਾ ਕਿ ਉੱਜਲੇ ਕੱਪੜੇ ਪਾ, ਬਗੈਰ ਪਰਦੇ, ਘੁੰਡ ਨਾ ਕੱਢ, ਗੁਰ



Sri Satguru Jagjit Singh Ji eLibrary NamdhariElibrary@gmail.com

ਦਰਬਾਰ ਸੰਗਤ ਵਿਚ ਆਵੇ, ਕਿਸੇ ਪ੍ਰਕਾਰ ਦਾ ਸੰਕੋਚ ਨਾ ਕਰੇ।

'ਧਰ ਬਸਤ੍ਰ ਸੁਏਤ, ਖੁਲੇ ਮੁੱਖ ਆਵੈ॥
ਕੁਝ ਸ਼ੰਕਾ ਲਾਜ ਨ ਮਨ ਮੋ ਲਿਆਵੈ॥"

ਵਿਧਵਾ ਵਿਆਹ ਦੀ ਆਗਿਆ ਵੀ ਗੁਰੂ ਪਾਤਸ਼ਾਹਾਂ ਦਿੱਤੀ। ਸਤੀ ਨੂੰ ਮਾੜਾ ਕਿਹਾ। ਅੰਮ੍ਰਿਤ ਛਕਾਉਣ ਵੇਲੇ ਜਦ ਪਤਾਸੇ ਮਾਤਾ ਜੀਤੋ ਜੀ ਨੇ ਆਣ ਪਾਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਰਮਾਯਾ ਸੀ :

'ਭਲੋ ਭਯੋ ਤੂੰ ਚਲ ਕਰ ਆਈ॥
ਨੀਰ ਵਿਖੇ ਮਧੁਰਾਈ ਪਾਈ॥"

ਖ਼ਾਲਸੇ ਦੀ ਮਾਤਾ ਸਾਹਿਬ ਕੌਰ ਨੂੰ ਕਹਿਣਾ, ਔਰਤ ਨੂੰ ਬਰਾਬਰ ਦਾ ਸਥਾਨ ਹੀ ਦੇਣਾ ਸੀ। ਅੰਮ੍ਰਿਤ ਛਕਾਉਣ ਦਾ ਅਧਿਕਾਰ ਵੀ ਸਿੱਖ ਔਰਤ ਨੂੰ ਦੇਣਾ ਇਕ ਇਨਕਲਾਬੀ ਕਦਮ ਸੀ।

ਸੰਗ੍ਰਾਮ ਸਮੇਂ ਸਿੰਘਣੀਆਂ, ਸਿੰਘਾਂ ਨਾਲ ਮੋਢੇ ਨਾਲ ਮੋਢਾ ਡਾਹ ਜੂਝਦੀਆਂ। ਅਰਦਾਸ ਵਿਚ 'ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ', ਇਕੱਠੇ ਆਉਣਾ ਔਰਤਾਂ ਦੇ ਜੁਅਰਤ ਭਰੇ ਕਰਤੱਬਾਂ ਦਾ ਨਿੱਤ ਪ੍ਰਗਟਾਵਾ ਹੈ। ਮਾਤਾ ਸੁੰਦਰੀ ਜੀ ਕਿਤਨੇ ਹੀ ਸਾਲ ਪੰਥ ਦੀ ਅਗਵਾਈ ਦਿੱਲੀ ਬੈਠ ਕਰਦੇ ਰਹੇ। ਜਦ ਰਤਾ ਕੁ ਵੀ ਆਪ ਹੁਦਰੀ ਬਾਬਾ ਬੰਦਾ ਸਿੰਘ ਨੇ ਕਰਨੀ ਚਾਹੀ ਤਾਂ ਮਾਤਾ ਸੁੰਦਰੀ ਜੀ ਨੇ ਉਸੇ ਵੇਲੇ ਲਿਖ ਭੇਜਿਆ :

ਬੰਦੇ ਕੋ ਖਿਦਮਤ ਦਈ, ਪਾਤਸ਼ਾਹੀ ਨਾਹੀ।
ਪਾਤਸ਼ਾਹੀ ਨਿਜ ਖ਼ਾਲਸੇ ਦਈ, ਸਾਹਿਬ ਸਚੈ ਪਾਤਸ਼ਾਹ।

ਇਥੇ ਇਕ ਉਦਾਹਰਣ ਔਰਤ ਦੇ ਕਰਤੱਵ ਬਾਰੇ ਦੇਣੀ ਢੁੱਕਵੀਂ ਰਵ੍ਹੇਗੀ। ਜ਼ਕਰੀਆ ਖ਼ਾਨ ਪਾਸ ਨਿਰੰਜਨੀਆਂ ਨੇ ਜਦ ਭਾਈ ਤਾਰੂ ਸਿੰਘ ਜੀ ਦੀ ਸ਼ਿਕਾਇਤ ਕੀਤੀ ਸੀ ਤਾਂ ਨਾਲ ਇਹ ਕਿਹਾ ਸੀ :

'ਹੈ ਤਾਰੂ ਸਿੰਘ ਕੀ, ਇਕ ਭੈਣ ਔਰ ਮਾਈ॥"

ਜੋ ਦਿਨ ਰਾਤ ਚੱਕੀ ਚੁੱਲ੍ਹਾ, ਲੋਹ ਤਪਾ, ਲੰਗਰ ਤਿਆਰ ਰੱਖਦੀਆਂ ਹਨ। ਇਤਨੀਆਂ ਦ੍ਰਿੜ੍ਹ ਇਰਾਦੇ ਦੀਆਂ ਹਨ ਮਾਵਾਂ ਧੀਆਂ ਕਿ :

ਸ਼ਬਦ ਚੌਂਕੀ ਗੁਰ ਅਪਨੇ ਕੀ ਕਰੇ।
ਸੋ ਮਰਨੇ ਤੇ ਨੈਕ ਨ ਡਰੈ।
ਗੰਗਾ ਜਮਨਾ ਨਿਕਟ ਨ ਜਾਵੈ।'

ਹੋਰ, ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਘਾੜਤ ਵਿਚ ਮਾਂ ਦਾ ਬਹੁਤ ਹੱਥ ਸੀ।

ਵਿਲੀਯਮ ਫਰੈਂਕਲਿਨ ਨੇ ਲਿਖਿਆ ਹੈ ਕਿ ਕਿਤਨੀਆਂ ਹੀ ਉਦਾਹਰਣਾਂ ਹਨ ਜਦ ਸਿੱਖ ਬੀਬੀਆਂ ਨੇ ਹਥਿਆਰ ਚੁੱਕ ਸ਼ਤਰੂਆਂ ਨੂੰ ਪਛਾੜਿਆ। ਸ਼ਹਿਜ਼ਾਦਾ ਬੇਦਾਰ ਬੱਖ਼ਤ ਨੂੰ ਬੀਬੀ ਰਾਜਿੰਦਰ ਕੌਰ (ਪਟਿਆਲਾ) ਨੇ ਹੀ ਭਾਜੜਾਂ ਪਾਈਆਂ ਸਨ। ਝਟਕੇ ਦੀਂ ਰਹੁ-ਰੀਤੀ ਗੁਜਰਾਤ ਵਿਖੇ ਮਾਈ ਰਾਜ ਦੇਵੀ ਨੇ ਨਿਰਭੈ ਹੋਇ ਨਿਬਾਹੀ। ਬੀ.ਟੀ.

Sri Satguru Jagjit Singh Ji eLibrary NamdhariElibrary@gmail.com

ਦੀਆਂ ਡਾਂਗਾਂ ਸਾਹਵੇਂ ਵੀ ਮਾਤਾ ਕਿਸ਼ਨ ਕੌਰ ਵਰਗੀਆਂ ਅੜ ਖਲੋਈਆਂ ਸਨ।

ਲੈਪਲ ਗ੍ਰਿਫਨ ਨੇ ਇਹ ਵੀ ਲਿਖਿਆ ਹੈ ਕਿ ਸਿੱਖ ਔਰਤਾਂ ਸੂਝ ਤੇ ਪ੍ਰਬੰਧਕੀ ਮਾਮਲਿਆਂ ਵਿਚ ਮਰਦਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਸਨ।

ਸਰਦਾਰ ਚੜ੍ਹਤ ਸਿੰਘ ਦੇ ਘਰੋਂ ਰਾਣੀ ਸਦਾ ਕੌਰ, ਮਾਈ ਦੇਸਾਂ, ਭਾਈ ਤਾਰਾ ਸਿੰਘ ਘੈਬਾ ਦੀ ਸੁਪਤਨੀ ਮਾਈ ਰਤਨ ਕੌਰ, ਬਾਬਾ ਆਲਾ ਸਿੰਘ ਜੀ ਦੀ ਸੁਪਤਨੀ ਮਾਈ ਫਤੋ, ਕੁਝ ਕੁ ਉਦਾਹਰਣਾਂ ਹਨ। ਰਾਣੀ ਜਿੰਦਾਂ ਬਾਰੇ ਤਾਂ ਅੰਗਰੇਜ਼ ਲਿਖਾਰੀਆਂ ਨੇ ਲਿਖਿਆ ਹੀ ਇਹ ਸੀ ਕਿ ਜੇ ਕੋਈ ਇਕ ਮਰਦ ਹੈ ਪੰਜਾਬ ਵਿਚ ਤਾਂ ਉਹ ਮਾਈ ਜਿੰਦਾਂ ਹੈ। ਰਾਣੀ ਜਿੰਦਾਂ ਵਰਗੀ ਹੀ ਲਿਖ ਸਕਦੀ ਸੀ, ਲਾਰਡ ਡਲਹੌਜ਼ੀ ਨੂੰ ਕਿ *'ਰੱਖ ਲੈ ਦੋ ਚਾਰ ਨਿਮਕ ਹਰਾਮਾਂ ਨੂੰ ਤੇ ਹੋਰ ਪੰਜਾਬ ਨੂੰ ਫਾਹੇ ਲਗਾ ਦੇ।'*

Sri Satguru Jagjit Singh Ji eLibrary NamdhariElibrary@gmail.com

## ਜ਼ਾਤ ਤੇ ਪਾਤ ਨੂੰ ਸਿੱਖੀ ਵਿਚ ਕੋਈ ਥਾਂ ਹੈ ਕਿ ਨਹੀਂ?

ਬਿਲਕੁਲ ਨਹੀਂ।

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਚਾਰ ਵਰਨ, ਆਸ਼ਰਮ ਬਣਨ ਨਾਲ ਹੀ ਜਗਤ ਵਿਚ ਗਿਲਾਨੀ ਆਈ :

> "ਭਈ ਗਿਲਾਨਿ ਜਗਤ ਵਿਚ
> ਚਾਰ ਵਰਨ ਆਸ਼ਰਮ ਉਪਾਏ।"

ਇਸ ਗਿਲਾਨੀ ਤੋਂ ਹੀ ਘਿਰਣਾ ਵਧੀ ਅਤੇ ਫਿਰ ਇਤਨੀ ਪੱਕੀ ਹੋ ਗਈ ਕਿ ਹੁਣ ਮਨੁੱਖਤਾ ਇਸ ਦਾ ਸ਼ਿਕਾਰ ਹੈ। ਇਸ ਨੂੰ ਹੀ ਗੁਰੂ ਸਾਹਿਬਾਨ ਨੇ ਆ ਕੇ ਤੋੜਿਆ ਸੀ। ਗੁਰੂ ਪਾਤਸ਼ਾਹਾਂ ਨੇ ਜ਼ਾਤ ਦਾ ਗਰਬ ਕਰਨ ਵਾਲੇ ਨੂੰ ਮੂਰਖ ਤੇ ਗਵਾਰ ਤੱਕ ਕਿਹਾ ਅਤੇ ਇਹ ਵੀ ਚਿਤਾਵਨੀ ਦਿੱਤੀ ਕਿ ਇਸੇ ਤੋਂ ਹੀ ਹੋਰ ਵਿਕਾਰ ਵੱਧਦੇ ਹਨ। ਗੁਰੂ ਨਾਨਕ ਦੇਵ ਜੀ ਨਾਮ ਨਾਲ ਜਾਤ ਲਿਖਣ ਨੂੰ ਵੱਡੀ ਗਾਲ੍ਹ ਤੁਲ ਸਮਝਦੇ ਸਨ :

> 'ਫਕੜੁ ਜਾਤੀ ਫਕੜੁ ਨਾਉ।'

ਫ੍ਰੈਡਰਿਕ ਪਿਨਕਾਟ ਨੇ ਬਹੁਤ ਸੋਹਣਾ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਗੱਲ ਘਰ-ਘਰ ਪਹੁੰਚਾ ਦਿੱਤੀ ਕਿ ਸਾਰੇ ਇਕੋ ਮਾਂ ਪਿਉ ਦੇ ਜਾਏ ਹਨ।

ਕੋਈ ਉੱਚਾ, ਕੋਈ ਨੀਵਾਂ, ਕੋਈ ਮੰਦਾ, ਕੋਈ ਚੰਗਾ, ਕੋਈ ਖ਼ਾਸ, ਕੋਈ ਆਮ, ਕੋਈ ਅਛੂਤ ਨਹੀਂ। ਰੱਬ ਸਾਂਝਾ ਬਾਪ ਹਮਾਰਾ ਅਤੇ ਅਸੀਂ ਸਾਰੇ ਭਾਈ (Father-Hood of God and Brother-Hood of Man) ਵਾਲੀ ਵਿਚਾਰ ਸੰਸਾਰ ਨੂੰ ਦਿੱਤੀ।

ਸਿੱਖਾਂ ਨੇ ਵੀ ਗੁਰੂ ਦੇ ਨਾਂ ਤੇ ਪੂਰਾ ਪਹਿਰਾ ਦਿੱਤਾ ਅਤੇ ਜਾਤ ਪਾਤ ਦੀਆਂ ਮਨੁੱਖਤਾ-ਹੀਣ ਬੰਦਸ਼ਾਂ ਤੋੜ ਦਿੱਤੀਆਂ। ਇਹ ਪ੍ਰਣ ਕੀਤੇ ਕਿ ਉਹਨਾਂ ਲਈ ਮਾਨਵਤਾ ਦੀ ਸਾਰੀ ਜ਼ਾਤੀ ਇਕ ਸਮਾਨ ਹੈ। ***ਤਾਤ ਪਰਾਈ ਦਾ ਸੰਕਲਪ*** (Concept of otherness) ਮੂਲੋਂ ਮੁਕਾ ਦਿੱਤਾ।

ਗੁਰੂ ਸਾਹਿਬਾਨ ਨੇ ਪਹਿਲਾਂ ਸੰਗਤਿ ਵਿਚ, ਫਿਰ ਪੰਗਤਿ ਵਿਚ, ਇਕੋ ਥਾਂ ਇਸ਼ਨਾਨ, ਫਿਰ ਪ੍ਰਚਾਰ ਦੀਆਂ ਜ਼ਿੰਮੇਵਾਰੀਆਂ ਸਭ ਨੂੰ, ਫਿਰ ਰੰਘਰੇਟੇ-ਗੁਰੂ ਕੇ ਬੇਟੇ ਅਤੇ ਆਖ਼ੀਰ ਇਕੋ ਬਾਟੇ ਵਿਚੋਂ ਸਭ ਨੂੰ ਅੰਮ੍ਰਿਤ ਛਕਾ ਕੇ ਜ਼ਾਤ-ਪਾਤ ਦੇ ਤਕੜੇ ਸੰਗਲ ਤੋੜ ਦਿੱਤੇ।



Sri Satguru Jagjit Singh Ji eLibrary NamdhariElibrary@gmail.com

*ਕਿਸੇ ਸਿੱਖ ਦਾ ਸਿੰਘ ਬਾਅਦ ਹੁਣ ਜ਼ਾਤ ਲਿਖਣਾ 'ਗੁਰੂ ਦਾ ਸੁਧਾਰ' ਕਰਨ ਭੁੱਲ ਹੈ। ਕੋਈ ਜ਼ਾਤ ਜਾਂ ਪਾਤ ਲਿਖਣਾ ਮੁੱਢਲੇ ਅਸੂਲ ਤੇ ਹੀ ਲੱਤ ਮਾਰਨੀ ਹੈ।*

**ਭਾਈ** ਗੁਰਦਾਸ ਜੀ ਨੇ ਸਖ਼ਤ ਤਾੜਨਾ ਕੀਤੀ ਹੈ ਕਿ ਗੁਰੂ ਦੇ ਸਿੱਖਾਂ ਦੀ ਕੋਈ ਗੋਤ ਨਹੀਂ, ਇਕੋ ਗੋਤ ਸਨਮੁੱਖਤਾ (Humanity) ਹੈ :

ਗੁਰ ਸਿਖ ਵੂੜੀਅਨ
ਸਨਮੁਖ ਗੋਤੇ॥

❑❑

# 48 ਨਾਮ ਦਾਨ ਇਸ਼ਨਾਨ

## *ਨਾਮ ਦਾਨ, ਇਸ਼ਨਾਨ ਅਤੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਕੀ ਅਰਥ ਹੈ?*

ਗੁਰੂ ਨਾਨਕ ਦੇਵ ਜੀ ਸਦਾ, 'ਨਾਮ ਦਾਨ ਇਸ਼ਨਾਨ ਦ੍ਰਿੜ੍ਹ' ਕਰਨ ਅਤੇ ਕਿਰਤ ਕਰੋ, ਨਾਮ ਜਪੋ, ਵੰਡ ਛਕਣ ਦਾ ਉਪਦੇਸ਼ ਦੇਂਦੇ ਸਨ।

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ਪਹਿਲੀ ਪਉੜੀ ਵਿਚ ਲਿਖਿਆ ਹੈ ਕਿ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਸਾਡਾ ਜਨਮ ਮਰਨ ਦਾ ਭੈ ਦੂਰ ਕਰ, ਵਿਛੋੜੇ ਦਾ ਅਸਹਿ ਦੁੱਖ ਮੁਕਾ ਕੇ ਵਾਹਿਗੁਰੂ ਨਾਲ ਜੋੜ ਦਿੱਤਾ, ਉਥੇ ਸਿੱਖਾਂ ਨੂੰ ਦਰਸਾ ਦਿੱਤਾ ਕਿ ਜਿਤਨੀ ਜਿਸ ਪਾਸ ਸ਼ਰਧਾ-ਪਿਆਰ (ਭਾਉ-ਭਗਤੀ) ਹੈ, ਉਤਨੀ ਹੀ ਵੱਧ ਖੁਸ਼ੀ ਉਹ ਗੁਰੂ ਪਾਸ ਬੈਠ (ਗੁਰਪੁਰਬ) ਮਾਣਦਾ ਹੈ ਅਤੇ ਗੁਰੂ ਵੀ ਐਸੇ ਨੂੰ ਤਿੰਨ ਗੁਣਾਂ—ਨਾਮ, ਦਾਨ ਤੇ ਇਸ਼ਨਾਨ ਨਾਲ ਭਰਪੂਰ ਕਰ ਦਿੰਦਾ ਹੈ।

'ਭਾਉ ਭਗਤ ਗੁਰਪੁਰਬ ਕਰ ਨਾਮ ਦਾਨ ਇਸ਼ਨਾਨ ਦ੍ਰਿੜ੍ਹਾਇਆ।'

ਨਾਮ ਦਾਨ ਇਸ਼ਨਾਨ ਦ੍ਰਿੜ੍ਹ ਰੱਖਣ ਵਾਲੀ ਸ਼ਖ਼ਸੀਅਤ ਵਿਚ ਉਲਾਰ (ਇਮਬੈਲੰਸ) ਕਦੇ ਨਹੀਂ ਹੁੰਦਾ। ਨਾਮ ਦਾ ਅਰਥ ਹੈ : ਵਾਹਿਗੁਰੂ ਵੱਲ, ਸਦਾ ਮੂੰਹ। ਉਸਦੀ ਹਜ਼ੂਰੀ ਦਾ ਪ੍ਰਕਾਸ਼ ਸਦਾ ਮਾਣਦੇ ਰਹਿਣਾ।

ਦਾਨ ਦਾ ਭਾਵ ਹੈ :
ਪਰਉਪਕਾਰੀ ਜ਼ਿੰਦਗੀ, ਲੋਕਾਂ ਵੱਲ ਮੁੱਖ (Charity)।
ਇਸ਼ਨਾਨ ਦੇ ਮਾਅਨੇ ਹਨ :
ਆਪੇ ਵੱਲ ਝਾਕਦੇ ਰਹਿਣਾ।
ਦਿਲ ਖੋਜਣਾ ਹਰ ਰੋਜ਼।
ਨਿਜ-ਪਵਿੱਤ੍ਰਤਾ ਕਾਇਮ ਰੱਖਣੀ (Purity)।

ਜੋ ਵਾਹਿਗੁਰੂ ਵੱਲ ਮੂੰਹ ਕਰ, ਲੋਕ ਭਲਾਈ ਲਈ ਜੁੱਟਿਆ ਰਹੇ ਅਤੇ ਹੰਕਾਰ ਦਾ ਦਾਅ ਨਾ ਖਾਣ ਦੇਵੇ, ਉਹ ਗੁਰੂ ਨਾਨਕ ਮਹਾਰਾਜ ਦੀ ਨਜ਼ਰ ਵਿਚ ਪੂਰਨ ਸ਼ਖ਼ਸੀਅਤ ਹੈ।

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਜੀ ਜਦ ਵੀ ਕਿਸੇ ਨੂੰ ਉਪਦੇਸ਼ ਕਰਦੇ, ਇਹ ਹੀ ਕਹਿੰਦੇ :

ਕਿਰਤ ਕਰੋ,
ਨਾਮ ਜਪੋ,
ਵੰਡ ਛਕੋ।



Sri Satguru Jagjit Singh Ji eLibrary NamdhariElibrary@gmail.com

ਇਸ ਤੋਂ ਜ਼ਿਆਦਾ ਸੰਕੋਚਵੇਂ ਢੰਗ ਨਾਲ ਸਿੱਖੀ ਤਾਲੀਮ ਨਹੀਂ ਦੱਸੀ ਜਾ ਸਕਦੀ। ਕਿਰਤ ਸਾਡੇ ਘਰ ਜ਼ਰੂਰੀ ਜੁਜ਼ ਹੈ। ਸਾਡਾ ਧਰਮ ਵਿਹਲੜਾਂ ਜਾਂ ਦੂਜੇ ਦੇ ਹੱਕ ਛੀਨਣ ਦਾ ਨਹੀਂ। ਕਿਰਤ ਪ੍ਰਧਾਨ ਹੈ। 'ਕਿਰਤ ਵਿਰਤ ਕਰ ਧਰਮ ਦੀ' ਤੇ ਜ਼ੋਰ ਹੈ। ਗੁਰੂ ਨਾਨਕ ਜੀ ਦੇ ਬਚਨ ਸਨ : ਕਿਰਤ ਕਰਦਿਆਂ ਦੇਹੀ ਸੁੱਚੀ ਰਹਿੰਦੀ ਹੈ। ਅੱਜ ਸਿੱਖ ਜੇ ਕਿਸੇ ਦਾ ਮੁਥਾਜ ਨਹੀਂ ਤਾਂ ਉਹ ਕਿਸੇ ਦੇ ਰਹਿਮ-ਰਿਆਇਤ ਕਰਕੇ ਨਹੀਂ, ਸਿਰਫ਼ ਕਿਰਤ ਦੇ ਸਿਧਾਂਤ ਨੂੰ ਅਪਣਾ ਕੇ ਹੈ। ਕਿਰਤ ਕਰਦਿਆਂ ਉਹ ਕਦੇ ਵਾਹਿਗੁਰੂ-ਗੁਰੂ ਨੂੰ ਨਹੀਂ ਭੁੱਲਦਾ। ਨਾਮ ਜਪਦਾ ਹੈ। ਸਾਡੀਆਂ ਸਿਫ਼ਤਾਂ ਨਾਦਰਸ਼ਾਹ ਨੂੰ ਸੁਣਾਂਦੇ ਜ਼ਕਰੀਆ ਖ਼ਾਨ ਨੇ ਕਿਹਾ ਸੀ ਕਿ ਸਿੱਖ 'ਬਾਤ ਬਾਤ ਪੇ ਗੁਰੂ ਅਲੇ ਹੈਂ', ਗੱਲ-ਗੱਲ ਵਿਚ ਗੁਰੂ-ਗੁਰੂ ਕਹਿੰਦੇ ਹਨ। ਵੰਡ ਛਕਣਾ, ਉਹਨਾਂ ਨੂੰ ਨਾਮ ਨੇ ਹੀ ਸਿਖਾਇਆ ਹੈ। 'ਹਥਹੁ ਦੇ ਕੇ ਭਲਾ ਮਨਾਵੈ', ਸਾਡੇ ਸਿਧਾਂਤ ਦਾ ਜ਼ਰੂਰੀ ਹਿੱਸਾ ਹੈ।

ਗੁਰੂ ਹਰਿਗੋਬਿੰਦ ਜੀ ਪ੍ਰਸ਼ਾਦ ਛਕਣ ਤੋਂ ਪਹਿਲਾਂ ਇਕ ਦੋ ਗ੍ਰਾਹੀਆਂ ਦੇ ਨਿੱਕੇ ਨਿੱਕੇ ਟੁਕੜੇ ਕਰ ਕੇ ਪੰਛੀਆਂ ਨੂੰ ਪਾ ਦੇਂਦੇ ਸਨ। ਗੁਰੂ ਹਰਿ ਰਾਇ ਜੀ ਦਾ ਹੁਕਮ ਸੀ ਕਿ ਕੁਝ ਵੀ ਹੋਵੇ ਗੁਰੂ ਕੇ ਲੰਗਰ ਵਿਚ ਹਰ ਸਿੱਖ ਯਥਾ-ਸ਼ਕਤ 'ਅੰਨ ਰਸਦ' ਪਾਏ ਭਾਵੇਂ ਇਕ ਚੁਟਕੀ ਆਟਾ ਜਾਂ ਚਾਰ ਦਾਣੇ ਹੀ ਹੋਣ।

ਇਹ ਹੁਕਮ ਵੀ ਦੇ ਰੱਖਿਆ ਸੀ ਗੁਰੂ ਪਾਤਸ਼ਾਹਾਂ ਨੇ :

"ਕੋਈ ਸਿਖ ਭੀੜਾ ਆਦਿ ਨਜ਼ਰ ਆਵੈ,
ਤਿਸ ਕੋ ਦੇਇ, ਭੁਖਿਆ ਕੋ ਖਿਲਾਵੈ।।
ਜੋ ਮੇਰੇ ਜ਼ਿਮੇ ਹੈ ਪੱਜ ਜਾਵੇਗਾ।।"

ਭਾਈ ਨੰਦ ਲਾਲ ਜੀ ਨੇ 'ਕਿਰਤ ਦੀ ਮਹਿਮਾ' ਤੇ 'ਵੰਡ ਛਕਣ ਦੇ ਅਕੀਦੇ' ਦੇ ਧਾਰਨੀ ਬਾਰੇ ਲਿਖਿਆ ਸੀ ਕਿ ਉਹ ਹਰ ਥਾਂ ਜੱਸ ਖੱਟਦਾ ਹੈ।

ਦਸ ਨਖ (ਦਸਾਂ ਨਹੁੰਾਂ) ਕਰ ਜੋ ਕਾਰ ਕਮਾਵੈ।
ਤਾਂ ਕਰ ਜੋ ਧਨ ਘਰ ਮੈ ਆਵੈ।
ਤਿਸ ਤੇ ਗੁਰ ਦਸੌਂਧ (ਦਸਵੰਧ) ਜੋ ਦੇਈ।
ਸਿੰਘ ਸੁਯਸ਼ ਬਹੁ ਜਗ ਮਹਿ ਲੇਈ।

Sri Satguru Jagjit Singh Ji eLibrary NamdhariElibrary@gmail.com

49



## ਭਗਤੀ ਕਿਸ ਨੂੰ ਕਹਿੰਦੇ ਹਨ ਅਤੇ ਸਿੱਖੀ ਭਗਤੀ ਲਹਿਰ ਦਾ ਕਿਉਂ ਹਿੱਸਾ ਨਹੀਂ ?

ਚਵੀ ਅਵਤਾਰਾਂ ਵਿਚੋਂ ਕਿਸੇ ਇਕ ਦੀ ਪੂਜਾ ਇਸ਼ਟ ਜਾਣ ਕਰਨੀ ਹਿੰਦੁਸਤਾਨੀ ਪਰੰਪਰਾ ਅਨੁਸਾਰ ਭਗਤੀ ਹੈ। ਇਹ ਖ਼ਿਆਲ ਪੱਕ ਗਿਆ ਹੈ ਕਿ ਵਾਹਿਗੁਰੂ ਦਯਾਵਾਨ ਹੈ ਅਤੇ ਸਮੇਂ-ਸਮੇਂ ਜੀਵਾਂ ਦੇ ਉਧਾਰ ਲਈ ਧਰਤੀ ਤੇ ਜਨਮ ਲੈਂਦਾ ਹੈ। ਇਹ ਚਵੀ ਅਵਤਾਰ ਰਾਮ ਕ੍ਰਿਸ਼ਨ ਆਦਿ ਪ੍ਰਭੂ ਦੀਆਂ ਦਇਆ ਦੀਆਂ ਹੀ ਨਿਸ਼ਾਨੀਆਂ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਦੀ ਬਾਣੀ ਦਰਜ ਹੈ ਅਤੇ ਖ਼ਾਸ ਕਰ ਗੁਰੂ ਸਾਹਿਬਾਨ ਨੇ ਇਸ ਭਾਵਨਾ ਨੂੰ ਤੋੜ 'ਏਕੋ ਜਪ, ਏਕੋ ਸਾਲਾਹ' ਦਾ ਰਾਹ ਅਪਣਾਇਆ। ਇੱਥੋਂ ਤੱਕ ਕਰੜੇ ਹੁਕਮ ਕੀਤੇ ਕਿ ਉਹ ਮੁੱਖ ਹੀ ਜਲ ਜਾਏ ਜੋ ਇਹ ਕਹਿੰਦਾ ਹੈ ਕਿ ਵਾਹਿਗੁਰੂ ਮਨੁੱਖੀ ਜਾਮੇ ਵਿਚ ਆਉਂਦਾ ਹੈ।

> ਸੋ ਮੁਖੁ ਜਲਉ,
> ਜਿਤੁ ਕਹਹਿ ਠਾਕੁਰ ਜੋਨੀ॥ (ਭੈਰਉ ਮਹਲਾ ੫)

ਸਿੱਖ ਘਰ 'ਭਗਤਿ ਨਿਰਾਲੀ ਅਲਾਹ ਦੀ', ਦਾ ਸਿਧਾਂਤ ਦੇਣ ਦਾ ਵੀ ਭਾਵ ਇਹ ਸੀ ਕਿ ਸਾਡੀ ਭਗਤੀ ਕੋਈ 'ਅਵਤਾਰ ਪੂਜਾ' ਜਾਂ ਕੋਈ ਚੰਡੀਦਾਸ, ਮੀਰਾਂ ਵਾਂਗ ਜ਼ਜਬਾਤੀ ਪੂਜਾ ਨਹੀਂ।

ਗੁਰੂ ਅਮਰਦਾਸ ਜੀ ਦਾ ਸ਼ਬਦ ਹੈ :

> 'ਭਗਤਿ ਨਿਰਾਲੀ ਅਲਾਹ ਦੀ,
> ਜਾਪੈ ਗੁਰ ਵਿਚਾਰਿ॥' (ਆਸਾ ਮਹਲਾ ੩)

ਗੁਰੂ ਦੀ ਵੀਚਾਰ ਕਰਨੀ ਹੀ ਅਲਾਹ ਦੀ ਨਿਰਾਲੀ ਭਗਤੀ ਹੈ।

ਵਾਹਿਗੁਰੂ ਅਨੰਦ ਮੂਲ ਹੈ, ਸਦਾ ਖੇੜੇ ਵਿਚ ਰਹਿਣ ਵਾਲਾ ਹੈ, ਉਸਦੀ ਯਾਦ ਵਿਚ ਰਹਿਣ ਵਾਲੇ ਵੀ ਸਦਾ ਖੇੜੇ ਵਿਚ ਹਨ। ਚੜ੍ਹਦੀਆਂ ਕਲਾਂ ਵਿਚ ਵਿਚਰਦੇ ਹਨ। ਐਸੀ ਅਵਸਥਾ ਬਖ਼ਸ਼ਿਸ਼ ਨਾਲ ਹੀ ਮਿਲਦੀ ਹੈ। 'ਸਬਦੋ ਹੀ ਭਗਤ ਜਾਪਦੇ' ਗੁਰੂ ਗ੍ਰੰਥ ਸਾਹਿਬ ਦਾ ਹੀ ਫ਼ਰਮਾਨ ਹੈ। ਰਹਿਮਤ ਨਾਲ ਪਾਈ ਇਹ ਭਗਤ ਨਿਰਾਲੀ ਹੈ।

> "ਆਪਿ ਬਸੰਤ ਜਗਤੁ ਸਭ ਵਾੜੀ॥
> ਨਾਨਕ ਪੂਰੇ ਭਾਗਿ, (ਇਹ) ਭਗਤ ਨਿਰਾਲੀ॥'

ਫਿਰ ਭਗਤੀ ਵਿਚ ਇਹ ਪ੍ਰਸਿੱਧ ਸੀ ਕਿ ਇਹ ਇਕੇਲੇ ਦੀ ਉੜਾਨ ਏਕਲੇ ਵੱਲ ਹੈ। ਇਥੇ 'ਸਾਧ ਸਮੂੰਹ ਲੈ ਉਧਰਿਓ ਨਾਨਕ' ਹੈ। ਸਾਧ ਸੰਗਤਿ ਵਿਚ ਉਸ ਨੂੰ ਜਪਣਾ ਹੈ। 'ਸੰਤ ਜਨਾ ਮਿਲਿ ਹਰਿ ਜਸੁ ਗਾਇਓ।' ❑❑



Sri Satguru Jagjit Singh Ji eLibrary NamdhariElibrary@gmail.com

## ਨਾਮ ਕਿਸ ਨੂੰ ਕਹਿੰਦੇ ਹਨ?

ਸਿਮਰਨ ਕਰਦਿਆਂ ਜਦ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਹਿਰਦੇ ਹੋ ਜਾਂਦਾ ਹੈ ਤਾਂ ਉਸ ਨੂੰ ਨਾਮ ਪ੍ਰਗਟ ਹੋਣਾ ਕਹਿੰਦੇ ਹਨ। ਨਾਮ, ਵਾਹਿਗੁਰੂ ਦੇ ਸਮੂਹ ਗੁਣਾਂ ਦਾ ਲਿਸ਼ਕਾਰਾ ਪੈਣਾ ਵੀ ਹੈ।

ਹੁਕਮ ਹੈ :

ਅੰਤਰਿ ਖੂਹਟਾ ਅੰਮ੍ਰਿਤ ਭਰਿਆ,
ਸਬਦੇ ਕਾਢਿ ਪੀਐ ਪਨਿਹਾਰੀ॥ (ਵਡਹੰਸ ਮਹਲਾ ੩)

ਹਰ ਇਕ ਜੀਵ ਦੇ ਅੰਦਰ ਨਾਮ ਅੰਮ੍ਰਿਤ ਦਾ ਖੂਹ ਪ੍ਰਭੂ ਨੇ ਲਗਾਇਆ ਹੈ ਪਰ ਪਾਇਆ ਕੇਵਲ ਸ਼ਬਦ ਰਾਹੀਂ ਹੀ ਜਾ ਸਕਦਾ ਹੈ।

ਨਾਮ ਕੋਈ ਨਿਰਜਿੰਦ ਚੀਜ਼ ਨਹੀਂ ਅਤੇ ਨਾਂਹ ਹੀ ਕੋਈ ਅੱਖਰਾਂ ਤੋਂ ਬਣਿਆ ਸ਼ਬਦ ਹੈ ਸਗੋਂ ਜਾਗਤ ਜੋਤ ਦਾ ਅੰਦਰੋਂ ਪ੍ਰਤੱਖ ਪ੍ਰਗਟ ਹੋਣਾ ਹੈ। ਇਸੇ ਲਈ ਵਾਕ ਹੈ :

'ਨਾਮ ਹਮਾਰੇ ਅੰਤਰਜਾਮੀ,
ਨਾਮ ਹਮਾਰੇ ਆਵੈ ਕਾਮੀ।।'

ਨਾਮ ਇਕ ਹਰਕਤ ਦੇਣ ਵਾਲੀ 'ਝਿਲਿਮਿਲਕਾਰੁ' ਤੇਜਮਈ (ਜੈਨਰੇਟਿੰਗ-ਫ਼ੋਰਸ) ਸ਼ਕਤੀ ਹੈ। ਨਾਮ ਇਸ ਤਰ੍ਹਾਂ ਬਹੁੜਦਾ ਹੈ ਜਿਵੇਂ ਡੁਬਦੇ ਨੂੰ ਬੇੜੀ ਮਿਲ ਜਾਏ ਜਾਂ ਨਾਮ ਇਸ ਤਰ੍ਹਾਂ ਜੀਵਨ ਰੌਸ਼ਨ ਕਰਦਾ ਹੈ ਜਿਵੇਂ ਬੁੱਝਦੇ ਦੀਪਕ ਵਿਚ ਤੇਲ ਪਾ ਦਿਤਾ ਜਾਏ :

ਬੂਡਤ ਕਉ ਜੈਸੇ ਬੇੜੀ ਮਿਲਤ॥
ਬੂਝਤ ਦੀਪਕ ਮਿਲਤ ਤਿਲਤ॥

ਨਾਮ ਇਸ ਤਰ੍ਹਾਂ ਸਹਾਈ ਹੁੰਦਾ ਹੈ ਜਿਵੇਂ 'ਰਣ ਮਹਿ ਸਖਾ ਭ੍ਰਾਤ।' ਨਾਮ ਰੱਖਿਆ ਇਵੇਂ ਕਰਦਾ ਹੈ ਜਿਵੇਂ ਕੋਈ ਸ਼ੇਰ ਦੀ ਸ਼ਰਨ ਵਿਚ ਹੋ ਜਾਏ :

'ਜੈਸੇ ਪਾਲਨ ਸਰਨ ਸੇਂਘ॥'

ਨਾਮ ਧਨ ਹੈ। ਇਸ ਨੂੰ ਕਮਾਉਣਾ ਹੈ। ਕੰਨਾਂ ਵਿਚ ਜਾਂ ਲੁਕ-ਛੁਪ ਕੇ ਚੋਰਾਂ ਵਾਂਗ ਨਹੀਂ ਲੈਣਾ। ਜਿਵੇਂ ਕੋਈ ਧਨ ਤਸਕਰੀ ਨਾਲ ਕਮਾਏ ਤਾਂ ਸਜ਼ਾ ਮਿਲਦੀ ਹੈ ਤਿਵੇਂ ਜੇ ਕੋਈ ਆਖੇ ਕਿ ਉਸ ਨਾਮ ਲਿਆ ਹੈ ਤਾਂ ਗੁਰੂ ਦੀ ਨਜ਼ਰ ਵਿਚ ਤਸਕਰ (ਸਮਗਲਰ) ਹੈ ਤੇ ਜਮਪੁਰ ਬਧੇ ਮਾਰਿਆ ਜਾਏਗਾ। ਜੇ ਕੋਈ ਆਖੇ ਕਿ ਉਹ ਆਚਾਰੀ (Moralist) ਹੈ, ਉਸ ਨੂੰ ਨਾਮ ਦੀ ਲੋੜ ਨਹੀਂ ਤਾਂ ਹੁਕਮ ਹੈ ਜੇ ਬੁਨਿਆਦ



Sri Satguru Jagjit Singh Ji eLibrary NamdhariElibrary@gmail.com

ਹੀ ਨਹੀਂ ਉਸਾਰੀ, ਕਿਸ ਤੇ ਜੀਵਨ ਮਹਲ ਖੜ੍ਹਿਆਂ ਕਰੇਗਾ—'ਨਾਮ ਬਿਨਾਂ ਕੈਸੇ ਆਚਾਰ।' ਐਸੇ ਸੱਜਣ ਨੂੰ ਮਹਾਰਾਜ ਨੇ 'ਨਿਮੁਣਿਆਦਾ' ਕਿਹਾ ਹੈ।

ਨਾਮ ਪ੍ਰਾਪਤੀ ਦਾ ਸੌਖਾ ਰਾਹ ਬਾਣੀ ਦਾ ਪਾਠ ਹੈ। ਬਾਣੀ ਪੜ੍ਹਦਿਆਂ ਜਦ ਟਿਕਾ ਜਿਹਾ ਮਹਿਸੂਸ ਹੋਵੇ, ਉਹ ਸਮਾਂ ਹੈ ਨਾਮ ਦੇ ਪ੍ਰਕਾਸ਼ ਦਾ। ਫਿਰ ਜੇ ਕਦੇ ਹਜ਼ੂਰੀ ਦਾ ਅਨੰਦ ਟੁੱਟਣ ਲੱਗੇ, ਸੁਰਤਿ ਹੇਠਾਂ ਆਵੇ ਤਦ ਝੱਟ ਬਾਣੀ ਦਾ ਲੜ ਪਕੜ ਲੈਣਾ ਚਾਹੀਦਾ ਹੈ।

ਸਲੋਕ ਵਾਰਾਂ ਤੇ ਵਧੀਕ ਵਿਚ ਗੁਰੂ ਅਮਰਦਾਸ ਜੀ ਨੇ ਨਾਮ ਪ੍ਰਗਟ ਕਰਨ ਦਾ ਇਹ ਹੀ ਸੁਖਾਲਾ ਵਲ ਦਰਸਾਇਆ ਹੈ :

ਜਿਉ ਪੁਰਖੈ ਘਰ ਭਗਤੀ ਨਾਰਿ ਹੈ,
ਅਤਿ ਲੋਚੈ ਭਗਤੀ ਭਾਇ॥
ਬਹੁ ਰਸ ਸਾਲਣੇ ਸਵਾਰਦੀ,
ਖਟ ਰਸ ਮੀਠੇ ਪਾਇ॥
ਤਿਉ ਬਾਣੀ ਭਗਤ ਸਲਾਹਦੇ
ਹਰਿ ਨਾਮੈ ਚਿਤੁ ਲਾਇ॥

ਇਸੇ ਤਰ੍ਹਾਂ ਨਾਮ ਵਿਚ ਲਿਵ ਨਿਰਵਿਘਨ ਲਗੀ ਰਵ੍ਹੇਗੀ।

ਸ਼ਬਦ ਦੀ ਧੁਨੀ ਉਠਦੇ ਸਾਰ ਧਿਆਨ ਜੁੜ ਜਾਵੇਗਾ। ਜੁੜੇ ਧਿਆਨ ਵਿਚ ਉਸ ਨੂੰ ਜਾਣਿਆ ਜਾ ਸਕੇਗਾ। ਕਿਤਨੀ ਅਥਾਹ ਸ਼ਕਤੀ ਹੈ ਗੁਰਬਾਣੀ ਦੀ :

ਧੁਨਿ ਮਹਿ ਧਿਆਨੁ, ਧਿਆਨੁ ਮਹਿ ਜਾਣਿਆ,
ਗੁਰਮੁਖਿ ਅਕਥ ਕਹਾਨੀ॥ (ਰਾਮਕਲੀ ਮਹਲਾ ੧)

ਸਿਮਰਨ ਕਰਨਾ, ਧਿਆਉਣਾ ਹੀ ਗੁਰੂ ਘਰ ਮੁਸ਼ੱਕਤ ਹੈ, ਘਾਲ ਹੈ ਅਤੇ ਇਸ ਘਾਲ ਦਾ ਫਲ ਨਾਮ ਹੈ। ਨਾਮ ਪ੍ਰਗਟ ਹੋਣ ਦੀ ਵੱਡੀ ਨਿਸ਼ਾਨੀ ਹੈ, ਸਦਾ 'ਮੁੱਖ ਉਜਲ' ਤੇ ਕਰਤੱਵ ਹੈ ਪਰ ਲਈ ਜੀਣਾ। ਨਾਮੀ ਪੁਰਸ਼ ਦਾ ਜੀਵਨ ਪਰਉਪਕਾਰੀ ਹੋਵੇਗਾ :

'ਹੋਰ ਕੇਤੀ ਛੁਟੀ ਨਾਲਿ॥'

ਫਿਰ ਸਭ ਤੋਂ ਨਿਰਾਲੀ ਗੱਲ ਨਾਮ ਦੀ ਇਹ ਹੈ ਕਿ ਜਿਨ੍ਹਾਂ ਮਿਲੀ ਜ਼ਿੰਦਗੀ ਵਿਚ ਆਲਸ ਤਜ, ਬਲ ਧਾਰ, ਨਾਮ ਜਪ ਲਿਆ, ਫਿਰ ਸਰੀਰ ਰਹੇ ਜਾਂ ਨਾ ਰਹੇ, ਨਾਮ ਟੁਰਦਾ ਰਹੇਗਾ।

'ਸਾਸਨਿ ਸਾਸਿ ਸਾਸਿ ਬਲੁ ਪਾਈ ਹੈ,
ਨਿਹ ਸਾਸਨਿ ਨਾਮੁ ਧਿਆਵੈ ਗੋ॥ (ਕਾਨੜਾ ਮਹਲਾ ੪)

□□

Sri Satguru Jagjit Singh Ji eLibrary NamdhariElibrary@gmail.com

51



## ਸਿਮਰਨ ਦੀ ਸਾਡੇ ਘਰ ਇਤਨੀ ਮਹੱਤਤਾ ਕਿਉਂ ਹੈ?

ਗੁਰੂ ਗ੍ਰੰਥ ਸਾਹਿਬ ਵਿਚ ਸਿਮਰਨ ਦੀ ਮਹਿਮਾ ਤਾਂ ਹੈ ਪਰ ਉਪਮਾ (Definition) ਜਾਣ-ਬੁੱਝ ਕੇ ਨਹੀਂ ਕੀਤੀ। ਇਸਦਾ ਭਾਵ ਹੈ ਕਿ ਸਿਮਰਨ ਹਰ ਇਕ ਕੋਲ ਹੈ। ਸਿਰਫ਼ ਉਸ ਨੂੰ ਪਕਾਉਣਾ ਹੈ। ਯਾਦ ਵਿਸਰਨ ਨਹੀਂ ਦੇਣੀ। ਸਿਮਰਨ ਦੇ ਅਰਥ ਹੀ ਪਿਆਰੇ ਦੀ ਯਾਦ ਤੇ ਮਿੱਠੀ ਯਾਦ ਹਨ। —ਪਿਆਰੇ ਦੇ ਗੁਣ ਮਨ ਇਕਾਗਰ ਕਰ ਗਾਉਣ ਨੂੰ ਸਿਮਰਨ ਕਹਿਆ ਹੈ। ਹੁਕਮ ਹੈ :

'ਮੇਘ ਬਿਨਾ ਜਿਉ ਖੇਤੀ ਜਾਇ।।'

ਦਿਨ ਰਾਤ ਜ਼ਾਇਆ ਗਿਆ ਸਮਝੋ ਜੇ ਉਸਦੀ ਯਾਦ ਹਿਰਦੇ ਵਿਚੋਂ ਨਿਕਲ ਗਈ :

ਸਿਮਰਨ ਰਹਿਤ ਜੀਵਨ ਜਾਂ ਦੂਜੇ ਨੂੰ ਮੀਢੇ ਵਾਂਗ ਧੁੱਸਾਂ ਮਾਰੇਗਾ ਜਾਂ ਆਪੂੰ ਕੁੜ੍ਹਦਾ, ਕਰੁੱਝਦਾ, ਕਲਪਦਾ ਰਹੇਗਾ।

ਬਿਨ ਸਿਮਰਨ ਜੈਸੇ ਸੀਙ ਛਤਾਰਾ।। (ਗਉੜੀ ਮਹਲਾ ੫)

ਸਿਮਰਨ ਕਿਤਨਾ ਜ਼ਰੂਰੀ ਹੈ। ਇਸ ਦੀ ਇਕ ਉਦਾਹਰਣ ਦੇਣੀ ਢੁੱਕਵੀਂ ਰਵ੍ਹੇਗੀ।

ਕਿਸੇ ਸ਼ਹਿਰ ਵਿਚ ਪੈਂਡਾ ਕਰ ਪੁੱਜੇ ਵਿਅਕਤੀ ਨੂੰ ਜੇ ਇਹ ਚੇਤਾ ਹੀ ਨਾ ਰਵ੍ਹੇ ਕਿ ਕਿਥੇ ਜਾਣਾ ਹੈ ਤੇ ਕਿਸ ਲਈ ਆਇਆ ਹੈ ਤੇ ਹੋਰਨਾਂ ਕੋਲੋਂ ਪੁੱਛੀ ਜਾਏ ਕਿ ਮੈਂ ਕਿਸ ਲਈ ਇਥੇ ਆਇਆ ਹਾਂ, ਕਿਥੇ ਜਾਣਾ ਹੈ ਤਾਂ ਲੋਕੀਂ ਉਸ ਨੂੰ ਪਾਗਲ, ਅਵੈੜ ਜਾਂ ਸਿਰ-ਫਿਰਾ ਕਹਿਣਗੇ। ਜਿਸ ਨੂੰ ਇਤਨਾ ਵੀ ਪਤਾ ਨਹੀਂ ਕਿ ਜਾਣਾ ਕਿਥੇ ਹੈ ਅਤੇ ਕਿਸ ਲਈ ਆਇਆ ਹੈ।

ਇਸੇ ਨੂੰ ਹੁਣ ਇੰਝ ਕਰਕੇ ਦੇਖੋ ਕਿ ਮਨੁੱਖਾ ਜਨਮ ਧਾਰ ਕੇ ਜੀਵ ਇਹ ਹੀ ਭੁੱਲ ਜਾਏ ਕਿ ਕਿਉਂ ਤੇ ਕਿਸ ਲਈ ਸੰਸਾਰ ਤੇ ਆਇਆ ਹੈ ਤਾਂ ਮਹਾਰਾਜ ਕਹਿੰਦੇ ਹਨ :

'ਨਾਉ ਪਵੈ ਬਾਜਾਰੀ।।'

ਬਸ, ਉਸ ਦੀ ਯਾਦ ਵਿਸਰਨ ਨਾ ਦੇਣੀ ਤੇ ਇਤਨੀ ਪਕਾ ਲੈਣੀ ਕਿ ਉਹ ਕਦੇ ਨਾਂਹ ਭੁੱਲੇ। ਇਤਨਾ ਪਿਆਰ ਰੱਬ ਜੀ ਨਾਲ ਕਿ ਇਕ-ਮਿਕ ਹੋ ਜਾਏ ਆਪਾ, ਸਿਮਰਨ ਕਹਿਲਾਂਦਾ ਹੈ।

ਸਿਮਰਨ ਨੂੰ ਪਕਾਉਣ ਲਈ ਬਾਣੀ ਗੁਰੂ ਜੀ ਨੇ ਆਂਦੀ। ਪ੍ਰੇਮ ਨਾਲ ਗਾਉਣਾ, ਸੁਣਨਾ ਉਸਨੂੰ ਸਦਾ ਯਾਦ ਰੱਖਣ ਦੇ ਸਾਧਨ ਹਨ।



Sri Satguru Jagjit Singh Ji eLibrary NamdhariElibrary@gmail.com

ਏਕ ਨਿਮਖ ਜੋ ਸਿਮਰਨ ਮਹਿ ਜੀਆ।
ਕੋਟ ਦਿਨਸ ਲਾਖ ਸਦਾ ਥਿਰੁ ਥੀਆ॥

ਇਸ *'ਨੇਕ ਨਿਮਖ'* ਜਿਸ ਦਾ ਜ਼ਿਕਰ ਕਈ ਵਾਰ ਆਇਆ ਹੈ, ਉਹ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ ਜੋ ਨਿਰਭਉ ਦੀ ਸਦਾ ਟਿਕਵੀਂ ਪੌੜੀ ਤੇ ਤਾੜੀ ਲਗਾ ਕੇ ਖਲੋ ਜਾਂਦੇ ਹਨ :

ਨਿਰਾਲੰਬੁ ਨਿਰਹਾਰ ਨਿਹਕੇਵਲ,
ਨਿਰਭਉ ਤਾੜੀ ਲਾਵੈ॥

ਗਿਆਨ ਰੁੱਖਾ ਹੁੰਦਾ ਹੈ। ਸਿਮਰਨ ਨਾਲ ਉਸ ਵਿਚ ਰਸ ਤੇ ਖ਼ੁਸ਼ਬੂ ਭਰ ਜਾਂਦੀ ਹੈ। ਸਭ ਤੋਂ ਵੱਡੀ ਗੱਲ, ਸਿਮਰਨ ਹਰ ਵੇਲੇ ਹੋ ਸਕਦਾ ਹੈ ਤੇ ਉਸ ਤੋਂ ਵੀ ਵਡੇਰੀ ਬਾਤ ਇਹ ਹੈ ਕਿ ਸਿਮਰਨ ਵਾਲੇ ਜੀਵ ਦਾ ਟਿਕਾ ਕਦੇ ਟੁੱਟਦਾ ਨਹੀਂ ਤੇ ਸੰਸਾਰ ਵਿਚ ਵਿਚਰਦੇ ਵੀ ਇਕਾਂਤ ਰਹਿੰਦਾ ਹੈ :

ਹਰਿ ਸਿਮਰਨ ਕੀ ਸਗਲੀ ਬੇਲਾ॥
ਹਰਿ ਸਿਮਰਨ ਬਹੁ ਮਾਹਿ ਇਕੇਲਾ॥ (ਭੈਰਉ ਮਹਲਾ ੫)

Sri Satguru Jagjit Singh Ji eLibrary NamdhariElibrary@gmail.com

52

# ਸੰਗਤਿ

## *ਸੰਗਤਿ ਦੀ ਸਾਡੇ ਘਰ ਵਿਚ ਇਤਨੀ ਮਹੱਤਤਾ ਕਿਉਂ ਹੈ?*

ਹਿੰਦੁਸਤਾਨ ਇਹ ਕਹਿੰਦਾ ਨਹੀਂ ਸੀ ਥੱਕਦਾ ਕਿ 'ਸਾਧੂ ਨ ਚਲੇ ਜਮਾਤ' ਤੇ ਪੱਛਮ ਧਰਮ ਨੂੰ *'ਫਲਾਈਟ ਔਫ ਐਲੋਨ ਟੂ ਦੀ ਐਲੋਨ'* (ਇਕੇਲੇ ਕੀ ਇਕੇਲੇ ਕੋ ਉੜਾਨ) ਪਰ ਗੁਰੂ ਨਾਨਕ ਦੇਵ ਜੀ ਨੇ 'ਸਾਧ ਸੰਗਤਿ' ਬਣਾਈ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਦੀ ਇਕ ਪੁੱਛ ਕਿ ਤੁਸਾਂ ਘਰ ਛੱਡ ਉਦਾਸੀ ਕਿਉਂ ਕੀਤੀ ਦੇ ਉੱਤਰ ਵਿਚ ਫ਼ਰਮਾਇਆ ਸੀ :

'ਗੁਰਮੁਖਿ ਖੋਜਤ ਭਏ ਉਦਾਸੀ॥'

ਜਿੱਥੇ ਵੀ ਗੁਰੂ ਜੀ ਜਾਂਦੇ ਸੰਗਤਿ ਹੀ ਥਾਪਦੇ। ਇਤਿਹਾਸ ਨੇ : ਕੱਚੀ ਸੰਗਤਿ, ਪੱਕੀ ਸੰਗਤਿ, ਬੜੀ ਸੰਗਤਿ, ਕਰਤਾਰੀ ਸੰਗਤਿ ਅਤੇ ਹਜ਼ੂਰੀ ਸੰਗਤਿ ਦਾ ਜ਼ਿਕਰ ਕੀਤਾ ਹੈ। ਪਿਛੋਂ 'ਛੋਟੀ ਸੰਗਤਿ' ਵੀ ਬਣੀ। ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ :

ਨ ਹੀ ਮੇਲਾ, ਸੰਗਤਿ ਹੈ, ਨਾ ਹੀ ਕੋਈ ਇਕੱਠ ਅਤੇ ਨਾ ਹੀ ਮਿਲ ਬੈਠਣਾ ਜਿੱਥੇ ਸਿਆਣਪ ਚਤੁਰਾਈਆਂ ਦੀਆਂ ਗੱਲਾਂ ਹੋਵਣ। ਸੰਗਤਿ ਹੈ ਜਿੱਥੇ ਨਾਮ ਦ੍ਰਿੜ੍ਹ ਹੋਵੈ :

ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥
ਬਿਨ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖੁ ਸੰਤਾਪੁ॥
(ਸਿਰੀ ਰਾਗੁ ਮਹਲਾ ੧)

ਗੁਰੂ ਗ੍ਰੰਥ ਸਾਹਿਬ ਵਿਚ ਜਿੱਥੇ ਵੀ ਸੰਗਤਿ ਸ਼ਬਦ ਆਇਆ ਹੈ, ਉਥੇ 'ਤ' ਨੂੰ ਸਿਆਰੀ ' ਿ ' ਅਵੱਸ਼ ਹੈ। ਇਸ ਦਾ ਭਾਵ ਹੈ ਐਸੇ ਸੱਜਣ ਦਾ ਸਾਥ ਜੋ *ਗਤਿ* ਪੈਦਾ ਕਰੇ, ਆਤਮਾ ਨੂੰ ਉਚਿਆਏ, ਹਰਕਤ ਪੈਦਾ ਕਰੇ, ਨਾਮ ਉਜਾਗਰ ਕਰੇ।

ਹੁਕਮ ਹੈ :

ਸਤ ਸੰਗਤਿ ਕੈਸੀ ਜਾਣੀਅਹਿ॥
ਜਿਥੈ ਇਕੋ ਨਾਮ ਵਖਾਣੀਐ॥

ਇਹ ਸੰਗਤ ਹੀ ਚਲਦੇ-ਚਲਦੇ ਖ਼ਾਲਸਾ ਬਣੀ। ਜਦ ਸਿੱਖਾਂ ਮਨ ਦੇ ਪਿੱਛੇ ਟੁਰਨਾ ਛੱਡ, ਗੁਰੂ ਦਾ ਕਿਹਾ ਸਿਰ ਮੱਥੇ ਮੰਨਿਆ, ਖ਼ਾਲਸਾ ਕਹਿਲਾਇਆ :

'ਗੁਰ ਸੰਗਤਿ ਕੀਨੀ ਖ਼ਾਲਸਾ,
ਮਨਮੁਖੀ ਦੁਹੇਲਾ॥'

ਗੁਰੂ ਪਾਤਸ਼ਾਹ ਵਿਅਕਤੀਤਵ ਭਾਵਾਂ ਨੂੰ ਚੰਗਾ ਨਹੀਂ ਸਨ ਸਮਝਦੇ। ਆਪਣੀ



Sri Satguru Jagjit Singh Ji eLibrary NamdhariElibrary@gmail.com

ਭੁੱਖ ਮਿਟਾ ਲੈਣੀ ਨਿਜਪੁਣਾ ਹੈ। ਇਹ ਅਹਿਸਾਸ ਪੈਦਾ ਹੋ ਜਾਏ ਕਿ ਜਦ ਤੱਕ ਸਾਰੇ ਭੁੱਖੇ ਹਨ, ਮੇਰੀ ਭੁੱਖ ਨਹੀਂ ਮਿਟੀ, ਸੰਗਤੀ ਭਾਵ ਪੈਦਾ ਕਰਦਾ ਹੈ :

'ਤਿਨ ਪਿਛੈ ਹੋਰ ਖਾਇ ਘਣੇਰੀ',

ਲਾਜ਼ਮੀ ਸ਼ਰਤ ਹੈ, ਸਿੱਖ ਲਈ।

ਸਿੱਖੀ ਦਾ ਮਹਿਲ ਬਾਣੀ ਤੇ ਸੰਗਤਿ ਦੀਆਂ ਚੌੜੀਆਂ ਨੀਹਾਂ 'ਤੇ ਖੜ੍ਹਾ ਕੀਤਾ ਗਿਆ ਹੈ।

ਹੋਰ, ਇਕੱਲਿਆਂ ਤੁਰਨਾ ਆਸਾਨ ਹੈ ਪਰ ਇਕ ਹੋਰ ਨੂੰ ਨਾਲ ਲੈ ਕੇ ਤੁਰਨਾ ਹੋਵੇ ਤਾਂ ਆਸਾਨੀ ਤਾਂ ਬੇਸ਼ੱਕ ਹੁੰਦੀ ਹੈ ਪਰ ਸਾਵਧਾਨੀ ਦੀ ਲੋੜ ਬਹੁਤ ਪੈਂਦੀ ਹੈ।

ਸਾਡੀ ਤਾਂ ਮੁਕਤੀ ਵੀ ਸੰਗਤੀ ਹੈ। 'ਪਰਵਾਰੈ ਸਾਧਾਰੁ।।' ਗ੍ਰਹਿਸਤ ਧਰਮ ਤੇ ਵੀ ਜ਼ੋਰ ਇਸ ਲਈ ਹੈ ਕਿ ਇਕ ਸਿੱਖ, ਸਿੱਖ ਹੈ ਤੇ ਜਦ ਗ੍ਰਹਿਸਤੀ ਹੋ ਜਾਏ ਤਾਂ ਘਰ ਵਿਚ ਸੰਗਤਿ ਤੇ ਧਰਮਸਾਲ ਬਣ ਜਾਂਦੀ ਹੈ :

'ਪਾਂਚ ਸਿਖ ਜਾ ਇਕਤ੍ਰ ਹੋਇ।
ਗੁਰਦੁਆਰੈ ਤੁਲ ਜਾਨੈ ਸੋਇ।।'

ਸਾਧ ਸੰਗਤ ਦੀ ਮਹਿਮਾ ਦ੍ਰਿੜ੍ਹਾਂਦੇ ਭਾਈ ਗੁਰਦਾਸ ਜੀ ਕਹਿੰਦੇ ਹਨ :

ਸਾਧ ਸੰਗਤਿ ਨਿਰੰਕਾਰ ਦਾ ਆਸਣ ਹੈ।

ਸਾਧ ਸੰਗਤਿ ਵਿਚ ਹੀ ਪਰਮਾਤਮਾ ਵੱਸਦਾ ਹੈ।

ਜੋ ਇਹ ਨਿਸਚਾ ਕਰ ਅੰਮ੍ਰਿਤ ਵੇਲੇ ਉੱਠ, ਸੰਗਤਿ ਵਿਚ ਜਾ ਕੇ, ਮਨ ਟਿਕਾ ਕੇ ਗੁਰੂ ਸ਼ਬਦ ਨੂੰ ਆਤਮਿਕ ਜੀਵਨ ਦੀ ਖੁਰਾਕ ਬਣਾਂਦੇ ਹਨ, ਉਨ੍ਹਾਂ ਨੂੰ ਪ੍ਰਭੂ ਪ੍ਰਤੱਖ ਦਿੱਸ ਪੈਂਦਾ ਹੈ :

'ਗੁਰ-ਮੂਰਤਿ ਗੁਰ-ਸ਼ਬਦ ਸੁਣਿ,
ਸਾਧ ਸੰਗਤਿ ਆਸਣ ਨਿਰੰਕਾਰੀ।।
ਆਦਿ ਪੁਰਖ ਆਦੇਸ ਕਰਿ,
ਅੰਮ੍ਰਿਤ ਵੇਲਾ ਸ਼ਬਦ ਆਹਾਰੀ।''

❑❑

Sri Satguru Jagjit Singh Ji eLibrary NamdhariElibrary@gmail.com

53

# ਲੰਗਰ

**ਲੰਗਰ ਦਾ ਕੀ ਭਾਵ ਹੈ? ਪੰਗਤਿ ਦੇ ਅਰਥ ਕੀ ਹਨ? ਪ੍ਰਸ਼ਾਦਿ ਪੰਗਤਿ ਵਿਚ ਛਕਣਾ ਕਿਉਂ ਜ਼ਰੂਰੀ ਬਣਾਇਆ ਗਿਆ ਹੈ?**

ਲੰਗਰ ਫ਼ਾਰਸੀ ਦਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਲੋਹੇ ਦਾ ਵਜ਼ਨਦਾਰ ਕੁੰਡਾ' ਜਿਸ ਨੂੰ ਪਾਣੀ ਵਿਚ ਸੁੱਟ ਕੇ ਜਹਾਜ਼ ਨੂੰ ਠਹਿਰਾਇਆ ਜਾਂਦਾ ਹੈ।

ਇਸ ਲਈ ਅਸੀਂ ਵੀ 'ਲੰਗਰ ਪਾਉਣਾ' ਕਹਿੰਦੇ ਹਾਂ ਨਾ ਕਿ ਲੰਗਰ ਛਕਣਾ। ਪ੍ਰਸ਼ਾਦਿ ਛਕਣਾ ਹੁੰਦਾ ਹੈ।

'ਲੰਗਰ ਪਾਉਣ' ਦਾ ਹੁਕਮ ਗੁਰੂ ਮਹਾਰਾਜ ਨੇ ਇਸੇ ਲਈ ਦਿੱਤਾ ਕਿ ਜਿਵੇਂ ਸਮੁੰਦਰ ਵਿਚ ਤੁਰਦੇ ਜਹਾਜ਼ ਨੂੰ ਰੋਕਣ ਲਈ ਲੋਹੇ ਦਾ ਕੁੰਡਾ ਪਾ ਕੇ ਰੋਕ ਲਿਆ ਜਾਂਦਾ ਹੈ ਤੇ ਕੁਝ ਮੂੰਹ 'ਚ ਪਾ ਕੇ ਫਿਰ ਅੱਗੇ ਟੁਰ ਪੈਂਦੇ ਹਨ, ਇਸ ਤਰ੍ਹਾਂ ਸੰਸਾਰ ਸਾਗਰ ਵਿਚ ਸਰੀਰ ਰੂਪੀ ਜਹਾਜ਼ ਨੂੰ ਚਲਾਂਦੇ ਹੋਏ, ਉੱਦਰ ਪੂਰਨਾ ਲਈ 'ਲੰਗਰ ਪਾਉਣਾ' ਹੈ ਤੇ ਮੰਜ਼ਲ ਵੱਲ ਤੁਰੀ ਜਾਣਾ ਹੈ। 'ਛੱਕਣਾ ਛਕਾਉਣਾ, ਖਾਓ ਪੀਓ ਕਰੋ ਅਨੰਦ' ਜਾਂ 'ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ' ਅਤੇ 'ਬਾਬਰ ਬੈ ਐਸ਼ ਕੋਸ਼ ਆਲਮ ਦੋਬਾਰਾ ਨੇਸਤ' ਦੀ ਚਾਲ ਨਹੀਂ ਪਕੜਨੀ। ਲੰਗਰ ਦਾ ਸਬੰਧ ਲੋਹੇ ਨਾਲ ਹੈ, ਇਸ ਲਈ 'ਲੋਹ-ਲੰਗਰ' ਹੀ ਅਸੀਂ ਕਹਿੰਦੇ ਹਾਂ।

ਪੰਗਤਿ ਦਾ ਭਾਵ ਹੈ ਕਿ ਇਕ ਕਤਾਰ ਵਿਚ ਬੈਠ ਕੇ ਪ੍ਰਸ਼ਾਦ ਛੱਕਣਾ। ਉਚ-ਨੀਚ, ਅਮੀਰ-ਗ਼ਰੀਬ, ਕਾਲੇ-ਗੋਰੇ, ਵੱਡੇ-ਨਿੱਕੇ ਦਾ ਅੰਤਰ ਮਨੋਂ ਗਵਾ ਲੰਗਰ ਪਾਉਣਾ।

ਹਿੰਦੁਸਤਾਨ ਖਾਣ ਪੀਣ ਦੀ ਭਿੱਟ ਬਹੁਤ ਮੰਨਦਾ ਸੀ ਤੇ ਖਾਸ ਕਰ ਪ੍ਰਸ਼ਾਦਿ ਛੱਕਣ ਵੇਲੇ 'ਚਉਕਾ' ਜ਼ਰੂਰ ਪਾਂਦਾ ਸੀ। ਇਥੋਂ ਤੱਕ ਇਕੋ ਮਾਂ ਦੇ ਜਾਏ ਘਰ ਦੇ ਜੀਅ ਵੀ 'ਚਉਕਾ' ਪਾ ਲੈਂਦੇ ਸਨ ਤੇ ਪਾਣੀ ਤਰੌਂਕ ਕੇ 'ਕਾਰ' ਕੱਢ ਲੈਂਦੇ ਸਨ। ਚੁੱਲ੍ਹੇ ਵੀ ਅਲੱਗ-ਅਲੱਗ ਸਨ। 'ਨੌਂ ਕਨੋਜੀਏ ਦਸ ਚੁੱਲ੍ਹੇ' ਤਾਂ ਹੁਣ ਤੱਕ ਆਖਾਣ ਪ੍ਰਸਿੱਧ ਹੈ। 'ਨਜ਼ਰ ਪੈ ਜਾਣ ਨਾਲ ਭਿੱਟ ਚੰਬੜ ਜਾਂਦੀ ਹੈ' ਦਾ ਸਿਧਾਂਤ ਕਈ ਮਤ ਮੰਨਦੇ ਸਨ।

ਭਾਈ ਲਾਲੋ ਨੇ ਜਦ ਗੁਰੂ ਨਾਨਕ ਜੀ ਲਈ ਅਲੱਗ 'ਚਉਕਾ' ਲਗਾਇਆ ਤਾਂ ਗੁਰੂ ਨਾਨਕ ਜੀ ਨੇ ਕਿਹਾ ਸੀ :

'ਲਾਲੋ! ਸਾਰੀ ਧਰਤੀ ਹੀ ਮੇਰਾ ਚਉਕਾ ਹੈ ਜਿਸ ਸੱਚ ਪਛਾਣ ਲਿਆ, ਉਹ ਸੁੱਚਾ ਹੈ।'



Sri Satguru Jagjit Singh Ji eLibrary NamdhariElibrary@gmail.com

ਗੁਰੂ ਅਮਰਦਾਸ ਜੀ ਨੇ ਤਾਂ ਹੁਕਮ ਦੇ ਰੱਖਿਆ ਸੀ ਕਿ ਕੋਈ ਉਹਨਾਂ ਦੇ ਦਰਸ਼ਨ ਤੱਕ ਨਹੀਂ ਕਰ ਸਕਦਾ ਜਦ ਤੱਕ ਪੰਗਤਿ ਵਿਚ ਬੈਠ ਲੰਗਰ ਨਾ ਪਾਏ। ਆਪੂੰ ਤੀਜੇ ਪਾਤਸ਼ਾਹ :

ਸਿੱਖ ਸੰਗਤ ਸਭ ਸੰਗ ਲੈ,
ਚੌਕੇ ਮਹਿ ਆਵੈ॥
ਆਸ਼ਰਮ ਬਰਨ ਬਿਚਾਰ ਨਹਿ,
ਏਕੈ ਪੰਗਤਿ ਬੈਸੇ॥

ਜਦ ਅਕਬਰ ਪਾਸ ਕਈ ਬ੍ਰਾਹਮਣਾਂ ਗੁਰੂ-ਘਰ ਵਿਰੁੱਧ ਅਰਜ਼ੀ ਪਾਈ ਸੀ ਤਾਂ ਉਸ ਵਿਚ ਇਕ ਇਤਰਾਜ਼ ਇਹ ਉਠਾਇਆ ਸੀ ਕਿ ਸਭ ਨੂੰ ਇਕ ਥਾਂ ਬਿਠਾ ਪਿਆਰ ਨਾਲ ਪ੍ਰਸ਼ਾਦ ਛਕਾਉਂਦੇ ਹਨ :

'ਚਤਰ ਬਰਨ ਇਕ ਦੇਗ ਅਹਾਰਾ॥
ਇਕ ਸਮ ਸੇਵਹਿ ਧਰਿ ਉਰ ਪਯਾਰਾ॥'

ਅਨੰਦਪੁਰ ਵਿਚ ਕੋਈ ਆਪਣਾ ਨਿੱਜੀ ਚੁੱਲ੍ਹਾ ਨਹੀਂ ਸੀ ਰੱਖ ਸਕਦਾ। ਕਲਗੀਧਰ ਦਾ ਹੁਕਮ ਸੀ—ਪੰਗਤ ਵਿਚ ਬੈਠ ਲੰਗਰ ਛਕੋ। ਕਿਸੇ ਨੂੰ ਸੁਆਲੀ ਨਾ ਰਹਿਣ ਦਿਉ :

ਬ ਹਮਰਾਹਿ
ਸੁਫ਼ਰਾਇ ਪੁਰਸ਼ਾਂ ਖ਼ੁਰੇਦ॥ (ਅਮਰਨਾਮਾ)

ਕਲਗੀਧਰ ਦਾ ਹੀ ਬਚਨ ਹੈ :

ਚਉਕੈ ਦਾ ਭਰਮ ਨਾ ਕਰੈ। ਜਦ ਪ੍ਰਸਾਦਿ ਤਿਆਰ ਹੋਏ ਤਾਂ ਦਿਲੋਂ ਕਹੇ ਕਿ ਕੋਈ ਤਲਬਦਾਰ ਭੇਜ। ਆਹਾਰ ਜ਼ਰੂਰ ਪ੍ਰੋਸ ਕੇ ਰੱਖ ਛੱਡੇ। ਕੋਈ ਹਿੰਦੂ, ਮੁਸਲਮਾਨ, ਖ਼ਾਲਸਾ ਖੁਦਿਆਰਥੀ ਆਵੇ ਉਸ ਨੂੰ ਆਦਰ ਨਾਲ ਖਲਾਵੇ। (ਪ੍ਰੇਮ ਸੁਮਾਰਗ)

'ਗੁਰੂ ਕੇ ਲੰਗਰ' ਨੂੰ ਅੱਜ ਫਿਰ ਵੱਡਾ ਹਥਿਆਰ ਬਣਾ ਕੇ ਵਰਤਣ ਦੀ ਲੋੜ ਹੈ। ਅਸੀਂ ਜੋ ਗੁਰਪੁਰਬਾਂ ਤੇ ਸਿਰਫ਼ ਆਪ ਹੀ ਪੰਗਤਾਂ ਲਗਾ ਕੇ ਲੰਗਰ ਪਾਂਦੇ ਹਾਂ ਚੰਗਾ ਹੈ ਪਰ ਹੋਰ ਚੰਗੇਰਾ ਹੋਵੇ ਜੇ ਉਸ ਦਿਨ ਉਚੇਚਾ ਪ੍ਰੇਰ ਕੇ ਸਭ ਮਜ਼੍ਹਬਾਂ ਜ਼ਾਤਾਂ ਵਾਲਿਆਂ ਨੂੰ ਨਾਲ ਬੈਠ ਪ੍ਰਸ਼ਾਦਿ ਛਕਾਇਆ ਜਾਏ। ਲੰਗਰ ਵਰਤਾਉਣ ਸਮੇਂ 'ਨਗਾਰਾ' ਵਜਾਇਆ ਜਾਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਜੇ ਉਸ ਸਮੇਂ 'ਬੈਰੀ ਵੀ ਆਵੈ' ਤਾਂ ਉਸ ਨੂੰ ਵੀ ਪ੍ਰਸ਼ਾਦਿ 'ਪਰਮ ਮੀਤ ਸਮ' ਛਕਾਇਆ ਜਾਏ।

ਇਥੋਂ ਤੱਕ ਲਿਖਿਆ ਹੈ ਕਿ :

ਬਚੇ ਤੋ ਆਪ ਖਲੈਂ ਹੈਂ॥
ਨਹੀਂ ਤੋ ਲੰਗਰ ਮਸਤ ਬਤੋਂ ਹੈ॥

❑❑

Sri Satguru Jagjit Singh Ji eLibrary NamdhariElibrary@gmail.com

## *ਗੁਰਦੁਆਰਾ ਕਿਸ ਨੂੰ ਕਹਿੰਦੇ ਹਨ?*

ਗੁਰਦੁਆਰਾ ਸਾਡੀ ਇਕ ਜ਼ਰੂਰੀ ਸੰਸਥਾ ਹੈ। ਗੁਰੂ ਨਾਨਕ ਦੇਵ ਜੀ ਨੇ ਜਿਥੇ ਵੀ ਸੰਗਤਾਂ ਬਣਾਈਆਂ ਉਥੇ ਧਰਮਸਾਲ ਦੀ ਨੀਂਹ ਰੱਖੀ ਜੋ ਗੁਰਦੁਆਰਾ ਕਰਕੇ ਜਾਣਿਆ ਜਾਂਦਾ ਹੈ। ਗੁਰਦੁਆਰਾ ਦਾ ਭਾਵ ਹੈ—ਗੁਰੂ ਦੇ ਜ਼ਰੀਏ, ਗੁਰੂ ਦੇ ਰਾਹੀਂ, ਗੁਰੂ ਦੀ ਮਾਰਫ਼ਤ, ਗੁਰੂ ਦਾ ਦਰ, 'ਗੁਰਦੁਆਰੈ ਹੋਇ ਸੋਝੀ ਪਾਇਸੀ' ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ। ਗੁਰ ਦਰ ਜਾਂ ਗੁਰੂ ਦੁਆਰਾ ਹੀ ਵਾਹਿਗੁਰੂ ਦਾ ਦੀਦਾਰ ਹੋਣਾ ਹੈ ਤੇ ਵਾਹਿਗੁਰੂ ਜੀ ਕਾ ਖ਼ਾਲਸਾ ਬਣਨਾ ਹੈ।

ਸਾਡਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ-ਜਗਿਆਸਾ ਵਾਲਿਆਂ ਲਈ ਗਿਆਨ-ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅਨਪੂਰਣਤਾ, ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਅਤੇ ਸਭ ਤੋਂ ਉੱਤੇ *ਪੰਥ ਲਈ ਲੋਹ-ਮਈ ਦੁਰਗ ਹੈ।*

ਸਾਡੀ ਅਰਦਾਸ ਦੇ ਸ਼ਬਦ, 'ਜਿਨ੍ਹਾਂ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ, ਬੋਲੋ ਜੀ ਵਾਹਿਗੁਰੂ! ਇਹ ਦਰਸਾਉਣ ਲਈ ਕਾਫ਼ੀ ਹਨ ਕਿ ਸਿੱਖ ਕਿਤਨਾ ਕੁ ਆਦਰ ਇਨ੍ਹਾਂ ਗੁਰਦੁਆਰਿਆਂ ਦੀ ਪਵਿੱਤਰਤਾ ਨੂੰ ਦੇਂਦਾ ਹੈ।

ਹੁਣ ਜਦ ਸਾਰਾ ਪੰਥ—'ਹੇ ਅਕਾਲ ਪੁਰਖ!'

ਆਪਣੇ ਪੰਥ ਦਾ ਸਦਾ ਸਹਾਈ ਦਾਤਾਰ ਜੀਓ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ', ਦੀ ਅਰਦਾਸ ਕਰਦਾ ਹੈ ਤਾਂ ਇਸ ਦਾ ਭਾਵ ਵੀ ਗੁਰਦੁਆਰਿਆਂ ਦੇ ਦਰਸ਼ਨ ਦੀ ਤੜਫ਼ ਹੀ ਦਰਸਾਉਂਦਾ ਹੈ।

ਗੁਰਦੁਆਰਾ ਇਸ ਲਈ ਵੀ ਜ਼ਰੂਰੀ ਹੈ :

"ਗੁਰਦੁਆਰੇ ਲਾਇ ਭਾਵਨੀ,
ਇਕਨਾ ਦਸਵਾਂ ਦੁਆਰ ਦਿਖਾਇਆ।"

'ਜਦ ਚਿੱਤ ਉਦਾਸ ਹੋ ਜਾਵੇ ਤਾਂ ਗੁਰਦੁਆਰਾ ਅਸਥਾਨਾਂ ਦਾ ਦਰਸ਼ਨ ਕਰੋ' ਦਾ ਹੁਕਮ ਵੀ ਰਹਿਤਨਾਮਿਆਂ ਵਿਚ ਆਇਆ ਹੈ।

ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਣਾ ਚਾਹੀਦਾ ਹੈ। ਰਾਤ ਨੂੰ ਪ੍ਰਕਾਸ਼ ਨਹੀਂ ਰੱਖਣਾ ਚਾਹੀਦਾ। ਹਾਂ, ਜੇ ਅਖੰਡ ਪਾਠ ਹੋ



Sri Satguru Jagjit Singh Ji eLibrary NamdhariElibrary@gmail.com

ਰਿਹਾ ਹੋਵੇ ਤਾਂ ਹੋਰ ਗੱਲ ਹੈ। ਜਦ ਤੱਕ ਗ੍ਰੰਥੀ ਜੀ, ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਹੈ, ਜਾਂ ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਹੈ, ਜਾਂ ਬੇਅਦਬੀ ਦਾ ਡਰ ਨਹੀਂ, ਤਦ ਤੱਕ ਪ੍ਰਕਾਸ਼ ਰਹੇ। ਉਪਰੰਤ ਸੁਖ-ਆਸਣ ਕਰ ਦੇਣਾ ਉੱਚਿਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ ਤੇ ਨੱਕ ਰਗੜਨਾ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨਾਂ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ, ਮਨਮਤਿ ਹੈ।

ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼, ਮਜ਼੍ਹਬ, ਜ਼ਾਤ ਵਾਲੇ ਨੂੰ ਮਨਾਹੀ ਨਹੀਂ, ਪਰ ਉਸਦੇ ਪਾਸ ਤਮਾਕੂ ਆਦਿ ਕੋਈ ਨਸ਼ੀਲੀ ਚੀਜ਼ ਨਹੀਂ ਹੋਣੀ ਚਾਹੀਦੀ। ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਹੋਰ ਕਿਸੇ ਵਿਤਕਰੇ ਨਾਲ ਬੈਠਣਾ ਵਿਵਰਜਿਤ ਹੈ।

ਕਿਸੇ ਦਾ ਨੰਗੇ ਸਿਰ ਜਾਂ ਘੁੰਡ ਕੱਢਕੇ ਬੈਠਣਾ ਗੁਰਮਤਿ ਦੇ ਵਿਰੁੱਧ ਹੈ।

ਹਰ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਅਤੇ ਨਗਾਰਾ ਹੋਣਾ ਜ਼ਰੂਰੀ ਹੈ, ਜੋ ਉਚਿਤ ਸਮੇਂ ਵਜਾਇਆ ਜਾਵੇ।

ਇਹ ਯਾਦ ਰਹੇ ਕਿ ਜਦ ਕੀਰਤਨ ਹੋਵੇ ਤਾਂ ਬਾਹਰ ਦੀਆਂ ਮਨ-ਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁੱਕ ਦੀ ਧਾਰਨਾ ਬਣਾਈ ਜਾਵੇ।

ਸੰਗਤ ਵਿਚ ਇਕ ਵੇਲੇ ਇਕੋ ਗੱਲ ਹੋਣੀ ਚਾਹੀਏ। ਭਾਵ ਜੇ ਅਖੰਡ ਪਾਠ ਹੋ ਰਿਹਾ ਹੋਵੇ ਤਾਂ ਕਥਾ, ਕੀਰਤਨ ਨਾ ਕੀਤਾ ਜਾਵੇ। ***ਗ੍ਰੰਥੀ ਕੈਸਾ ਹੋਵੇ***—ਦੇ ਲੱਛਣ ਭਾਈ ਚੌਪਾ ਸਿੰਘ ਨੇ ਲਿਖੇ ਹਨ।

ਭਾਈ ਜੀ ਲਿਖਦੇ ਹਨ—ਨਿਰਲੋਭੀ, ਨਿਰਮਾਨੀ, ਜ਼ਤੀ-ਸਤੀ, ਪਰ-ਸਵਾਰਥੀ, ਧੀਰਜੀ, ਉਦਾਰਚਿੱਤ, ਦਯਾਵਾਨ, ਪ੍ਰੀਤਵਾਨ, ਰਹਿਤਵਾਨ, ਮਤਸਰ ਬਿਨਾਂ, ਪੜਦੇ-ਕੱਜ, ਸੁਚੇਤ, ਦੇਹ ਪਵਿੱਤਰ, ਟਹਿਲੀਆ, ਵੰਡ ਖਾਣ ਵਾਲਾ, ਆਏ ਗਏ ਸਿੱਖ ਮੁਸਾਫ਼ਿਰ, ਅਭਿਆਗਤ ਦਾ ਖ਼ਿਆਲ ਰੱਖਣ ਵਾਲਾ ਅਤੇ ਦਰਦਵੰਦ ਹੋਵੇ।

ਭਾਈ ਦੇਸਾ ਜੀ ਨੇ ਲਿਖਿਆ ਹੈ :

ਜੇ ਕੋਈ ਸਿੰਘ ਪੁਜਾਰੀ ਅਹੈ।
ਸੋ ਭੀ ਪੂਜਾ ਬਹੁਤ ਨ ਗਹੈ।
ਤਨ ਨਿਰਬਾਹ ਮਾਤ੍ਰ ਸੋ ਲੇਵੈ।
ਅਧਿਕ ਹੋਇ ਤ ਜਹਿ ਤਹਿ ਦੇਵੈ।

□□

Sri Satguru Jagjit Singh Ji eLibrary NamdhariElibrary@gmail.com

# 55 ਗੋਲਕ

## ਗੋਲਕ ਦੇ ਕੀ ਅਰਥ ਹਨ?

ਗੋਲਕ ਦੇ ਅਰਥ ਹਨ 'ਆਵਾਜਾਈ', ਇਕ ਥਾਂ ਟਿਕਾ ਕੇ ਨਾ ਰੱਖਣਾ। ਨੇਤਰ, ਕੰਨ ਆਦਿਕ ਇੰਦ੍ਰੀਆਂ ਦੇ ਛਿਦ੍ਰ। ਗੁਰਦੁਆਰੇ ਜਾਂ ਉਨ੍ਹਾਂ ਗੁਰੂ ਪਾਤਸ਼ਾਹਾਂ ਨੂੰ ਭੇਟ ਕੀਤੀ ਜਾਣ ਵਾਲੀ ਮਾਇਆ ਨੂੰ ਗੋਲਕ ਰੱਖਣਾ ਹੀ ਕਿਹਾ ਗਿਆ ਹੈ। ਭਾਵ ਆਈ ਮਾਯਾ ਕੋਈ ਜਮ੍ਹਾਂ ਰੱਖਣ ਲਈ ਜਾਂ ਖ਼ਜ਼ਾਨੇ ਵਿਚ ਦਬਾ ਰੱਖਣ ਲਈ ਨਹੀਂ ਹੈ, ਵਰਤਣ ਲਈ ਹੈ।

ਰਹਿਤਨਾਮਾ ਭਾਈ ਦਯਾ ਸਿੰਘ ਵਿਚ ਲਿਖਿਆ ਵੀ ਹੈ ਕਿ :

'ਗੁਰੂ ਦਾ ਸਿਖ ਗਰੀਬ ਕੀ ਰਸਨਾ ਕੋ
ਗੁਰੂ ਕੀ ਗੋਲਕ ਜਾਣੇ'।

ਗੁਰੂ ਅੰਗਦ ਦੇਵ ਜੀ ਨੇ ਤਾਂ ਹੁਕਮ ਦੇ ਰੱਖਿਆ ਸੀ ਕਿ ਉਹਨਾਂ ਨੂੰ ਆਈ ਭੇਟਾ ਦਾ ਵੇਰਵਾ ਜਾਂ ਉਸ ਸਬੰਧੀ ਗੱਲ ਕਰਨ ਦੀ ਵੀ ਲੋੜ ਨਹੀਂ, ਨਾ ਹੀ ਉਨ੍ਹਾਂ ਪਾਸ ਇਹ ਜ਼ਿਕਰ ਕੀਤਾ ਜਾਏ ਕਿ ਕਿਤਨੀ ਆਈ ਹੈ ਜਾਂ ਕਿਤਨੀ ਗਈ ਹੈ :

"ਆਪਨ ਢਿਗ ਮਾਯਾ ਵਿਵਹਾਰ।
ਜ਼ਿਕਰ ਨ ਹੋਣ ਦੇਹਿ ਕਿਸ ਵਾਰ।" (ਸੂਰਜ ਪ੍ਰਕਾਸ਼)

ਗੁਰੂ ਅਮਰਦਾਸ ਜੀ ਤਾਂ ਲੰਗਰ ਦੇ ਭਾਂਡਿਆਂ ਨੂੰ ਰਾਤੀਂ ਮੂਧਾ ਮਾਰ ਖਾਲੀ ਕਰ ਬਿਰਾਜਦੇ ਸਨ।

ਗੁਰੂ ਰਾਮ ਦਾਸ ਜੀ ਦਾ ਫ਼ਰਮਾਨ ਸੀ :

'ਗੁਰਸਿਖਾ ਅੰਦਰਿ ਸਤਿਗੁਰ ਵਰਤੈ,
ਜੋ ਸਿਖਾ ਨੋ ਲੋਚੈ ਸੁ ਗੁਰ ਖੁਸੀ ਆਵੈ'॥

ਗੁਰੂ ਹਰਿਗੋਬਿੰਦ ਜੀ ਨੇ ਬਹੁਤ ਗੁੱਸਾ ਕੀਤਾ ਸੀ ਜਦ ਭਾਈ ਕਟੂ ਨੂੰ ਉਸ ਦੇ ਸ਼ਹਿਦ ਮੰਗਣ ਤੇ ਸਿੱਖ ਨੇ ਇਹ ਕਹਿ ਕੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਇਹ ਕੇਵਲ ਗੁਰੂ ਜੀ ਲਈ ਹੈ।

ਗੁਰੂ ਹਰਿਗੋਬਿੰਦ ਜੀ ਬਾਰੇ ਹੀ ਲਿਖਿਆ ਹੈ :

'ਕੋਸ਼ ਦੇਸ ਕੁਝ ਢਿਗ ਨ ਰਖੇਂ ਹੈ॥
ਆਵਤ ਲਾਖੋਂ ਖਰਚ ਕਰੇਂ ਹੈ'॥

'ਦਾਨ ਦੀਓ ਇਨਹੀ ਕੋ ਭਲੋ, ਅਰ ਅਉਰ ਕੋ ਦਾਨ ਨਾ ਲਾਗਤ ਨੀਕੋ' ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵੀ ਹੁਕਮ ਸੀ :

ਗੋਲਕ ਰਾਖੈ ਨਾਹਿ ਜੋ ਛਲਾ ਕਾ ਕਰੈ ਵਪਾਰ।
ਕਹੇ ਗੋਬਿੰਦ ਸਿੰਘ ਲਾਲ ਜੀ, ਭੋਗੇ ਨਰਕ ਹਜ਼ਾਰ।੩੭। (ਤਨਖ਼ਾਹ ਨਾਮਾ)



Sri Satguru Jagjit Singh Ji eLibrary NamdhariElibrary@gmail.com

56

# ਦਸਵੰਧ

## ਦਸਵੰਧ ਦੀ ਮਰਯਾਦਾ ਕਦ ਤੋਂ ਚੱਲੀ?

'ਘਾਲਿ ਖਾਇ ਕਿਛੁ ਹਥਹੁ ਦੇਹਿ' ਦਾ ਸਿਧਾਂਤ ਗੁਰੂ ਨਾਨਕ ਦੇਵ ਜੀ ਨੇ ਹੀ ਦਿੱਤਾ ਸੀ। ਜੋ ਉਪਜ ਖੇਤੀ ਤੋਂ ਹੁੰਦੀ ਸੀ, ਗੁਰੂ ਨਾਨਕ ਦੇਵ ਜੀ ਉਸਦੇ ਤਿੰਨ ਹਿੱਸੇ ਕਰਦੇ। ਇਕ ਧਰਮਸਾਲ ਲਈ, ਇਕ ਘਰ ਲਈ ਤੇ ਤੀਜਾ ਆਏ ਗਏ ਸੰਤ-ਮਹਾਤਮਾ, ਅਭਿਆਗਤਾਂ ਲਈ ਦੇ ਦੇਂਦੇ ਤਾਂ ਕਿ ਜੋ ਜੀਅ ਆਏ ਰਾਜ਼ੀ ਜਾਏ।

ਗੁਰੂ ਰਾਮਦਾਸ ਜੀ ਨੇ ਮਸੰਦ ਨਿਯਤ ਕਰ ਦਿੱਤੇ ਸਨ ਜੋ ਸੰਗਤਾਂ ਪਾਸ ਪੁੱਜ ਕਾਰ ਭੇਟ ਇਕੱਠੀ ਕੀਤੀ ਗੁਰੂ ਜੀ ਪਾਸ ਪਹੁੰਚਾਂਦੇ। ਪਰ ਦਸਵਾਂ ਹਿੱਸਾ ਕਮਾਈ ਦਾ (ਦਸਵੰਧ) ਕੱਢਣ ਤੇ ਗੁਰੂ ਨਮਿਤ ਖ਼ਰਚ ਕਰਨ ਦਾ ਹੁਕਮ ਗੁਰੂ ਅਰਜਨ ਦੇਵ ਜੀ ਨੇ ਹੀ ਦਿੱਤਾ ਸੀ।

ਸੁਖਮਨੀ ਸਾਹਿਬ ਦੀ ਇਹ ਤੁੱਕ :

ਦਸ ਬਸਤੂ ਲੇ ਪਾਛੈ ਪਾਵੈ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥

ਇਕ ਪਾਸੇ ਦਾ ਸੰਕੇਤ ਦੇਂਦੀ ਹੈ।

ਸਮਕਾਲੀ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਰਕਾਰ ਨੂੰ ਤਾਂ ਮਾਲੀਆ ਉਗਰਾਉਣ ਵਿਚ ਬੇਸ਼ਕ ਖੇਚਲ ਹੁੰਦੀ ਹੋਵੇ ਪਰ ਸਿੱਖ ਚਾਅ ਨਾਲ ਦਸਵੰਧ ਪਹੁੰਚਾਂਦੇ ਸਨ।

ਗੁਰੂ ਅਰਜਨ ਦੇਵ ਜੀ ਦਾ ਹੀ ਬਚਨ ਹੈ ਕਿ ਜਿਸ ਦਸਵੰਧ ਦਿੱਤਾ ਉਸਦੇ ਘਰ ਦਲਿਦ੍ਰ ਨਹੀਂ ਰਵ੍ਹੇਗਾ :

ਜੋ ਦਸਵੰਧ ਦੇਵੈ ਸਦਾ।
ਦਾਰਿਦ ਸਦਨ ਨ ਹੋਵੈ ਕਦਾ।

ਤਨਖ਼ਾਹਨਾਮਾ ਨੰਦ ਲਾਲ ਜੀ ਨੇ ਕਲਗੀਧਰ ਦਾ ਹੁਕਮ ਵੀ ਦਰਜ ਕੀਤਾ ਹੈ :

'ਦਸ ਨਖ ਕਰ ਜੋ ਕਾਰ ਕਮਾਵੈ।
ਤਾ ਕਰ ਜੋ ਧਨ ਘਰ ਆਵੈ।
ਤਿਸ ਤੇ ਗੁਰ ਦਸੌਂਧ ਜੋ ਦਈ।
ਸਿੰਘ ਸੁਯਸ ਬਹੁ ਜਗ ਮਹਿ ਲਈ।'

ਇਹ ਵੀ ਬਚਨ ਮਿਲਦੇ ਹਨ :

ਜੋ ਅਪਨੀ ਕਛ ਕਰਹੁ ਕਮਾਈ।
ਗੁਰ ਹਿਤ ਦਿਹੁ ਦਸਵੰਧ ਬਨਾਈ।



Sri Satguru Jagjit Singh Ji eLibrary NamdhariElibrary@gmail.com

ਭਾਈ ਦਯਾ ਸਿੰਘ ਜੀ ਨੇ ਰਹਿਤਨਾਮੇ ਵਿਚ ਲਿਖਿਆ ਹੈ :

"ਵੰਡ ਖਾਇ, ਕਾਜ ਕਿਸੂ ਕਾ ਹੋਇ ਤ ਸਵਾਰੈ। ਦਸਵੰਧ ਦੇਵੈ। ਦਸਵੰਧ ਨਾਲ ਹਰ ਕਿਰਤ ਵਿਚ ਬਰਕਤ ਪੈਂਦੀ ਹੈ।"

ਜਦ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬਧਕ ਕਮੇਟੀ ਬਣੀ ਸੀ ਤਾਂ ਉਸ ਨੂੰ ਹੀ ਮੈਂਬਰ ਲਿਆ ਗਿਆ ਜੋ ਇਹ ਪ੍ਰਮਾਣ ਦੇਵੇ ਕਿ ਉਹ ਦਸਵੰਧ ਕੱਢਦਾ ਹੈ। ਬੜਾ ਲਾਜ਼ਮੀ ਹੈ ਦਸਵੰਧ ਕੱਢਣਾ।

ਪ੍ਰੇਮ ਸੁਮਾਰਗ ਵਿਚ ਲਿਖਿਆ ਹੈ :

"ਪਰ ਸਾਰੀ ਰਹਿਤ ਇਹੀ ਹੈ—ਜੋ ਕਿਸੀ ਕਉ ਕਲਪਾਵੈ ਨਾਹੀਂ ਅਰ ਅੰਦਰਿ ਆਪਣਾ ਕਿਸੀ ਕਉ ਦੇਵੈ ਨਾਹੀ ਭਾਵ ਜਣੇ ਖਣੇ ਨੂੰ ਦਿਲ ਦੀ ਗੱਲ ਨਾ ਦੱਸੇ, ਸਿਵਾਇ ਗੁਰੂ ਤੇ ਮਿੱਤ੍ਰ ਦੇ। ਪਰ ਕਿਰਤਿ ਰੁਜ਼ਗਾਰ ਕਰਤਾ ਰਹੈ। ਅਰ ਜੋ ਕਿਛੁ ਰੁਜ਼ਗਾਰ ਤੇ ਗੁਰੂ ਦੇਵੈ, ਉਸ ਵਿਚੋਂ ***ਦਸਵਾਂ ਹਿੱਸਾ*** ਸ੍ਰੀ ਅਕਾਲ ਪੁਰਖ ਜੀ ਕਾ ਜੁਦਾ ਕਰ ਰੱਖੇ।।"

❑❑

Sri Satguru Jagjit Singh Ji eLibrary NamdhariElibrary@gmail.com

# 57 ਦੇਗ ਤੇਗ ਫ਼ਤਹ

## 'ਦੇਗ ਤੇਗ ਫ਼ਤਹ' ਦਾ ਕੀ ਭਾਵ ਹੈ ?

ਕਲਗੀਧਰ ਨੇ ਵਾਹਿਗੁਰੂ ਕੋਲੋਂ ਜਿੱਥੇ 'ਪੰਥ ਚਲੈ ਤਬ ਜਗਤ ਮੇਂ ਜਬ ਤੁਮ ਕਰਹੁ ਸਹਾਇ' ਦਾ ਵਰ ਲਿਆ ਸੀ ਉਥੇ ਇਹ ਯਾਚਨਾ ਵੀ ਕੀਤੀ ਸੀ :

ਦੇਗ ਤੇਗ ਜਗ ਮਹਿ ਦੋਊ ਚਲੈ।।
ਰਾਖ ਆਪਿ ਮੁਹਿ ਅਵਰ ਨ ਦਲੈ।।

'ਦੇਗ ਤੇਗ ਫ਼ਤਹ' ਦੇ ਸ਼ਬਦ ਪਿਛੋਂ ਬਾਬਾ ਬੰਦਾ ਸਿੰਘ ਜੀ ਨੇ ਸਰਹਿੰਦ ਦੀ ਫ਼ਤਹ ਉਪ੍ਰੰਤ ਆਪਣੀਆਂ ਸੀਲ ਮੁਹਰਾਂ ਤੇ ਉਕਰਵਾਏ ਸਨ। ਪੂਰੇ ਸ਼ਬਦ ਇਹ ਸਨ :

ਦੇਗ ਤੇਗ ਫ਼ਤਹਿ ਨੁਸਰਤ ਬੇਦਰੰਗ।।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।।

ਜਿਸ ਦਾ ਭਾਵ ਹੈ ਕਿ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਕੋਲੋਂ ਦੇਗ ਤੇਗ ਫ਼ਤਹ ਦੀਆਂ ਸਦਾ ਬਰਕਤਾਂ ਪਾਈਆਂ।

ਦੇਗ ਦਾ ਅਰਥ ਹੈ ਤੋਟਾ ਨਾ ਆਉਣਾ, ਖੁੱਲ੍ਹਾ ਮੂੰਹ, ਖਿਮਾ, ਵੰਡ ਛਕਣ ਦਾ ਸੁਭਾਅ ਅਤੇ ਉਦਾਰਚਿੱਤਤਾ (Magnanimity)।

ਗੁਰੂ ਨਾਨਕ ਦੇਵ ਜੀ ਨੇ ਬਸੰਤ ਰਾਗ ਦੀ ਸੱਤਵੀਂ ਅਸ਼ਟਪਦੀ ਵਿਚ ਦੇਗ ਨੂੰ ਇਸੇ ਭਾਗ ਵਿਚ ਵਰਤਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਵਾਹਿਗੁਰੂ ਨੇ ਧਰਤੀ ਐਸੀ ਦੇਗ ਕਰੀ ਹੈ ਕਿ ਉਹ ਜੱਗ ਨੂੰ ਦੇਂਦਿਆਂ ਥੱਕਦੀ ਨਹੀਂ। ਅੱਗੋਂ ਸਾਡੇ ਭਾਗ ਹਨ ਕਿ ਅਸੀਂ ਕਿਤਨਾ ਕੁ ਪ੍ਰਾਪਤ ਕਰਦੇ ਹਾਂ।

ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ।
ਧਰਤੀ ਦੇਗ ਮਿਲੈ ਇਕ ਵੇਰਾ, ਭਾਗੁ ਤੇਰਾ ਭੰਡਾਰੀ।

*ਤੇਗ* ਦਾ ਅਰਥ ਹੈ—ਸੰਘਰਸ਼ ਲਈ ਜੁੱਟੇ ਰਹਿਣਾ ਪਰ ਆਪਣੇ ਬਲ ਨਾਲੋਂ ਪ੍ਰਭੂ ਦੇ ਬਲ 'ਤੇ ਜ਼ਿਆਦਾ ਟੇਕ ਰੱਖਣੀ। ਗੁਰੂ ਨਾਨਕ ਦੇਵ ਜੀ ਦੇ ਹੀ ਸ਼ਬਦਾਂ ਵਿਚ :

ਜਾ ਤੁਧੁ ਭਾਵੈ ਤੇਗ ਵਗਾਵਹਿ
ਸਿਰ ਮੁੰਡੀ ਕਟਿ ਜਾਵਹਿ॥ (ਮਾਝ ਕੀ ਵਾਰ, ਪੰਨਾ ੧੪੫)

ਜਿਨ੍ਹਾਂ ਪਾਸ ਦੇਗ ਤੇਗ ਹੈ, ਉਹਨਾਂ ਨੂੰ ਕੋਈ ਕਦੇ ਹਰਾ ਨਹੀਂ ਸਕਦਾ। 'ਅਸਰਾਰਿ ਸਮਦੀ' ਦੇ ਲਿਖਾਰੀ ਨੇ ਲਿਖਿਆ ਹੈ ਕਿ ਸਿੱਖਾਂ ਨੂੰ ਹਰਾਉਣਾ ਕਠਿਨ ਹੈ ਕਿਉਂਕਿ ਇਹਨਾਂ ਪਾਸ ਦੇਗ ਤੇਗ ਹੈ।

ਦੇਗ ਤੇਗ ਜਿਸ ਪਾਸ ਇਕੱਠੀਆਂ ਹੋਣ ਉਸ ਨੂੰ ਕੋਈ ਦੁਨਿਆਵੀ ਤਾਕਤ ਪਛਾੜ ਨਹੀਂ ਸਕਦੀ।



Sri Satguru Jagjit Singh Ji eLibrary NamdhariElibrary@gmail.com

ਕਲਗੀਧਰ ਨੇ ਜਦ ਕਿਸੇ ਰਾਜ, ਰਾਜੇ, ਸੂਰਮੇ ਜਾਂ ਯੋਧੇ ਦੀ ਉਪਮਾ ਕਰਨੀ ਹੁੰਦੀ ਸੀ ਤਾਂ ਇਹ ਬਚਨ ਹੀ ਕਰਦੇ ਸਨ :

'ਜਾ ਸਮ ਸੁੰਦਰ ਸੁਨਾ ਨ ਸੂਰਾ।।
ਦੇਗ ਤੇਗ ਸਾਚੋ ਭਰਪੂਰਾ'।। ੩।। ੨੭੨। (ਚਰਿਤ੍ਰ, ਦਸਮ ਗ੍ਰੰਥ)

ਜਾਂ

ਸ਼ਕਤੀ ਦਰਸਾਉਣੀ ਹੋਵੇ ਤਾਂ ਲਿਖਦੇ ਸਨ :

'ਦੇਗ ਤੇਗ ਕੋ ਜਾਹਿ ਭਰੋਸਾ'।। ੨।। ੩੦੭।। (ਚਰਿੱਤ੍ਰ)

ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਵੇਲੇ ਜਿੱਥੇ ਰਹਿਤ ਕੁਰਹਿਤ ਦ੍ਰਿੜ੍ਹਾਈ, ਉਥੇ ਇਹ ਬਚਨ ਵੀ ਕਹੇ :

ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੇ।
ਜਹਾ ਧਰਮਸਾਲਾ ਤਹਾ ਨੀਤ ਜੇਯੈ।
ਗੁਰ ਦਰਸ ਕੀਜੈ ਮਹਾਂ ਸੁਖ ਪੇਯੈ।
ਜਪੋ ਵਾਹਿਗੁਰੂ ਜਾਪ ਚੀਤੇ ਸਦਾ ਹੀ।
ਸਦਾ ਨਾਮ ਲੀਜੈ, ਗੁਰ ਗੀਤ ਗਾ ਹੀ।
ਸਦਾ ਦੇਗ ਤੇਗੰ ਤੁਮੋ ਜੀਤ ਹੋਈ। (ਗੁਰ ਬਿਲਾਸ ਪਾਤਸ਼ਾਹੀ ਦਸਵੀਂ)

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਖ਼ਾਲਸੇ ਦੀ ਵੱਡੀ ਵਡਿਆਈ ਇਹ ਹੈ ਕਿ ਉਹ *ਤੇਗ ਤੋਂ ਹੱਥ ਹਟਾਂਦੇ ਨਹੀਂ ਤੇ ਵੰਡ ਖਾਉਣ ਤੋਂ ਹੱਟਦੇ ਨਹੀਂ।*

"ਯਹੀ ਲਾਇਕੀ ਖ਼ਾਲਸੇ ਮਾਹਿ।
ਲੜਨ ਮਰਨ ਮੋ ਰਹੇ ਅਗਾਂਹਿ।
ਔਰ ਪ੍ਰਸ਼ਾਦਿ ਵੰਡਕੇ ਖਾਹਿ।
ਮਿੱਠਾ ਬੋਲਹਿ, ਸਿੱਖੀ ਕਮਾਹਿ।। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

58



## *ਚੌਕੀਆਂ ਦਾ ਕੀ ਅਰਥ ਹੈ?*

'ਚਉਕੀ' ਦਾ ਭਾਵ ਪਹਿਰੇਦਾਰ ਹੈ ਅਤੇ ਪਹਿਰੇਦਾਰ ਵਾਂਗ ਸਾਵਧਾਨ ਸੁਚੇਤ ਰਹਿਆਂ ਜਦ ਗੁਰੂ ਦੀ ਹਜ਼ੂਰੀ ਕੋਈ ਕਾਰਜ ਕੀਤਾ ਜਾਂਦਾ ਹੈ ਤਾਂ ਉਸ ਨੂੰ ਚੌਕੀ ਭਰਨੀ ਕਹਿੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਸੋਰਠਿ ਰਾਗ ਵਿਚ 'ਚਉਕੀ ਚਉਗਿਰਦ ਹਮਾਰੇ' ਉਚਾਰ ਕੇ ਪਹਿਰੇਦਾਰਾਂ ਦੀ ਟੋਲੀ ਦੇ ਅਰਥ ਕੀਤੇ ਹਨ :

ਚਉਕੀਆਂ ਕੱਢਣ ਦੀ ਪਿਰਤ ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਪਾਈ ਜਦ ਗੁਰੂ ਹਰਗੋਬਿੰਦ ਜੀ ਨੂੰ ਜਹਾਂਗੀਰ ਦੇ ਹੁਕਮ ਨਾਲ ਗਵਾਲੀਯਰ ਕੈਦ ਕੀਤਾ ਗਿਆ। ਸਿੱਖ ਮਸ਼ਾਲਾਂ ਜਗਾ, ਪੰਜਾਬ ਵਿਚ ਫਿਰਦੇ ਤੇ ਜਥੇ ਬਣਾ ਕੇ ਗਵਾਲੀਅਰ ਪੁੱਜਦੇ ਅਤੇ ਕਿਲ੍ਹੇ ਦੀਆਂ ਪ੍ਰਕਰਮਾ ਕਰ ਕੇ ਹੀ ਮੁੜਦੇ। ਇਸ ਤਰ੍ਹਾਂ ਚਉਕੀਆਂ ਦਾ ਅਰਥ 'ਰੋਸ ਵਜੋਂ ਕੱਢੇ ਜਲੂਸ' ਵੀ ਹੋਇਆ। ਹੁਣ ਗੁਰੂ ਪਾਤਸ਼ਾਹਾਂ ਦੀ ਯਾਦ ਵਿਚ ਚਉਕੀ ਅੰਮ੍ਰਿਤਸਰ ਤੋਂ ਤਰਨਤਾਰਨ ਜਾਂ ਗੋਇੰਦਵਾਲ ਨੂੰ ਵੀ ਜਾਂਦੀ ਹੈ।

ਗੁਰੂ ਹਰਗੋਬਿੰਦ ਜੀ ਦੇ ਬਚਨ ਵੀ ਹੋਏ ਸਨ ਕਿ ਜਦੋਂ ਚੌਕੀ ਸਾਹਿਬ ਅਕਾਲ ਤਖ਼ਤ ਸਾਹਿਬ ਪਹੁੰਚਿਆ ਕਰੇਗੀ, ਉਸ ਵੇਲੇ ਸਾਡਾ ਪ੍ਰਭਾਵ ਇਉਂ ਹੋਵੇਗਾ ਜਿਵੇਂ ਅਸੀਂ ਵਿਚ ਸ਼ਾਮਲ ਹੋਏ ਹਾਂ।

ਆਦਰ ਵਜੋਂ ਹੁਣ ਵੀ 'ਚੌਕੀ' ਜਦ ਦਰਬਾਰ ਸਾਹਿਬ ਦੀ ਅੰਦਰਲੀ ਦਲ੍ਹੀਜ਼ ਤੇ ਪੁੱਜਦੀ ਹੈ ਤਾਂ ਦਰਬਾਰ ਸਾਹਿਬ ਦੇ ਅੰਦਰ ਕੀਰਤਨ ਕੁਝ ਮਿੰਟਾਂ ਲਈ ਬੰਦ ਕਰ ਦਿੱਤਾ ਜਾਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਪਹਿਲਾਂ ਗੁਰੂ ਹਰਗੋਬਿੰਦ ਜੀ ਨੇ ਅਤੇ ਫਿਰ ਭਾਈ ਮਨੀ ਸਿੰਘ ਜੀ ਨੇ ਕੀਰਤਨ ਦੀਆਂ ਚਉਕੀਆਂ ਨਿਯਤ ਕੀਤੀਆਂ। ਭਾਵੇਂ ਹਰ ਸਮੇਂ ਕੀਰਤਨ ਸ੍ਰੀ ਦਰਬਾਰ ਸਾਹਿਬ ਹੁੰਦਾ ਰਹਿੰਦਾ ਹੈ ਪਰ ਚਉਕੀਆਂ ਕੀਰਤਨ ਦੀਆਂ ਬੈਠਦੀਆਂ ਹਨ। ਚਉਕੀ ਬੈਠਣ ਲਈ ਜ਼ਰੂਰੀ ਸੀ ਕਿ ਚਾਰ ਅੱਡ-ਅੱਡ ਸਾਜ਼ ਲੈ ਕੇ ਜਥਾ ਬਣਾ ਕੇ ਕੀਰਤਨ ਕੀਤਾ ਜਾਏ।

*ਪਹਿਲੀ ਆਸਾ ਦੀ ਵਾਰ ਦੀ*—ਸੂਰਜ ਚੜ੍ਹਨ ਤੋਂ ਪਹਿਲਾਂ ਸਮਾਪਤੀ।

*ਦੂਜੀ ਬਿਲਾਵਲ ਦੀ*—ਜੋ ਤਕਰੀਬਨ ਦਸ ਵਜੇ ਦਿਨੇ ਆਰੰਭ ਹੁੰਦੀ ਹੈ।

*ਤੀਜੀ ਚਰਨ ਕੰਵਲ ਦੀ*—ਜੋ ਤਕਰੀਬਨ ਦੋ ਵਜੇ ਬਾਅਦ ਦੁਪਹਿਰ।

*ਚੌਥੀ ਸੋਦਰੁ ਦੀ*—ਰਹਿਰਾਸ ਸਮੇਂ।

*ਪੰਜਵੀਂ ਸੋਹਿਲੇ ਦੀ*—ਰਾਤ ਨੂੰ।

'ਚਉਕੀ' ਦਾ ਇਹ ਭਾਵ ਵੀ ਹੈ ਕਿ ਤੁਸੀਂ ਖ਼ਾਲਸਾ ਕੋਲੋਂ ਹਰ ਵੇਲੇ ਆਸ ਰੱਖ ਸਕਦੇ ਹੋ ਕਿ ਉਹ ਦੁਖੀ-ਦੀਨ ਦੀ ਇਮਦਾਦ ਲਈ ਬਹੁੜੇਗਾ ਜਿਵੇਂ ਪੁਲੀਸ ਦੀ ਚਉਕੀ ਆਦਿ ਹੁੰਦੀ ਹੈ।



Sri Satguru Jagjit Singh Ji eLibrary NamdhariElibrary@gmail.com

# 59 ਨਿਸ਼ਾਨ ਸਾਹਿਬ

## *ਨਿਸ਼ਾਨ ਸਾਹਿਬ ਕਿਵੇਂ ਬਣਿਆ ?*

ਨੇਜ਼ੇ ਜਾਂ ਖੰਡੇ ਹੇਠਾਂ, ਕੇਸਰੀ ਰੰਗ ਦੀ ਰੇਸ਼ਮੀ ਜਾਂ ਖੱਦਰ ਦੇ ਫ਼ਰਲੇ ਨੂੰ ਤਿਕੋਣ ਦੀ ਸ਼ਕਲ ਨੂੰ ਨਿਸ਼ਾਨ ਸਾਹਿਬ ਕਹਿੰਦੇ ਹਨ।

ਜੇ ਨਿਸ਼ਾਨ ਸਾਹਿਬ ਪਹਿਲੀ ਵਾਰ ਚੜ੍ਹਾਇਆ ਜਾਵੇ ਤਾਂ ਕਿਸੇ ਇਤਿਹਾਸਕ ਅਸਥਾਨ ਤੋਂ ਫ਼ਰਲਾ ਜ਼ਰੂਰ ਲੈ ਆਉਣਾ ਚਾਹੀਦਾ ਹੈ। ਫ਼ਰਲਾ ਲਿਆਉਣ ਦਾ ਭਾਵ ਇਹ ਹੈ ਕਿ ਸਦਾ ਝੁੱਲਦਾ ਰਹੇ।

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਸ ਤਰ੍ਹਾਂ ਦਾ ਕੇਸਰੀ ਨਿਸ਼ਾਨ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਸੱਚਖੰਡ ਤੇ ਝੂਲਦਾ ਡਿੱਠਾ ਸੀ ਅਤੇ ਉਥੋਂ ਹੀ ਪੰਥ ਲਈ ਆਂਦਾ :

'ਕੇਸਰੀ ਪਟ ਕੋ ਸੰਗ ਹਿਲੈ ਬਿਜਲੀ ਜੈਸੇ ਖ਼ਯਾਲ'॥ ੬੭॥

ਨਿਸ਼ਾਨ ਸਾਹਿਬ ਤਿਕੋਣਾ ਹੁੰਦਾ ਹੈ ਪਰ ਆਮੋ-ਸਾਮਹਣੇ ਦੇ ਦੋਵੇਂ ਕੋਣ ੪੫ ਡਿਗਰੀ ਤੇ ਜੋੜੇ ਜਾਂਦੇ ਹਨ।

ਵਿਚਕਾਰ ੧ੴ ਤੇ ਖੰਡਾ ਬਣਾਇਆ ਜਾਂਦਾ ਹੈ। ਭਾਈ ਨੰਦ ਲਾਲ ਜੀ ਨੇ ਜ਼ਿਕਰ ਕੀਤਾ ਹੈ ਕਿ ਕਲਗੀਧਰ ਦੇ ਕੇਸਰੀ ਨਿਸ਼ਾਨ ਸਾਹਿਬ ਤੇ ਵਾਹਿਗੁਰੂ ਜੀ ਕੀ ਫ਼ਤਿਹ ਉਕਰੀ ਹੁੰਦੀ ਸੀ।

ਮਹਾਰਾਜਾ ਰਣਜੀਤ ਸਿੰਘ ਵੇਲੇ ਇਸ ਨਿਸ਼ਾਨ ਸਾਹਿਬ ਤੇ 'ਅਕਾਲ ਸਹਾਇ' ਤੇ ਸ਼ਬਦ ਉਕਰੇ ਹੋਏ ਹੁੰਦੇ ਸਨ। ਸਾਰੀਆਂ ਮਿਸਲਾਂ ਵਿਚੋਂ ਇਕ ਮਿਸਲ ਹੀ 'ਨਿਸ਼ਾਨ ਵਾਲੀਆ' ਸੀ ਜਿਸ ਵਿਚ ਚੋਣਵੇਂ ਸੂਰਮੇ ਸ਼ਾਮਲ ਕੀਤੇ ਜਾਂਦੇ ਸਨ ਤੇ ਉਨ੍ਹਾਂ ਜ਼ਿੰਮੇ ਹਰ ਮਿਸਲ ਨੂੰ ਨਿਸ਼ਾਨ ਸਾਹਿਬ ਉਠਾਉਣ ਲਈ ਸਿੰਘ ਮੁਹੱਈਆ ਕੀਤੇ ਜਾਂਦੇ ਸਨ। ਨਿਸ਼ਾਨ ਸਾਹਿਬ ਨੂੰ ਸਿੰਘ ਕਿਤਨਾ ਸਤਿਕਾਰ ਵਿਚ ਰੱਖਦੇ ਸਨ, ਉਸਦੀ ਉਦਾਹਰਣ ਭਾਈ ਆਲਮ ਸਿੰਘ ਜੀ ਹਨ। ਭਾਈ ਆਲਮ ਸਿੰਘ ਜੀ ਮੁਗਲਾਂ ਦੇ ਹੱਥ ਆ ਗਏ ਤਾਂ ਫ਼ੌਜਦਾਰ ਨੇ ਕਿਹਾ : 'ਝੰਡਾ ਸੁੱਟ ਦੇਹ, ਨਹੀਂ ਤਾਂ ਤੇਰੇ ਹੱਥ ਕੱਟ ਦਿਆਂਗੇ।'

ਭਾਈ ਆਲਮ ਸਿੰਘ ਨੇ ਕਿਹਾ : 'ਹੱਥ ਕੱਟੇ ਜਾਣ ਦੀ ਸੂਰਤ ਵਿਚ ਪੈਰਾਂ ਨਾਲ ਪਕੜ ਲਵਾਂਗਾ।

'ਪੈਰ ਵੀ ਕੱਟ ਦਿਆਂਗੇ।'

'ਉਸ ਸਮੇਂ ਮੈਂ ਮੂੰਹ ਨਾਲ ਪਕੜ ਰੱਖਾਂਗਾ।'

ਫ਼ੌਜਦਾਰ ਨੇ ਕਿਹਾ, 'ਤੇਰਾ ਸਿਰ ਕੱਟ ਦਿਆਂਗੇ' ਫਿਰ ਕਿਵੇਂ ਕਰੇਂਗਾ ਇਸ ਨਿਸ਼ਾਨ ਸਾਹਿਬ ਦੀ ਰੱਖਿਆ', ਤਾਂ ਭਾਈ ਜੀ ਨੇ ਕਿਹਾ :

"ਫਿਰ ਉਹ ਹੀ ਰੱਖਿਆ ਕਰੇਗਾ
ਜਿਸ ਦਾ ਇਹ ਨਿਸ਼ਾਨ ਸਾਹਿਬ ਹੈ॥"



Sri Satguru Jagjit Singh Ji eLibrary NamdhariElibrary@gmail.com

# 60 ਨਗਾਰਾ

## ਨਗਾਰਾ ਵਜਾਉਣਾ ਕਿਉਂ ਲਾਜ਼ਮੀ ਹੈ ?

ਨਗਾਰਾ ਸੁਤੰਤਰ ਬਾਦਸ਼ਾਹਤ ਦਾ ਚਿੰਨ੍ਹ ਹੈ।

ਕਾਬਲ ਦੀ ਨਵਾਬੀ ਦੀ ਜ਼ਿੰਮੇਵਾਰੀ ਸੰਭਾਲਣ ਵੇਲੇ ਸ਼ਹਿਜ਼ਾਦਾ ਮੁਅੱਜ਼ਮ (ਪਿਛੋਂ ਬਹਾਦਰ ਸ਼ਾਹ) ਦੇ ਨਗਾਰਾ ਵਜਾਉਣ ਦੀ ਜਦ ਖ਼ਬਰ ਔਰੰਗਜ਼ੇਬ ਨੂੰ ਪੁੱਜੀ ਸੀ ਤਾਂ ਉਸਨੇ ਤਾੜਨਾ ਕਰਦੇ ਸ਼ਹਿਜ਼ਾਦੇ ਨੂੰ ਲਿਖਿਆ ਸੀ ਕਿ : 'ਅਲਾਹ ਜਦ ਤੈਨੂੰ ਤਖ਼ਤਨਸ਼ੀਨ ਕਰੇਗਾ ਤਾਂ ਬੇਸ਼ੱਕ ਨਗਾਰਾ ਵਜਾਈਂ। ਇਸ ਸਮੇਂ ਤੈਨੂੰ ਚਾਰ ਢੋਲ ਹੀ ਵਜਾਉਣੇ ਚਾਹੀਦੇ ਹਨ।'

ਇਸੇ ਔਰੰਗਜ਼ੇਬ ਨੇ ਸਰਹਿੰਦ ਦੇ ਨਵਾਬ ਨੂੰ ਲਿਖਿਆ ਸੀ ਕਿ (ਸਾਹਿਬ ਗੁਰੂ) ਗੋਬਿੰਦ ਸਿੰਘ ਝਰੋਖੇ ਵਿਚ ਬੈਠ ਸੰਗਤਾਂ ਨੂੰ ਦਰਸ਼ਨ ਦੇਣ ਤੇ ਨਗਾਰਾ ਵਜਾਉਣ ਤੋਂ ਜੇ ਬਾਜ਼ ਨਾ ਆਏ ਤਾਂ ਫ਼ੌਜਕਸ਼ੀ ਕੀਤੀ ਜਾਏ।

ਨਗਾਰਾ ਵਜਾਉਣ ਦੀ ਮਰਯਾਦਾ ਗੁਰੂ ਹਰਗੋਬਿੰਦ ਜੀ ਵੇਲੇ ਆਰੰਭ ਹੋ ਗਈ ਸੀ। ਜਦ ਗੁਰੂ ਪਾਤਸ਼ਾਹ ਇਕ ਥਾਂ ਤੋਂ ਦੂਜੇ ਅਸਥਾਨ ਤੇ ਜਾਂਦੇ ਤਾਂ ਨਗਾਰਾ ਵੱਜਦਾ ਰਹਿੰਦਾ।

ਜਦ ਭਾਈ ਰੂਪਾ ਜੀ ਨੂੰ ਮੀਰੀ ਪੀਰੀ ਦੇ ਮਾਲਕ ਨੇ ਪ੍ਰਚਾਰ ਹਿਤ ਨਿਯੁਕਤ ਕੀਤਾ ਤਾਂ ਉਸ ਸਮੇਂ ਝੰਡਾ ਤੇ ਨਗਾਰਾ ਬਖ਼ਸ਼ਿਆ ਸੀ। ਭਾਵ ਇਹ ਸੀ ਕਿ ਸੁਤੰਤਰ ਹੋ ਕੇ ਪ੍ਰਚਾਰ ਕਰੋ।

ਹੁਣ ਵੀ ਜਦ ਅੰਮ੍ਰਿਤ ਵੇਲੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਪ੍ਰਕਾਸ਼ ਹੋਣ ਲਈ ਚਲਦੀ ਹੈ ਤਾਂ ਲਗਾਤਾਰ ਨਗਾਰਾ ਵੱਜਦਾ ਰਹਿੰਦਾ ਹੈ।

ਗੁਰੂ ਹਰਿ ਰਾਇ ਪਾਤਸ਼ਾਹ ਨੇ ਲੰਗਰ ਆਰੰਭ ਹੋਣ ਵੇਲੇ ਵੀ ਨਗਾਰਾ ਵਜਾਉਣ ਦਾ ਹੁਕਮ ਦੇ ਦਿੱਤਾ ਸੀ ਕਿ ਸਭ ਨੂੰ ਗਿਆਨ ਹੋ ਜਾਏ ਕਿ ਗੁਰੂ ਕਾ ਲੰਗਰ ਜਾਰੀ ਹੋ ਗਿਆ ਹੈ।

ਗੁਰੂ ਹਰਿ ਕ੍ਰਿਸ਼ਨ ਜੀ ਦੇ ਦਰਬਾਰ ਦੇ ਬਾਹਰ ਨਗਾਰਾ ਹੁੰਦਾ ਵੀ ਸੀ ਤੇ ਵੱਜਦਾ ਵੀ ਸੀ।

ਗਵਾਹੀ ਹੈ :

ਨੌਬਤ ਬਾਜਿਤ ਦਵਾਰ ਅਗਾਰੀ॥

ਅਨੰਦਪੁਰ ਸਾਹਿਬ ਤਾਂ ਰਣਜੀਤ ਨਗਾਰੇ ਦੀਆਂ ਗੂੰਜਾਂ ਨਾਲ ਸ਼ਿਵਾਲਕ ਦੀਆਂ



Sri Satguru Jagjit Singh Ji eLibrary NamdhariElibrary@gmail.com

ਪਹਾੜੀਆਂ ਜਦ ਗੂੰਜਦੀਆਂ ਸਨ ਤਾਂ ਸਿੱਖਾਂ ਦੇ ਹਿਰਦੇ ਉਤਸ਼ਾਹ ਨਾਲ ਭਰੇ ਜਾਂਦੇ ਸਨ ਤੇ ਪਹਾੜੀਆਂ ਦੇ ਦਿਲ ਦਹਿਲਦੇ ਸਨ। ਇਹ ਰਣਜੀਤ ਨਗਾਰਾ ਸੰਨ ੧੬੮੪ ਨੂੰ ਅਨੰਦਪੁਰ ਸਾਹਿਬ ਤਿਆਰ ਹੋਇਆ ਸੀ।

ਮਹਾਰਾਜਾ ਰਣਜੀਤ ਸਿੰਘ ਤਾਂ ਕਿਹਾ ਹੀ ਇਹ ਕਰਦਾ ਸੀ ਕਿ ਮੈਨੂੰ ਰਣਜੀਤ ਸਿੰਘ ਨਾ ਕਿਹਾ ਕਰੋ, ਮੈਂ ਤਾਂ ਰਣਜੀਤ ਨਗਾਰਾ ਹਾਂ ਜੋ ਕਲਗੀਧਰ ਦਾ ਪੈਗ਼ਾਮ ਉੱਚੀ-ਉੱਚੀ ਲੋਕਾਂ ਤੱਕ ਪਹੁੰਚਾ ਰਿਹਾ ਹਾਂ।

ਗੁਰਦੁਆਰਾ ਸਾਹਿਬ ਵਿਚ ਨਗਾਰਾ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਸਵੇਰੇ ਪ੍ਰਕਾਸ਼ ਵੇਲੇ ਜ਼ਰੂਰ ਵਜਾਉਣਾ ਚਾਹੀਦਾ ਹੈ ਤਾਂ ਕਿ ਸਭ ਨੂੰ ਗਿਆਨ ਹੋ ਜਾਏ ਕਿ ਇਹ ਸੱਚੇ ਪਾਤਸ਼ਾਹ ਦਾ ਦਰਬਾਰ ਹੈ।

Sri Satguru Jagjit Singh Ji eLibrary NamdhariElibrary@gmail.com

## ਕੜਾਹ ਪ੍ਰਸ਼ਾਦਿ ਬਣਾਉਣ ਤੇ ਵਰਤਾਉਣ ਦੀ ਕੀ ਵਿਧੀ ਹੈ?

ਗੁਰੂ ਨਾਨਕ ਦੇਵ ਜੀ ਨੇ ਦੀਵਾਨ ਦੀ ਸਮਾਪਤੀ ਮਗਰੋਂ ਕੜਾਹ ਪ੍ਰਸ਼ਾਦਿ ਵਰਤਾਉਣ ਦੀ ਮਰਯਾਦਾ ਬਣਾ ਦਿੱਤੀ ਸੀ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਹੀ ਦੇਣ ਹੈ। ਗੁਰੂ ਅਰਜਨ ਦੇਵ ਜੀ ਨੇ ਤਾਂ ਇਕ ਵਾਰੀ ਹੁਕਮ ਕੀਤਾ ਸੀ ਕਿ ਜਦ ਮ੍ਰਿਤਕ ਦੇਹ ਦਾ ਸਸਕਾਰ ਕਰ ਕੇ ਮੁੜੋ ਤਾਂ 'ਕੜਾਹ ਪ੍ਰਸ਼ਾਦਿ ਵਰਤਾਇ ਦੇਣਾ।' ਇਸ ਦਾ ਬਹੁਤ ਹੀ ਡੂੰਘੇਰਾ ਭਾਵ ਸੀ। ਸਿੱਖ ਭਾਣੇ ਨੂੰ ਮਿੱਠਾ ਕਰ ਮੰਨਦਾ ਹੈ।

ਕਲਗੀਧਰ ਦੀ ਤਾਂ ਆਗਿਆ ਇਥੋਂ ਤੱਕ ਸੀ ਕਿ ਜੇ ਕਦੇ ਕੋਈ ਆਪਣਾ ਕਾਰਜ ਅੜਿਆ ਦੇਖੋ ਤਾਂ ਕੜਾਹ ਪ੍ਰਸ਼ਾਦਿ ਕਰਕੇ ਅਰਦਾਸ ਕਰਨੀ, ਸਾਰੇ ਮਨੋਰਥ ਪੂਰੇ ਹੋਣਗੇ। ਕੋਈ ਸੁੱਖਣਾ ਜਾਂ ਕਿਸੇ ਮਨੁੱਖੀ ਦੁਆਰੇ ਜਾਣ ਦੀ ਲੋੜ ਨਹੀਂ :

> ਕਰਹੁ ਤਿਹਾਵਲ ਅਰਜਿ ਜੋ ਕਾਜਾ॥
> ਕਰ ਅਰਦਾਸ ਧਰਹੁ ਮਮ ਧਿਆਨਾ,
> ਹੋਹਿ ਮਨੋਰਥ ਪੂਰ ਮਹਾਨਾ॥

ਕੜਾਹ ਪ੍ਰਸ਼ਾਦਿ ਬਣਾਉਣ ਦੀ ਵਿਧੀ ਇਸ ਪ੍ਰਕਾਰ ਹੈ :

ਸਾਫ਼-ਸੁੱਥਰੇ ਭਾਂਡੇ ਵਿਚ, ਸਾਫ਼ ਹੱਥਾਂ ਨਾਲ ਇਕੋ ਜਿਤਨਾ ਆਟਾ, ਮਿੱਠਾ ਤੇ ਘਿਉ ਲੈ ਕੇ (ਘ੍ਰਿਤ ਮੈਦਾ ਲੇ ਖੰਡ ਸਮਾਨ) ਗੁਰਬਾਣੀ ਦਾ ਪਾਠ ਕਰਦੇ ਹੋਏ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਜਾਏ।

ਹੁਕਮ ਹੈ :

> ਵਾਹਿਗੁਰੂ ਬਿਨ ਅਵਰ ਨ ਕਹੈ॥

ਅਤੇ ਤਿਆਰ ਕਰਦਿਆਂ 'ਜਪੁ ਪਾਠ ਸੁਰਾਨੈ'॥ ਸੁੱਥਰੇ ਬਰਤਨ ਵਿਚ ਪਾ ਕੇ ਅਤੇ ਸਾਫ਼ ਕੱਪੜੇ ਨਾਲ ਢੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸਾਫ਼ ਚੌਕੀ ਤੇ ਰੱਖਿਆ ਜਾਏ।

ਸੰਗਤਿ ਨੂੰ ਉੱਚੀ ਆਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਅੰਤਲੀ ਇਕ ਪਉੜੀ ਦਾ ਪਾਠ ਕੀਤਾ ਜਾਵੇ। ਅਰਦਾਸ ਸੋਧਣ ਉਪ੍ਰੰਤ ਵਾਕ ਲੈ ਕੇ ਹੀ ਕ੍ਰਿਪਾਨ ਭੇਟ ਕੀਤਾ ਜਾਵੇ।

ਸੰਗਤਿ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਵਰਤਾਇਆ ਜਾਵੇ। ਉਪ੍ਰੰਤ ਸੰਗਤਿ ਵਿਚ ਵਰਤਾਉਣ ਲੱਗਿਆਂ ਪਹਿਲਾਂ ਤਾਂਬਿਆ ਬੈਠੇ ਸਿੰਘ ਨੂੰ ਕਟੋਰੀ ਜਾਂ ਕੌਲ ਵਿਚ ਪਾ ਕੇ ਦੇਵੋ। ਇਸ ਲਈ



Sri Satguru Jagjit Singh Ji eLibrary NamdhariElibrary@gmail.com

ਕਿ ਵਿਛੇ ਰੁਮਾਲਾਂ ਦੀ ਬੇਅਦਬੀ ਨਾ ਹੋਵੇ। ਤਾਬਿਆ ਬੈਠੇ ਸਿੰਘ ਨੂੰ ਫੇਰ ਦੋਹਰਾ ਗੱਫਾ ਦੇਣਾ ਅਯੋਗ ਵਿਤਕਰਾ ਹੈ ਅਤੇ ਉਚਿਤ ਨਹੀਂ। ਪ੍ਰਸ਼ਾਦਿ ਵਰਤਾਉਣ ਵੇਲੇ ਇਕੋ ਜਿਹਾ ਸਭ ਨੂੰ ਵਰਤਾਵੋ। ਕਲਗੀਧਰ ਜੀ ਦਾ ਹੁਕਮ ਹੈ :

ਜੋ ਪ੍ਰਸ਼ਾਦਿ ਕੋ ਬਾਂਟ ਹੈ,
ਮਨ ਮੇਂ ਧਾਰੇ ਲੋਭ॥
ਕਿਸੇ ਥੋੜਾ ਕਿਸੇ ਅਗਲਾ,
ਸਦਾ ਰਹੇ ਤਿਸ ਸੋਗ॥ ੯॥ (ਤਨਖ਼ਾਹਨਾਮਾ)

ਅਮਰਨਾਮਾ ਵਿਚ ਲਿਖਿਆ ਹੈ ਕਿ ਕਲਗੀਧਰ ਰਹਿਰਾਸ ਦੇ ਪਾਠ ਉਪ੍ਰੰਤ ਵੀ ਅਰਦਾਸ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਕਰਦੇ ਸਨ :

ਬ-ਔਕਾਤ ਅਰਦਾਸ ਸ਼ੀਰੀਂ ਤੁਆਮ॥
ਅਦਾ ਕਰਦ ਰਹਿਰਾਸ ਹੰਗਾਮਿ ਸ਼ਾਮ॥

❑❑

Sri Satguru Jagjit Singh Ji eLibrary NamdhariElibrary@gmail.com

62



## ਗੁਰੂ ਗ੍ਰੰਥ ਸਾਹਿਬ ਤੋਂ ਵਾਕ ਕਿਸ ਤਰ੍ਹਾਂ ਲੈਣਾ ਹੈ?

ਸਿੱਖ ਜਿੱਥੇ ਸੰਤ ਹੈ, ਉਥੇ ਸਿਪਾਹੀ ਵੀ ਹੈ। ਸਿਪਾਹੀ ਰੋਜ਼ ਪੰਗਤੀ (ਲਾਈਨ) ਵਿਚ ਖੜ੍ਹਾ ਹੋ ਕੇ ਅੱਜ ਦਾ ਹੁਕਮ (ਆਰਡਰ ਔਫ਼ ਦੀ ਡੇ) ਆਪਣੇ ਵੱਡੇ ਕੋਲੋਂ ਲੈਂਦਾ ਹੈ, ਤਿਵੇਂ ਸਿੱਖ ਰੋਜ਼ ਸੰਗਤਿ ਵਿਚ ਜਾ ਕੇ ਸੱਚੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਕੋਲੋਂ ਹੁਕਮ ਲੈਂਦਾ ਹੈ ਅਤੇ ਸਿਰ ਝੁਕਾ ਕੇ ਮਨੋਂ ਪ੍ਰਣ ਕਰਦਾ ਹੈ ਕਿ ਹੁਕਮ ਅਨੁਸਾਰ ਜੀਵਨ ਢਾਲੇਗਾ।

ਹੁਕਮ ਲੈਣ ਵੇਲੇ 'ਡੰਡਉਤ' ਦਾ ਕੋਈ ਸ਼ਬਦ ਸਲੋਕ ਪੜ੍ਹ ਕੇ ਆਦਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪਏ ਰੁਮਾਲ ਨੂੰ ਹਟਾਇਆ ਜਾਏ। ਚੰਗਾ ਤਾਂ ਇਹ ਹੀ ਹੈ ਕਿ ਇਹ ਸਲੋਕ :

ਖੰਭ ਵਿਕਾਂਦੜੇ ਜੇ ਲਹਾ ਘਿਨਾ ਸਾਵੀ ਤੋਲਿ॥
ਤੰਨਿ ਜੜਾਈ ਆਪਣੈ ਲਹਾ ਸੁ ਸਜਣੁ ਟੋਲਿ॥ ੨੧॥

ਅਤੇ

ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥
ਜਿਸ ਪਾਸ ਬਹਿਠਿਆ ਸੋਹੀਐ, ਸਭਨਾ ਦਾ ਵੇਸਾਹੁ॥ ੨੨॥

ਹੀ ਪੜ੍ਹੇ ਜਾਣ।

ਹੁਕਮ ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁਢ ਤੋਂ ਪੜ੍ਹਨਾ ਚਾਹੀਏ। ਜੇ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰਨਾ ਲੋੜੀਏ ਤੇ ਸਾਰਾ ਸ਼ਬਦ ਪੜ੍ਹਨਾ ਚਾਹੀਦਾ ਹੈ। ਜੇ 'ਵਾਰ' ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਅਤੇ ਪਉੜੀ ਪੜ੍ਹਨੀ ਚਾਹੀਏ। ਭਾਵੇਂ ਅਸ਼ਟਪਦੀ ਹੋਵੇ, ਭਾਵੇਂ ਛੰਤ ਜਾਂ ਸੋਹਿਲੇ ਜਿੱਥੇ ਸ਼ਬਦ ਦੇ ਅੰਤ ਵਿਚ 'ਨਾਨਕ' ਨਾਮ ਆ ਜਾਵੇ, ਉਸ ਤੁੱਕ ਤੇ ਭੋਗ ਪਾਇਆ ਜਾਏ।

ਕੋਈ ਵਾਕ ਕਰੜਾ ਜਾਂ ਸੋਹਣਾ ਨਹੀਂ। ਸਭ ਹੁਕਮ ਹੈ।

ਵਾਕ ਹੁੰਦਾ ਹੋਵੇ ਤਾਂ ਨਾਲ-ਨਾਲ ਨਹੀਂ ਬੋਲਣਾ, ਭਾਵੇਂ ਸ਼ਬਦ ਕਿਸੇ ਨੂੰ ਜ਼ਬਾਨੀ ਯਾਦ ਹੋਵੇ। ਹੋਰ ਚੰਗਾ ਹੈ ਕਿ ਜੇ 'ਵਾਕ' ਦਾ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਤੇ ਪਹਿਲੀ ਤੁੱਕ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਹੁਕਮ ਲੈਣ ਵਾਂਙ ਸਾਰਾ ਸ਼ਬਦ ਪੜ੍ਹਨ ਉਪ੍ਰੰਤ ਉੱਚੀ ਦੱਸ ਦਿੱਤਾ ਜਾਏ।

ਦੋਵਾਂ ਪਾਸਿਆਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਲੈ ਕੇ ਫਿਰ ਨਿਖੇੜ ਕੇ ਵਾਕ ਲੈਣਾ ਉਚਿਤ ਨਹੀਂ। ਇਹ 'ਫ਼ਾਲ' ਪਾਉਣੀ ਹੈ, ਜੋ ਇਸਲਾਮੀ ਧਾਰਨਾ ਹੈ।



Sri Satguru Jagjit Singh Ji eLibrary NamdhariElibrary@gmail.com

## 63

## ਸੰਪਰਦਾਵਾਂ

### *ਨਿਰਮਲਾ, ਉਦਾਸੀ, ਸਹਿਜਧਾਰੀ, ਨਾਨਕ ਪੰਥੀ, ਸੇਵਾ ਪੰਥੀ, ਨਿਹੰਗ, ਅਕਾਲੀ, ਬੁੱਢਾ ਦਲ, ਤਰੁਣਾ ਦਲ ਬਾਰੇ ਤੁਸੀਂ ਕੀ ਜਾਣਦੇ ਹੋ?*

*ਨਿਰਮਲੇ* : ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲੇ ਆਪੂੰ ਸਾਜੇ ਸਨ। ਬੌਧਿਕ ਅਗਵਾਈ ਲਈ ਕੁਝ ਚੋਣਵੇਂ ਵਿਦਵਾਨ ਸਿੱਖਾਂ ਨੂੰ ਉੱਚ ਵਿਦਿਆ ਪ੍ਰਾਪਤ ਕਰਨ ਲਈ ਕਾਂਸ਼ੀ ਭੇਜਿਆ ਸੀ। ਜਦ ਉਹ ਵਿਦਿਆ ਪ੍ਰਾਪਤ ਕਰਕੇ ਮੁੜੇ ਤਾਂ 'ਨਿਰਮਲ ਪੰਥ' ਦਾ ਨਾਮ ਦਿੱਤਾ ਗਿਆ। ਗਵਾਹੀ ਹੈ ਕਿ ਪੰਥ ਦੀ ਸਾਜਨਾ ਕੀਤੀ ਸੀ ਕਿ ਦੁਸ਼ਟਾਂ ਦਾ ਪਰਹਾਰ ਹੋਵੇ ਤਾਂ ਨਿਰਮਲੇ ਬਣਾਏ ਸਨ ਕਿ ਸਿੱਖੀ ਦਾ ਸ਼ੁਧ ਪ੍ਰਚਾਰ ਹੋਵੇ। ਮੋਖ ਪੰਥ ਪ੍ਰਕਾਸ਼ ਕ੍ਰਿਤ ਸੰਤ ਗੁਲਾਬ ਸਿੰਘ ਵਿਚ ਐਸਾ ਲਿਖਿਆ ਹੈ :

"ਸ੍ਰੀ ਗੁਰੂ ਗੋਬਿੰਦ ਸਿੰਘ, ਹੈ ਪੂਰਨ ਹਰਿ ਅਵਤਾਰ।
ਰਚਯੋ ਪੰਥ ਭਵ ਮੇਂ, ਪ੍ਰਗਟ ਦੋ ਵਿਧਿ ਕੋ ਵਿਸਤਾਰ।
ਏਕਨ ਕੋ ਕਰ ਖੜਗ ਦੇਹ, ਭੁਜ ਬਲ ਬਹੁ ਵਿਸਥਾਰ।
ਪਤਨ ਭੂਮਿ ਕਾ ਕਰਿਯੋ, ਦੁਸ਼ਟਨ ਮੂਲ ਉਖਾੜ।
ਔਰਨ ਕੋ ਪਿਖ਼ ਵਿਮਲ ਮਤਿ, ਦੀਨੋ ਪਰਮ ਵਿਵੇਕ।
ਨਿਰਮਲ ਭਾਖਤ ਜਗਤ ਤਿਨ, ਹੇਰੇਂ ਬ੍ਰਹਮ ਸੁ ਏਕ।"

ਇਹ ਸਾਰੇ ਅੰਮ੍ਰਿਤ-ਧਾਰੀ ਹੁੰਦੇ ਸਨ :

'ਪਾਂਚੋਂ ਸਿੰਘ ਕੋ ਖੰਡੇ ਪਾਹੁਲ ਦੀਨ।।
ਪੰਚ ਕੋਸ਼ ਉਨ ਗਯਾਨ ਤੇ ਨਿਰਮਲ ਪੰਥ ਸੁ ਕੀਨ।।'

(ਸੂਰਜ ਪ੍ਰਕਾਸ਼, ਰੁਤ ੧, ਅੰਸ ੨੯)

ਇਨ੍ਹਾਂ ਨਿਰਮਲਿਆਂ ਨੇ ਕੋਈ ਆਪਣੇ ਸਿੱਖ ਨਹੀਂ ਬਣਾਏ। ਇਹ ਤਾਂ ਗੁਰੂ ਜੀ ਦੀ ਦੱਸੀਂ ਗੁਰ-ਰੀਤ ਤੇ ਟੁਰਨ ਲਈ ਪੱਕਾ ਕਰਦੇ। ਗਵਾਹੀ ਹੈ :

ਲਖਹਿ ਯਥਾਰਥ ਨੀਕ ਸ੍ਰੀ ਗੁਰੂ ਗ੍ਰੰਥ ਰਹਸ ਕੋ।
ਛੋਰ ਪ੍ਰਪੰਚ ਅਲੀਕ ਇੰਦ੍ਰ ਜਾਲ ਸਮ ਸਮਝ ਕਰ।

ਸਿੱਖਾਂ ਦੀਆਂ ਸ਼ਹੀਦੀਆਂ ਤੇ ਕਾਰਨਾਮੇ ਸਭਨਾਂ ਨੂੰ ਜਾ ਸੁਣਾਂਦੇ। ਜੇ ਇਹ ਸ਼ਾਦੀ ਨਹੀਂ ਸਨ ਕਰਦੇ ਤਾਂ ਪ੍ਰਚਾਰ ਦੀ ਸਹੂਲਤ ਲਈ ਐਸਾ ਨਹੀਂ ਸਨ ਕਰਦੇ ਅਤੇ ਜੇ ਲੰਮਾ ਚਿੱਟਾ ਚੋਲਾ ਰੱਖਦੇ ਹਨ ਤਾਂ ਸਿਰਫ਼ ਇਸੇ ਤਰ੍ਹਾਂ ਜਿਵੇਂ ਕੋਈ ਵਕੀਲ ਕਾਲਾ ਕੋਟ ਪਹਿਨ ਲੈਂਦਾ ਹੈ। ਸੰਪ੍ਰਦਾਇ ਹੋਣ ਕਾਰਨ ਜੇ ਕੁਝ ਉਹਨਾਂ ਆਪਣੇ ਨੇਮ ਬਣਾ ਰੱਖੇ ਹਨ ਤਾਂ ਉਹ ਪੰਥ ਤੋਂ ਨਹੀਂ ਟੁੱਟ ਜਾਂਦੇ। ਹੁਣ ਵੀ ਕਈ ਜਥੇ ਸਰਬ-ਲੋਹ ਤੋਂ ਬਿਨਾਂ ਪ੍ਰਸ਼ਾਦਿ ਨਹੀਂ ਛੱਕਦੇ ਤੇ ਇਸਤਰੀਆਂ ਲਈ ਮਰਦਾਂ ਵਾਂਗ ਦਸਤਾਰਾਂ



Sri Satguru Jagjit Singh Ji eLibrary NamdhariElibrary@gmail.com

ਸਜਾਉਣਾ ਲਾਜ਼ਮੀ ਗਿਣਦੇ ਹਨ। ਇਨ੍ਹਾਂ ਉਪਰਲੇ ਭੇਦਾਂ ਨਾਲ ਮੱਤ ਨਹੀਂ ਅਲਹਿਦਾ ਹੋ ਜਾਂਦਾ। ਜਦ ਤੱਕ ਕੋਈ ਜਥਾ :

'ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ' ਦਾ ਪ੍ਰਚਾਰ ਕਰਦਾ ਹੈ, ਉਹ ਪੰਥ ਦਾ ਅਨਿੱਖੜਵਾਂ ਅੰਗ ਹੈ। ਜੋ ਪਹਿਲੇ ਪੰਜ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੇ ਉੱਚ ਵਿਦਿਆ ਪ੍ਰਾਪਤੀ ਲਈ ਕਾਂਸ਼ੀ ਭੇਜੇ, ਉਨ੍ਹਾਂ ਦੇ ਨਾਮ ਇਹ ਲਏ ਜਾਂਦੇ ਹਨ :

ਭਾਈ ਰਾਮ ਸਿੰਘ ਜੀ।

ਭਾਈ ਕਰਮ ਸਿੰਘ ਜੀ।

ਭਾਈ ਵੀਰ ਸਿੰਘ ਜੀ।

ਭਾਈ ਗੰਡਾ ਸਿੰਘ ਜੀ।

ਭਾਈ ਸੋਭਾ ਸਿੰਘ ਜੀ।

ਨਿਰਮਲ ਭੂਸ਼ਣ ਵਿਚ ਭਾਈ ਗਨੇਸ਼ਾ ਸਿੰਘ ਜੀ ਨੇ ਵੀ ਇਹ ਲਿਖਿਆ ਹੈ ਕਿ ਨਿਰਮਲੇ ਸਾਧੂ ਕਿਸੇ ਸੁੱਖ ਦੀ ਪ੍ਰਵਾਹ ਨਾ ਕਰਦੇ ਹੋਏ ਪਿੰਡਾਂ ਵਿਚ ਜਾਂਦੇ। ਬੱਚਿਆਂ ਨੂੰ ਗੁਰਮੁਖੀ ਪੜ੍ਹਾਂਦੇ। ਬਾਣੀ ਯਾਦ ਕਰਾਉਂਦੇ। ਨਿਰਮਲੇ ਸੇਵਾ ਕਰ ਹੀ ਪਿੰਡ ਵਿਚ ਪੂਜ ਬਣ ਜਾਂਦੇ ਤੇ ਅੰਮ੍ਰਿਤ ਛਕਾ ਸਿੰਘ ਸਜਾਉਂਦੇ।

ਪਹਿਲਾ ਨਿਰਮਲ ਅਖਾੜਾ ਬਾਬਾ ਦਰਗਾਹ ਸਿੰਘ ਨੇ ਕੈਥਲ ਵਿਖੇ ਸਤੰਬਰ ੧੭੧੦ ਨੂੰ ਕਾਇਮ ਕੀਤਾ ਸੀ। ਨਿਸ਼ਾਨ ਸਾਹਿਬ ਵੀ ਝੁਲਾਇਆ ਸੀ। ਪੰਜ ਨਿਰਮਲ ਅਖਾੜੇ ਇਹ ਸਨ :

ਹਰਿਦੁਆਰ, ਪਰਯਾਗ, ਉਜੈਨ, ਤ੍ਰਿਅੰਬਕ ਅਤੇ ਕੁਰੂਕਸ਼ੇਤ੍ਰ।

***ਉਦਾਸੀ***—ਇਹ ਵੀ ਪੰਥ ਦਾ ਅਟੁੱਟਵਾਂ ਅੰਗ ਹਨ। ਇਹ ਨਹੀਂ ਹੋ ਸਕਦਾ ਕਿ ਜਦ ਗੁਰੂ ਹਰਗੋਬਿੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਪ੍ਰਚਾਰ ਹਿਤ ਤਿਆਰ ਕੀਤਾ ਤਾਂ ਉਹਨਾਂ ਕੋਈ ਵੱਖਰੀ ਰਹੁ-ਰੀਤੀ ਦੱਸੀ ਹੋਵੇ। ਜੇ 'ਉਦਾਸੀ ਦੀ ਰੀਤ ਚਲਾਈ' ਤਾਂ ਸਿਰਫ਼ ਇਸ ਲਈ ਕਿ ਉਚੇਚਾ ਧਿਆਨ ਪ੍ਰਚਾਰ ਲਈ ਦਿੱਤਾ ਜਾ ਸਕੇ। ਬਾਬਾ ਸ੍ਰੀ ਚੰਦ ਜੀ ਕੁਝ ਸਮੇਂ ਲਈ ਜ਼ਰੂਰ ਵਿਟਰੇ ਰਹੇ ਪਰ ਪ੍ਰਚਾਰ ਉਹ ਬਾਣੀ, ਸ਼ਬਦ, ਨਾਮ ਤੇ ਇਖ਼ਲਾਕ ਦਾ ਹੀ ਕਰਦੇ ਸਨ। ਉਹਨਾਂ ਦਾ ਇਸ਼ਟ ਵੀ ਗੁਰੂ ਨਾਨਕ ਦੇਵ ਜੀ ਹੀ ਸੀ। ਫਿਰ ਗੁਰੂ ਰਾਮਦਾਸ ਜੀ ਦੀ ਨਿੰਮ੍ਰਤਾ ਤੇ ਗੁਰੂ ਅਰਜਨ ਦੇਵ ਜੀ ਦਾ ਸੇਵਕੀ ਭਾਵ ਤੇ ਗੁਰੂ ਹਰਿਗੋਬਿੰਦ ਜੀ ਦੀ ਸੂਰਮਤਾਈ ਦੇਖ ਆਪਣਾ ਤਪ, ਜਪੁ ਤੇ ਹੋਰ ਸਭ ਕੁਝ ਬਾਬਾ ਗੁਰਦਿੱਤਾ ਜੀ ਦੀ ਹੀ ਝੋਲੀ ਪਾ ਗਏ ਸਨ।

ਬਾਬਾ ਜੀ ਨੇ ਪ੍ਰਚਾਰ ਹਿੱਤ ਹੀ ਚਾਰ ਧੂੰਏਂ ਨੀਯਤ ਕੀਤੇ। ਇਨ੍ਹਾਂ ਚਾਰ ਧੂੰਇਆਂ ਦੇ ਮੁਖੀ ਕਸ਼ਮੀਰ ਦੇ ਚਾਰ ਮੁਖੀ ਸਿੱਖ : ਭਾਈ ਬਾਲੂ ਹਸਨਾ ਜੀ, ਭਾਈ ਫੂਲ ਜੀ, ਭਾਈ ਗੋਇੰਦਾ ਜੀ ਅਤੇ ਭਾਈ ਅਲਮਸਤ ਜੀ ਸਨ।

ਗੁਰੂ ਹਰਿ ਰਾਇ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਬਖ਼ਸ਼ਿਸ਼ਾਂ ਲੈ ਕੇ ਛੇ ਬਖਸ਼ਿਸ਼ਾਂ ਬਣੀਆਂ ਜਿਹਨਾਂ ਨੇ ਚਾਰ ਕੂੰਟਾਂ ਤੱਕ ਸਿੱਖੀ ਫੈਲਾਈ।

ਛੇ ਬਖ਼ਸ਼ਿਸ਼ਾਂ ਇਹ ਸਨ :

ਸੁਥਰੇ ਸ਼ਾਹੀ।

ਸੰਗਤ ਸਾਹਿਬੀਏ।

ਭਗਤ ਭਗਵਾਨੀਏ।

ਮੀਹਾਂ ਸ਼ਾਹੀਏ।

ਮੀਤ ਮਲੀਏ।

ਅਤੇ

ਬੱਖ਼ਤ ਮਲੀਏ।

ਉਦਾਸੀ ਮਜੀਠੀ ਚੋਲਾ ਪਹਿਨਦੇ ਸਨ, ਗਲ ਕਾਲੀ ਮੌਲੀ ਰੱਖਦੇ ਸਨ। ਕੋਈ ਵੀ ਉਦਾਸੀ ਕੇਸ ਦਾੜ੍ਹੀ ਨਹੀਂ ਸੀ ਮੁਨਾਉਂਦਾ। ਹੁਣ ਕਈ ਗੇਰੂਏਂ ਰੰਗੇ ਕੱਪੜੇ ਵੀ ਪਹਿਨਦੇ ਹਨ।

***ਸਹਿਜਧਾਰੀ***—ਜੋ ਹੌਲੇ ਹੌਲੇ ਸਿੱਖੀ ਧਾਰਨ ਕਰ ਰਿਹਾ ਹੈ।(ਗ੍ਰੈਜੂਅਲ ਐਡਾਪਟਰ) ਪਰ ਸਾਰੇ ਸੰਸਕਾਰ ਗੁਰਬਾਣੀ ਨਾਲ ਕਰਦਾ ਹੈ। ਕੁੱਠਾ ਨਹੀਂ ਖਾਂਦਾ, ਤਮਾਕੂ ਨਹੀਂ ਵਰਤਦਾ। ਆਪਣੇ ਬੱਚਿਆਂ ਨੂੰ ਸਿੱਖ ਸਜਾਂਦਾ ਹੈ।

ਜੇ ਕੇਸ ਰੱਖ ਕੇ ਫਿਰ ਕਤਲ ਕਰਾਂਦਾ ਹੈ, ਉਹ ਸਹਿਜਧਾਰੀ ਨਹੀਂ ਹੈ। ਉਹ ਪਤਿਤ (Fallen-One) ਹੈ। ਸਹਿਜਧਾਰੀ ਤਾਂ ਮੰਜ਼ਲ ਵੱਲ ਵੱਧ ਰਿਹਾ ਹੈ ਪਰ ਪਤਿਤ ਹੇਠਾਂ ਗਿਰ ਰਿਹਾ ਹੈ। ਕਲਗੀਧਰ ਦਾ ਹੁਕਮ ਵੀ ਹੈ :

ਜੋ ਸਹਿਜਧਾਰੀ, ਪੁੱਤਰ ਸਿੰਘ ਸਜਾਏ ਤਿਸਕੀ ਜੜ੍ਹ ਹਰੀ ਤੇ ਜੋ ਕੇਸ ਰੱਖ ਫਿਰ ਕਤਲ ਕਰਾਏ ਤੇ ਕੁਤਰੂ (Trimmed) ਪੁੱਤਰ ਰੱਖੇ ਉਸ ਦੀ ਜੜ੍ਹ ਮੁੱਢੋਂ ਪੁੱਟੀ।

***ਨਿਹੰਗ***—ਜੋ ਨਿਰਭੈ ਹੋ ਵਿਚਰਦਾ ਹੈ, ਉਸ ਨੂੰ ਨਿਹੰਗ ਕਹਿੰਦੇ ਹਨ। ਆਸਾ ਰਾਗ ਵਿਚ ਗੁਰੂ ਅਰਜਨ ਜੀ ਨੇ ਨਿਹੰਗ ਨੂੰ ਇਸੇ ਭਾਵ ਵਿਚ ਲਿਆ ਹੈ :

ਨਿਰਭਉ ਹੋਇਓ,

ਭਇਆ ਨਿਹੰਗਾ ॥

ਪ੍ਰਾਚੀਨ ਪੰਥ ਪ੍ਰਕਾਸ਼ ਨੇ ਨਿਹੰਗ ਦੇ ਲੱਛਣ ਦੱਸਦੇ ਲਿਖਿਆ ਸੀ :

'ਨਿਹੰਗ ਕਹਾਵੈ ਸੋ ਪੁਰਖ, ਦੁਖ ਸੁਖ ਮੰਨੇ ਨ ਅੰਗ॥'

ਅਤੇ

ਮੁੱਲਾਂ ਬ੍ਹਮਣ ਨਾ ਬੁੱਝੈ, ਬੁਝੈ ਫਰਕ ਨਿਹੰਗ।

ਸੋ ਪੰਥ ਵਿਚ ਉਸ ਜਥੇ ਨੂੰ ਨਿਹੰਗ ਕਹਿੰਦੇ ਹਨ ਜੋ ਮਰਨ ਦੀ ਸ਼ੰਕਾ ਤਿਆਗ ਕੇ ਹਰ ਵੇਲੇ ਸ਼ਹੀਦੀ ਪਾਉਣ ਲਈ ਤਿਆਰ ਹੈ। ਨਿਹੰਗ ਸਿੰਘ ਮਾਇਆ ਤੋਂ ਨਿਰਲੇਪ ਹੁੰਦੇ ਹਨ। ਬਾਣਾ ਨੀਲਾ ਅਤੇ ਦਸਤਾਰ ਇਕ ਹੱਥ ਉਚੀ ਤੇ ਉਤੇ ਦੁਮਾਲਾ ਰੱਖਦੇ ਹਨ। ਚੱਕਰ, ਤੋੜਾ, ਖੰਡਾ, ਕ੍ਰਿਪਾਨ, ਗਜਗਾਹ (ਸ਼ਸਤਰ, ਜਿਸ ਦੇ ਉਪਰ ਖੰਡਾ ਤੇ ਵਿਚਕਾਰ ਸਰਬ-ਲੌਹ ਦੇ ਅਰਧ ਚੱਕਰ) ਤੇ ਹੋਰ ਹਥਿਆਰ ਹਰ ਵੇਲੇ ਪਾਸ ਰੱਖਦੇ ਹਨ।

Sri Satguru Jagjit Singh Ji eLibrary NamdhariElibrary@gmail.com

ਇਹ ਜਥਾ ਵੀ ਕਲਗੀਧਰ ਦੇ ਹੁਕਮ ਨਾਲ ਹੀ ਬਣਿਆ ਸੀ। ਰਿਵਾਇਤ ਹੈ ਕਿ ਇਕ ਦਿਨ ਤਿੰਨ ਸਾਹਿਬਜ਼ਾਦੇ ਅਨੰਦਪੁਰ ਸਾਹਿਬ ਜੰਗੀ ਕਰਤੱਬ ਕਰਦੇ ਸਨ ਕਿ ਸਭ ਤੋਂ ਛੋਟੇ ਬਾਬਾ ਫ਼ਤਹਿ ਸਿੰਘ ਜੀ ਨੇ ਵੀ ਨਾਲ ਖੇਡਣਾ ਚਾਹਿਆ ਤਾਂ ਬਾਕੀ ਭਰਾਵਾਂ ਨੇ ਕਿਹਾ : 'ਅਜੇ ਤੂੰ ਛੋਟਾ ਹੈਂ।'

ਐਸੀ ਚੋਟ ਲੱਗੀ ਸਾਹਿਬਜ਼ਾਦੇ ਨੂੰ ਕਿ ਮਹਿਲਾਂ ਵਿਚ ਜਾ ਕੇ ਇਕ ਹੱਥ ਉੱਚੀ ਦਸਤਾਰ ਸਜਾਈ। ਨੀਲਾ ਬਾਣਾ ਧਾਰਿਆ। ਚਕ੍ਰ ਲਗਾਏ। ਨਿੱਕਾ ਖੰਡਾ ਸਜਾਇਆ। ਦਸਤਾਰ ਦੇ ਉੱਤੇ ਦੁਮਾਲਾ ਫਹਿਰਾਇਆ ਅਤੇ ਹੱਥ ਭਾਲਾ ਤੇ ਗਲ ਕ੍ਰਿਪਾਨ ਪਹਿਨ. ਉਥੇ ਜਿੱਥੇ ਭਰਾ ਖੇਡਦੇ ਪਏ ਸਨ, ਆ ਕਹਿਣ ਲੱਗੇ : ਹੁਣ ਤਾਂ ਮੈਂ ਛੋਟਾ ਨਹੀਂ ਲੱਗਦਾ।

ਇਤਨਾ ਪਿਆਰਾ ਰੂਪ ਲੱਗਾ ਕਲਗੀਆਂ ਵਾਲੇ ਨੂੰ ਕਿ ਉਨ੍ਹਾਂ ਫ਼ਰਮਾਇਆ : ਇਸ ਬਾਣੇ ਦਾ ਇਕ ਨਿਹੰਗ ਪੰਥ ਚੱਲੇਗਾ। ਇਸੇ ਲਈ ਨਿਹੰਗ ਸਿੰਘਾਂ ਨੂੰ ਅੱਜ ਤੱਕ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਡਲੀਆਂ ਫ਼ੌਜਾਂ ਕਹਿੰਦੇ ਹਨ।

ਭਾਈ ਮਾਨ ਸਿੰਘ ਜੀ ਜੋ ਕਲਗੀਧਰ ਨਾਲ ਹੀ ਅਨੰਦਪੁਰ ਤੋਂ ਨੰਦੇੜ ਸਾਹਿਬ ਰਹੇ, ਦਾ ਸਿਦਕ ਦੇਖ ਉਸਦੇ ਬਾਣੇ ਦੀ ਤਾਰੀਫ਼ ਕੀਤੀ ਸੀ ਕਿ ਤੇਰੇ ਜਿਹੇ ਨਿਰਮਲ, ਨਿਰਭਉ ਤੇ ਨਿਸੰਗ ਸੁਭਾਅ ਵਾਲੇ ਸਿੰਘਾਂ ਦਾ ਨਿਹੰਗ ਪੰਥ ਚੱਲੇਗਾ।

> "ਤੁਝ ਸਮ ਭੇਖ, ਸੁਭਾਉ ਬਸਾਲੀ॥
> ਨਾਮ ਨਿਹੰਗ ਅਨੇਕ ਅਕਾਲੀ॥"

ਕਲਗੀਗਰ ਨੇ ਇਹ ਵੀ ਫ਼ਰਮਾਯਾ ਸੀ ਕਿ ਨਿਹੰਗ ਦਿਲ ਦੇ ਉਦਾਰ, ਤਲਵਾਰ ਦੇ ਧਨੀ ਹੋਣਗੇ, ਜਦ ਉਨ੍ਹਾਂ ਦੀ ਤਲਵਾਰ ਚੱਲੇਗੀ ਤਾਂ ਚਿੰਗਾੜੇ ਇਸ ਤਰ੍ਹਾਂ ਨਿਕਲਣਗੇ ਜਿਵੇਂ ਆਤਸ਼ਬਾਜ਼ੀ ਚੱਲ ਰਹੀ ਹੋਵੇ। ਜੰਗ ਵਿਚ ਜੂਝਣਗੇ ਤਾਂ ਇੰਝ ਪ੍ਰਤੀਤ ਹੋਵੇਗਾ ਕਿ ਕੋਈ ਮਗਰਮੱਛ ਸਮੁੰਦਰ ਵਿਚੋਂ ਬਾਹਰ ਨਿਕਲ ਰਹਿਆ ਹੈ :

> ਜਨਕ ਲਹਰ ਦਰਯਾਵਤੇ
> ਨਿਕਸਿਓ ਬਡੋ ਨਿਹੰਗ।
> ਧਰਮ ਕੇ ਸੁ ਧੌਲ ਧਾਮ, ਧੀਰਤਾ ਕੇ ਧਰਾਧਰ,
> ਧਾਰਾ ਧਰ ਮੋਦ ਸ਼ੌ ਵਿਨੋਦ ਬਰਸਤ ਹੈ।

ਅਤੇ ਆਚਰਣ ਦੀ ਮੂਰਤ ਹੁੰਦੇ ਸਨ ਇਹ ਨਿਹੰਗ ਸਿੰਘ :

> 'ਬੂਹਾ ਖੋਲ੍ਹ ਦੇ ਨਿਸੰਗ,
> ਆਏ ਨੀ ਨਿਹੰਗ॥'

ਉਸ ਵੇਲੇ ਦਾ ਹੀ ਆਖਾਣ ਹੈ।

ਇਤਨੀ ਅਲਬੇਲੀ ਤੇ ਦਲੇਰਾਨਾ ਜ਼ਿੰਦਗੀ ਹੁੰਦੀ ਸੀ ਇਨ੍ਹਾਂ ਦੀ ਕਿ ਘਰ ਵਾਲਿਆਂ ਨੂੰ ਵੀ ਪਤਾ ਨਹੀਂ ਸੀ ਹੁੰਦਾ ਕਿ ਕਿਥੋਂ ਆਏ ਹਨ ਤੇ ਕਿਥੇ ਜਾਣਾ ਹੈ। ਇਹ ਜੂਝਦੇ, ਚੜ੍ਹਦੇ ਤੇ ਤੁਰਦੇ 'ਅਕਾਲ, ਅਕਾਲ' ਬੋਲੀ ਜਾਂਦੇ ਸਨ, ਇਸ ਲਈ ਨਾਮ ਵੀ ਅਕਾਲੀ ਪਿਆ। ਇਹਨਾਂ ਦੇ ਬੋਲ ਵੀ ਚੜ੍ਹਦੀ ਕਲਾ ਦੇ ਹੁੰਦੇ ਸਨ, ਜਿਵੇਂ

Sri Satguru Jagjit Singh Ji eLibrary NamdhariElibrary@gmail.com

ਮਰਨ ਨੂੰ ਚੜ੍ਹਾਈ ਕਰ ਜਾਣਾ। ਬੀਮਾਰੀ ਨੂੰ ਧਰਮ ਰਾਜ ਜੀ ਦੀ ਧੀ ਸੇਵਾ ਕਰ ਰਹੀ ਹੈ ਆਖਣਾ ਤੇ ਪੁੱਛਣ ਤੇ ਆਕੜ ਭੰਨਣੀ ਕਹਿਣਾ। ਕੁਕਰਮੀ ਨੂੰ ਸਜ਼ਾ ਮਿਲਣ ਤੇ ਸ਼ਹੀਦੀ ਮਾਰ ਕਹਿਣਾ। ਛੋਲਿਆਂ ਨੂੰ ਬਦਾਮ ਅਤੇ ਲੂਣ ਨੂੰ ਸਰਬ ਰਸ, ਥੋੜ੍ਹੀ ਨੂੰ ਸਵਾਇਆ ਅਤੇ ਕੁਝ ਨਾ ਹੋਣ ਨੂੰ ਮਸਤ। ਘਾਹ ਨੂੰ ਹਰਾ ਪਲਾ ਤੇ ਟੁਟੀ ਹੋਈ ਛੰਨ ਨੂੰ ਸ਼ੀਸ਼ ਮਹਿਲ। ਮੁਸੀਬਤ ਨੂੰ ਸੁਰਗ ਅਤੇ ਗੋਦੜੀ ਨੂੰ ਹਜ਼ਾਰ ਮੇਖੀ। ਮੋਟੇ ਅੰਨ ਨੂੰ ਗੁਰਮੁਖੀ ਪ੍ਰਸ਼ਾਦਾ ਅਤੇ ਰੁਪਿਆਂ ਨੂੰ ਛਿਲੜਾਂ। ਰਹਿਤ ਵਿਚ ਢਿੱਲੇ ਨੂੰ ਦਬੜੂ ਘੁਸੜੂ ਅਤੇ ਨੀਂਦ ਨੂੰ ਧਰਮ ਰਾਜ ਦੀ ਧੀ। ਇਕ ਨੂੰ ਸਵਾ ਲੱਖ ਅਤੇ ਆਪਣੇ ਆਪ ਨੂੰ ਫ਼ੌਜ।

***ਸੇਵਾ ਪੰਥੀ***—ਸੇਵਾ ਪੰਥੀ ਵੀ ਪੰਥ ਦਾ ਅਟੁੱਟਵਾਂ ਅੰਗ ਹਨ। ਇਨ੍ਹਾਂ ਬਖਸ਼ਸ਼ ਗੁਰੂ ਤੇਗ਼ ਬਹਾਦਰ ਜੀ ਕੋਲੋਂ ਲਈ ਅਤੇ ਇਸ ਬਖ਼ਸ਼ਿਸ਼ ਰੂਪੀ ਬੀਜ ਨੂੰ ਕ੍ਰਿਪਾ ਦਾ ਜਲ ਦਸਮੇਸ਼ ਪਿਤਾ ਨੇ ਪਾਇਆ।

ਅਕੁੰਰ ਭਾਈ ਕਨ੍ਹਈਆ ਜੀ ਫੁਟੇ ਤੇ ਇਸ ਡਾਲੀ ਤੇ ਭਾਈ ਸੇਵਾ ਰਾਮ ਝੂਲਦੇ ਰਹੇ। ਫਿਰ ਹੋਰ ਡਾਲੀਆਂ ਵੀ ਲੱਗੀਆਂ ਜਿਨ੍ਹਾਂ ਵਿਚ ਭਾਈ ਅੱਢਨ ਜੀ (ਅੱਢਨਸ਼ਾਹੀਏ), ਭਾਈ ਆਇਆ ਰਾਮ ਜੀ, ਭਾਈ ਭਲਾ ਰਾਮ ਜੀ, ਭਾਈ ਸੇਵਾ ਦਾਸ ਜੀ, ਭਾਈ ਦੁਖ ਭੰਜਨ ਆਦਿ ਹੋਰ ਅਨੇਕਾਂ ਹੋਏ। ਗਵਾਹੀ ਹੈ :

ਸ੍ਰੀ ਗੁਰੂ ਤੇਗ਼ ਬਹਾਦਰ ਕੀ ਬਖਸ਼ੀਸ਼ ਬੀਜ ਭਯੋ,
ਸ੍ਰੀ ਦਸਮੇਸ਼ ਕ੍ਰਿਪਾ ਜਲ ਪਹਿਚਾਣੀਐ।
ਅੰਕੁਰ ਕਨ੍ਹਯਾ ਲਾਲ, ਮੂਲ ਭਾਈ ਸੇਵਾ ਰਾਮ,
ਆਲਬਾਲ ਸੰਤ ਭਾਈ ਅੱਢਨ ਪ੍ਰਮਾਨੀਐ।
ਡਾਲਗੁਰੁ ਆਇਆ ਰਾਮ, ਭਾਈ ਭਲਾ ਰਾਮ ਆਦਿ,
ਭਾਈ ਦੁਖ ਭੰਜਨ, ਪਰਸ ਰਾਮ ਠਾਨੀਐ।
ਔਰ ਸਾਧ ਸੰਤ ਸਾਖ, ਫੂਲ ਫਲ ਪਤ ਆਦਿ,
ਸੁਜਸ ਬਖਾਨਯੋ, ਪੰਥ ਦੇਵਤਰ ਜਾਨੀਐ।

ਇਤਿਹਾਸ ਵਿਚ ਆਉਂਦਾ ਹੈ ਕਿ ਜਦ ਗੁਰੂ ਤੇਗ਼ ਬਹਾਦਰ ਜੀ ਨੇ ਭਾਈ ਕਨ੍ਹਈਆ ਜੀ ਵੱਲ ਦੇਖਿਆ ਤਾਂ ਉਸ ਸਮੇਂ ਭਾਈ ਜੀ ਤੇ ਵਿਸਮਾਦ ਤਾਰੀ ਹੋ ਗਿਆ, 'ਸਰੀਰ ਮਹਿ ਅਸਰੀਰ ਭਾਸ ਆਇਆ।।" ਇਹ ਸਾਖੀ ਵੀ ਮਿਲਦੀ ਹੈ ਕਿ ਗੁਰੂ ਤੇਗ਼ ਬਹਾਦਰ ਜੀ ਭਾਈ ਕਨ੍ਹਯਾ ਜੀ ਕੋਲੋਂ ਹੇਠੋਂ ਦੂਰੋਂ ਪਾਣੀ ਦੇ ਘੜੇ ਮੰਗਵਾਉਂਦੇ ਤੇ ਡੋਲ੍ਹਦੇ ਜਾਂਦੇ ਪਰ ਕੀ ਮਜਾਲ ਕਿ ਕਦੇ ਭਾਈ ਜੀ ਨੇ ਮੱਥੇ 'ਤੇ ਵੱਟ ਪਾਇਆ ਹੋਵੇ ਜਾਂ ਪਾਣੀ ਢੋਂਦੇ ਕਦੇ ਢਿਲ ਦਿਖਾਈ ਹੋਵੇ। ਗੁਰੂ ਜੀ ਤਾਂ ਤਿਆਰ ਪਏ ਕਰਦੇ ਸਨ, ਯੁੱਧਾਂ ਲਈ ਇਕ ਪ੍ਰਕਾਰ ਦਾ 'ਰੈੱਡ ਕਰਾਸ', ਜੋ ਬ਼ਗੈਰ ਵਿਤਕਰੇ ਸਭ ਦੀ ਦੇਖ-ਭਾਲ ਕਰਦਾ ਰਹੇ। ਗੁਰੂ ਜੀ ਦਾ ਪਾਣੀ ਲਗਾਤਾਰ ਗਿਰਾਉਣ ਤੇ ਸਿੱਟਣ ਦਾ ਭਾਵ ਸੀ ਕਿ ਜੇ ਭਾਈ ਜੀ ਨੇ ਅਜਾਈਂ ਪਾਣੀ ਗਿਰਦੇ ਦੇਖ ਚਿੰਤਾ ਉਪਜਾਈ ਤਾਂ ਮੱਥੇ ਵੱਟ ਪਾਇਆ ਤਾਂ ਇਹ ਜੰਗ ਵਿਚ ਦੁਸ਼ਮਣਾਂ ਨੂੰ ਜਲ ਛਕਾਉਣ ਜਾਂ ਸੰਭਾਲ ਕਰਨ ਵੇਲੇ ਤੱਤਪਰ ਕਿਵੇਂ ਰਹੇਗਾ। ਜਦ ਪ੍ਰਪੱਕ ਦੇਖਿਆ ਤਾਂ ਜਲ ਪਿਲਾਉਣ ਲਈ

Sri Satguru Jagjit Singh Ji eLibrary NamdhariElibrary@gmail.com

ਨਿਯਤ ਕਰ ਦਿੱਤਾ।

ਰਣਤੱਤੇ ਵਿਚ ਵੀ ਭਾਈ ਸੀਤਲ ਜਲ ਦੀ ਮਸ਼ਕ ਨਾਲ ਹਰ ਇਕ ਦੀ ਸੇਵਾ ਕਰਦੇ :

"ਜਿਮ ਸਿੰਘਨ ਕੋ ਜਾਏ ਪਿਲਾਵਤ।।
ਤਿਮ ਤੁਰਕਣ ਕੋ ਨਿਜ ਤ੍ਰਿਪਤਾਵਤ।।"

***ਬੁੱਢਾ ਦਲ ਤੇ ਤਰੁਣਾ ਦਲ***—ਇਹ ਦੋ ਜਥਿਆਂ ਦੇ ਨਾਮ ਹਨ, ਜੋ ਨਵਾਬ ਕਪੂਰ ਸਿੰਘ ਜੀ ਨੇ ਬਣਾਏ ਸਨ। ਬੁੱਢਾ ਦਲ ਅੰਮ੍ਰਿਤਸਰ ਟਿਕ ਕੇ ਦਰਬਾਰ ਸਾਹਿਬ ਦੀ ਰੱਖਿਆ ਕਰਦਾ ਤੇ ਰਣਨੀਤੀ ਤੈਅ ਕਰਕੇ ਤਰੁਣਾ ਦਲ (ਨੌਜੁਆਨਾਂ) ਨੂੰ ਜੂਝਣ ਦਾ ਮਾਰਗ ਦਰਸ਼ਨ ਕਰਦਾ। ਤਰੁਣਾ ਦਲ ਦੇ ਅੱਗੋਂ ਪੰਜ ਜਥੇ ਬਣਾਏ ਗਏ। ਇਹ ਦੋ ਜਥੇ ਸੰਨ ੧੭੩੪ ਨੂੰ ਬਣੇ ਸਨ।

***ਨਾਨਕ ਪੰਥੀ***—ਨਾਨਕ ਪੰਥੀ ਉਹ ਹਨ ਜੋ ਗੁਰੂ ਨਾਨਕ ਦੇ ਦੱਸੇ ਰਾਹ ਤੇ ਟੁਰਦੇ ਵਾਹਿਗੁਰੂ ਤੋਂ ਸਿਵਾ ਕਿਸੇ ਹੋਰ ਨੂੰ ਨਹੀਂ ਧਿਆਉਂਦੇ :

"ਨਾਨਕ ਪੰਥੀ ਜਿਨ ਕੋ ਨਾਮ,
ਵਾਹਿਗੁਰੂ ਜਪ ਰਹਿਤ ਅਕਾਮ।।

ਗੁਰੂ ਨਾਨਕ ਦੇਵ ਜੀ ਨੇ 'ਸਚ ਨਾਮ ਕਰਤਾਰ ਸੁ ਦ੍ਰਿੜ੍ਹੈ' ਅਤੇ ਉਸ ਨਾਮ ਨੂੰ ਇਕੱਠਾ ਕਰ ਵਰਤਾਇਆ ਸੀ :

"ਨਾਨਕਿ ਸੰਗ੍ਰਹਿਅਉ।।"

Sri Satguru Jagjit Singh Ji eLibrary NamdhariElibrary@gmail.com

# 64

# ਸਿੱਖ ਧਰਮ ਸੁਤੰਤਰ ਧਰਮ

## ਸਿੱਖ ਧਰਮ ਸੈ ਭੰਗ (Sovereign) ਆਪਣੇ ਆਪ ਕਿਵੇਂ ਹੈ ?

'ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ,
ਸੁ ਨਾਨਕ ਆਖ ਸੁਣਾਵੈ ।।' (ਆਸਾ ਮਹਲਾ ੫)

ਸੋ ਇਹ ਨਿਸ਼ਚਾ ਕਰ ਲੈਣਾ ਚਾਹੀਦਾ ਹੈ ਕਿ ਸਿੱਖ ਧਰਮ ਤੇ ਉਸ ਦੇ ਬਾਨੀ ਅਤੇ ਗੁਰੂ ਸਾਹਿਬਾਨ ਨੇ ਕਿਸੇ ਕੋਲੋਂ ਸਿਧਾਂਤਕ ਤੌਰ ਤੇ ਕੁਝ ਨਹੀਂ ਲਿਆ। ਜਦ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ :

'ਬਹੁ ਸਾਸਤ੍ਰ ਬਹੁ ਸਿਮ੍ਰਿਤੀ,
ਪੇਖੇ ਸਰਬ ਢਢੋਲਿ,

ਅਤੇ ਦਾਅਵੇ ਨਾਲ ਕਹਿੰਦੇ ਹਨ ਕਿ :

'ਪੂਜਸਿ ਨਾਹੀ ਹਰਿ ਹਰੇ,
ਨਾਨਕ ਨਾਮ ਅਮੋਲ'

ਤਾਂ ਇਕ ਨਿਆਰੇ, ਨਵੇਂ, ਨਿਵੇਕਲੇ ਅਤੇ ਸੁਤੰਤਰ ਧਰਮ ਦੀ ਨੀਂਹ ਰੱਖ ਰਹੇ ਸਨ, ਇਸੇ ਲਈ ਇਸ ਨੂੰ ਸੈਭੰਗ (ਆਪੇ ਆਪ, ਸੁਤੇ ਸਿੱਧ) ਕਿਹਾ ਗਿਆ ਹੈ।

ਪੁਸ਼ਕਰ ਤੀਰਥ ਤੇ ਪੰਡਤ ਚੇਤਨ ਦਾਸ ਨੇ ਕਲਗੀ ਵਾਲੇ ਤੋਂ ਪੁੱਛਿਆ ਕਿ ਇਹ ਕੇਸਾਧਾਰੀ ਮਰਯਾਦਾ ਵਿਚ ਬੱਧੇ ਹੋਏ ਕੌਣ ਹਨ ? ਇਨ੍ਹਾਂ ਦੇ ਪਹਿਰਾਵੇ ਤੋਂ ਨਾਂਹ ਇਹ ਤੁਰਕ ਤੇ ਨਾਂਹ ਹਿੰਦੂ ਲੱਗਦੇ ਹਨ :

'ਸੁਣ ਕਰ ਗੁਰੂ ਫ਼ਰਮਾਵਨ ਕੀਯਾ।
ਭਯੋ ਖ਼ਾਲਸਾ ਜਗ ਮੇ ਤੀਯਾ।
ਹਿੰਦੂ ਤੁਰਕ ਦੂਹੂਨ ਤੇ ਨਯਾਰੋ।
ਸ੍ਰੀ ਅਕਾਲ ਕੋ ਦਾਸ ਵਿਚਾਰੋ।"

ਸਿਵਾਇ ਅਕਾਲ ਦੇ ਕਿਸੇ ਨੂੰ ਮਾਲਕ ਨਹੀਂ ਗਿਣਦੇ।

'ਤੂੰ ਨਿਜਪਤਿ ਹੈ ਦਾਤਾ' ਕਹਿੰਦੇ ਹਨ।

ਹਿੰਦੂ ਤੇ ਬ੍ਰਾਹਮਣੀ ਮਤ ਦੀ ਹਰ ਥੰਮ੍ਹੀ ਨੂੰ ਗੁਰੂ ਪਾਤਸ਼ਾਹਾਂ ਨੇ ਉਖਾੜ ਗਿਰਾਇਆ ਸੀ।

***ਪਹਿਲੀ ਥੰਮੀ ਸੀ***—ਹਿੰਦੂ ਦਾਤਾਰ ਵਿਚ ਵਿਸਾਰ ਕੇ ਕੁਦਰਤ ਵਿਚ ਪ੍ਰਤੱਖ ਦਿੱਸਦੀਆਂ ਸ਼ਕਤੀਆਂ ਨੂੰ ਦੇਵੀ ਦੇਵਤੇ ਬਣਾ ਕੇ ਪੂਜਦਾ ਹੈ। ਸਿੱਖ ਧਰਮ ਦੀ ਆਵਾਜ਼ ਹੈ "ਮਾਇਆ ਮੋਹੇ ਦੇਵੀ ਸਭਿ ਦੇਵਾ।" (ਗਉੜੀ ਮਹਲਾ ੧)

***ਦੂਜੀ ਥੰਮ੍ਹੀ ਸੀ***—'ਵੇਦ'! ਮਹਾਰਾਜ ਨੇ ਵੇਦ ਨੂੰ 'ਵਾਪਾਰੀ' ਅਤੇ ਉਤਮ, ਮਧਮ, ਊਚ ਨੀਚ ਦੇ ਵਿਤਕਰੇ ਪਾਉਣ ਵਾਲਾ ਕਿਹਾ ਅਤੇ ਬਾਣੀ ਨੂੰ 'ਗਿਆਨ ਧਿਆਨ



Sri Satguru Jagjit Singh Ji eLibrary NamdhariElibrary@gmail.com

ਵਿਚ ਆਈ।।'

***ਤੀਜੀ ਥੰਮ੍ਹੀ***—ਜ਼ਾਤ-ਵਰਣ ਤੇ ਬ੍ਰਾਹਮਣ ਦੀ ਉੱਚਿਤਾ ਨੂੰ ਮੰਨਣਾ ਸੀ।ਮਹਾਰਾਜ ਨੇ ਪ੍ਰੋਹਿਤਵਾਦ ਦੀ ਥਾਂ ਹੀ ਸਿੱਖਾਂ ਵਿਚ ਨਾਂਹ ਰਹਿਣ ਦਿੱਤੀ। ਇਥੋਂ ਤੱਕ ਕਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਭੈੜਿਆਂ ਬ੍ਰਾਹਮਣਾਂ ਨੂੰ ਕੁਝ ਨਹੀਂ ਦੇਣਾ। ਬੰਦੀ-ਛੋੜ ਸਤਿਗੁਰੂ ਹੈ। ਸਿੱਖਾਂ 'ਤੇ ਉਸ ਦੀ ਕ੍ਰਿਪਾ ਹੈ :

ਬਦਾਂ ਰਾ ਮਦਰਿ, ਬਦ ਵਾ ਸਤਿਗੁਰੂ।।
ਬ ਸਿੱਖਾਂ ਇਨਾਇਤ ਬਿਆਫ਼ਜ਼ਾਦਿ ਊ।। ੧੦੪।। (ਅਮਰਨਾਮਾ)

ਕਲਗੀਧਰ ਜੀ ਨੇ ਵੀ ਇਹ ਹੁਕਮ ਦਿੱਤਾ ਸੀ ਕਿ ਜੋ ਬ੍ਰਾਹਮਣ ਕਹੇ, ਉਹ ਬਿਲਕੁਲ ਨਾਂਹ ਕਰੀਂ। ਉਹਨਾਂ ਦੀ ਸੰਗਤ ਨਾਲ ਪੱਲਾ ਦਾਗ਼ੀ ਨਾ ਕਰੀਂ :

ਤੁਰਾ ਹਰ ਚਿਹ ਗੋਯਦ ਬਰਾਹਮਨ ਮਕੁਨ।।
ਅਜ਼ੀਂ ਸੁਹਬਤੇ ਆਲੂਦਾ ਦਾਮਨ ਮਕੁਨ।। ੧੨੮।।

ਹੁਕਮ ਇਹ ਦੇ ਰੱਖਿਆ ਸੀ ਕਲਗੀਧਰ ਨੇ ਕਿ :

ਹਿੰਦੂ ਦੀ ਰਹੁ-ਰੀਤੀ ਤੇ ਤੁਰਨ ਦਾ ਖ਼ਿਆਲ ਤੱਕ ਨਾ ਲਿਆਓ। ਮੇਰੇ ਪੂਜਨੀਕ ਅਕਾਲ ਪੁਰਖ ਪਰ ਹੀ ਆਸ ਰੱਖੋ :

ਸਰੋ ਇਕਤਿਦਾਏ ਹਨੂਦਾਂ ਮਦਾਰ।।
ਜ਼ਿ ਮਾਬੂਦਿ ਮਨ ਬਾਸ਼ ਉੱਮੀਦਵਾਰ।। ੨੪।।

ਸਿੱਖਾਂ ਦੀਆਂ ਸੰਸਥਾਵਾਂ, ਰਹੁ-ਰੀਤੀਆਂ, ਧਾਰਮਿਕ ਅਕੀਦੇ, ਰਾਜਸੀ ਆਸ਼ੇ ਅਤੇ ਆਤਮਿਕ ਟੀਚੇ ਬਿਲਕੁਲ ਅਲਹਿਦਾ ਹਨ। ਕਿਧਰੇ ਨੇੜੇ-ਤੇੜੇ ਵੀ ਕਿਸੇ ਹੋਰ ਨਾਲ ਮੇਲ ਨਹੀਂ ਖਾਂਦੇ। ਸੰਸਥਾਵਾਂ, ਲੰਗਰ, ਪੰਗਤਿ, ਸੰਗਤਿ, ਗੁਰਦੁਆਰਾ, ਨਗਾਰਾ, ਨਿਸ਼ਾਨ ਸਾਹਿਬ, ਬੁੰਗੇ, ਚੌਕੀਆਂ, ਆਪਣੀਆਂ ਹਨ।

ਰਹੁ-ਰੀਤੀਆਂ, ਰਹਿਤ ਮਰਯਾਦਾ ਵਿਚ ਦਰਸਾਈਆਂ ਹਨ ਜਿਸ ਵਿਚ ਹਰ ਉਸ ਰੀਤ-ਰਿਵਾਜ ਤੋਂ ਦੂਰ ਰਹਿਣ ਲਈ ਕਿਹਾ ਹੈ ਜਿਸ ਵਿਚ ਭਰਮ, ਵਹਿਮ ਜਾਂ ਕਿਸੇ ਇਕ ਸ਼੍ਰੇਣੀ ਦੀ ਗੁਲਾਮੀ ਹੈ।

ਧਾਰਮਿਕ ਅਕੀਦੇ ਮੰਗਲਾਚਰਨ ਤੋਂ ਲੈ ਕੇ ਮਿਲਣ, ਵਿਛੜਨ, ਜਨਮ, ਵਿਆਹ, ਨਾਮ, ਚਿੰਨ੍ਹ, ਦਿਨ ਦਿਹਾੜੇ ਅਤੇ ਪ੍ਰਸ਼ਾਦਿ ਤੱਕ ਅਲੱਗ ਹਨ।

ਰਾਜਸੀ ਨਿਸ਼ਾਨੇ ਆਪਣੇ ਹਨ। ਜਦ ਸਿੱਖ ਰਾਜ ਅਸਥਾਪਣ ਕਰ ਲਿਆ ਤਾਂ ਪਹਿਲੀ ਚੋਟ ਜਾਗੀਰਦਾਰੀ ਸਿਲਸਿਲੇ ਤੇ ਮਾਰੀ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਨੰਦੇੜ ਸਾਹਿਬ ਵਿਖੇ ਸਿੱਖਾਂ ਨੇ ਇਥੋਂ ਤੱਕ ਕਹਿ ਦਿੱਤਾ ਸੀ ਕਿ :

"ਜੇ ਬੰਦਾ ਨਿਜ ਪਾਤਸ਼ਾਹੀ ਚਾਹੈ,
ਤਉ ਹਮ ਇਮ ਕੇ ਸਾਥ ਨ ਰਾਹੈ।"

'ਖ਼ਾਲਸਾ ਖ਼ੁੱਦ ਖ਼ੁੱਦਾ' ਅਤੇ 'ਖ਼ੂਬੀ ਖ਼ੂਬ ਖ਼ੁਦਾਇ' ਕਰਕੇ ਜਾਣਿਆ ਜਾਂਦਾ ਹੈ। ਕਲਗੀਧਰ ਨੇ ਵੀ ਇਕ ਵਾਰੀ ਫ਼ਰਮਾਇਆ ਸੀ :

'ਚਕ੍ਰਵੇ ਪਦ, ਦਾਤ ਧੁਰ ਪਾਯੋ।'

ਖ਼ਾਲਸੇ ਨੂੰ ਪਾਤਸ਼ਾਹੀ ਧੁਰੋਂ ਮਿਲੀ ਹੈ।

ਆਤਮਿਕ ਟੀਚੇ ਵੀ ਸਿੱਖ ਧਰਮ ਦੇ ਆਪਣੇ ਹਨ। ਸਿੱਖ ਦਾ ਵਿਸ਼ਵਾਸ ਮਰਨ

Sri Satguru Jagjit Singh Ji eLibrary NamdhariElibrary@gmail.com

ਮੁਕਤ ਤੇ ਨਹੀਂ, ਉਹ ਜੀਵਨ ਮੁਕਤ ਲੋੜਦਾ ਹੈ। ਉਸ ਦਾ ਵਿਸ਼ਵਾਸ ਮਰਨ ਮੁਕਤ ਤੇ ਨਹੀਂ, ਉਸ ਦਾ ਇਹ ਵਿਸ਼ਵਾਸ ਹੈ ਕਿ ਅੰਤਹਕਾਲ ਅੰਮ੍ਰਿਤ ਹੀ ਸੁਖਦਾਈ ਹੁੰਦਾ ਹੈ। ਅੰਮ੍ਰਿਤ ਨਾਲ ਹੀ ਖੁੱਲ੍ਹੇ ਦੀਦਾਰ ਹੁੰਦੇ ਹਨ।

ਇਕ ਵਾਰੀ ਇਕ ਸਿੱਖ ਜਦ ਮੰਜੇ 'ਤੇ ਪਿਆ ਹੋਇਆ ਹੀ ਅਕਾਲ ਚਲਾਣਾ ਕਰ ਗਿਆ ਤਾਂ ਕਈਆਂ ਨੇ ਚਿੰਤਾ ਪ੍ਰਗਟ ਕੀਤੀ ਕਿ ਹੁਣ ਕੀ ਹੋਵੇਗਾ ਤਾਂ ਨਵੇਂ ਆਤਮਿਕ ਟੀਚੇ ਦਰਸਾਉਣ ਵਾਲੇ ਕਲਗੀ ਵਾਲੇ ਨੇ ਕਿਹਾ ਸੀ :

"ਰਤਾ ਫ਼ਿਕਰ ਨਾ ਕਰੋ। ਸਿੱਖ ਨਿਮ੍ਰਤਾ ਵਿਚ ਵਿਚਰਦਾ ਰਿਹਾ ਹੈ, ਸਿੱਧਾ ਸੱਚ ਖੰਡ ਗਿਆ ਹੈ।"

ਬ-ਆਂ ਗੁੱਫ਼ਤ ਮਨ ਹਮਚੁ ਮਿਸਕੀਂ ਗ਼ਰੀਬ।।
ਮਕੁਨ ਫ਼ਿਕਰਿ ਆ ਗਸ਼ਤ ਜੱਨਤ ਨਸੀਬ।। ੭੦।। (ਅਮਰਨਾਮਾ)

ਅਰਬਿੰਦੂ ਘੋਸ਼ ਨੇ ਕਿਹਾ ਸੀ ਕਿ ਸਿੱਖ ਹੀ ਹੈ ਜਿਸ ਦਾ ਕਦਮ ਅੱਗੇ ਪੈਂਦਾ ਹੈ।

ਇਸੇ ਪੁਸਤਕ (Eternal India) ਦੇ ਪੰਨਾ ੨੧੭ 'ਤੇ ਜੋ ਇੰਦਰਾ ਗਾਂਧੀ ਨੇ ਸਿੱਖਾਂ ਬਾਰੇ ਲਿਖਿਆ, ਉਸ ਨੂੰ ਇਨ-ਬਿਨ ਲਿਖਣਾ ਕੁਥਾਂ ਨਹੀਂ ਹੋਵੇਗਾ ਤਾਂਕਿ ਉਹਨਾਂ ਨੂੰ ਕੰਨ ਹੋ ਜਾਣ ਜੋ ਦਿਨ-ਰਾਤ ਇਹ ਕਹਿੰਦੇ ਨਹੀਂ ਥੱਕਦੇ ਕਿ ਸਿੱਖ ਕੇਸਾਧਾਰੀ ਹਿੰਦੂ ਹਨ। ਪੁਸਤਕ ਵਿਚ ਉਹ ਲਿਖਦੀ ਹੈ :

"ਗੁਰੂ ਨਾਨਕ ਦੇਵ ਜੀ ਅਤੇ ਮਗਰੋਂ ਸਿੱਖ ਲਹਿਰ ਦਾ ਕਰਤੱਵ ਹੈਰਾਨਕੁਨ ਦਸ਼ਾ ਤੱਕ ਮੌਲਿਕ ਸੁਤੰਤਰ ਤੇ ਨਿਰਾਲਾ (Astonishingly Original and Novel) ਸੀ। ਕਿਸੇ ਹਿਸਾਬ ਨਾਲ ਵੀ ਇਹ ਕੋਈ ਫਿਰ ਮਜ਼ਬੀ ਸਰਗਰਮੀ (Revivalism) ਨਹੀਂ ਹੈ। ਇਹ ਤਾਂ ਪਿੱਛੇ ਨੂੰ ਆਪੇ ਵਿਚ ਸਮੋ ਕਿ ਜਵਾਲਾ ਮੁਖੀ ਦੇ ਫਟਣ ਵਾਂਗ ਸੱਜਰੀ-ਤਾਜ਼ਾ ਸਿਰਜਨਾ ਹੈ (Outburst of Fresh Creativity)।

ਗੁਰੂ ਨਾਨਕ ਦੇਵ ਜੀ ਨੇ ਨਿਰੋਲ ਨਵੀਂ ਗੱਲ ਕਹੀ ਹੈ :

"ਸਚਹੁ ਓਰੈ ਸਭ ਕੋ,
ਉਪਰਿ ਸਚੁ ਆਚਾਰੁ।।"

ਸਿੱਖਾਂ ਦੀ ਭਗਤ ਮਾਲਾ ਵਿਚ ਭਾਈ ਮਨੀ ਸਿੰਘ ਜੀ ਨੇ ਲਿਖਿਆ ਹੈ ਜਦ ਕਾਜ਼ੀ ਨੇ ਪੁੱਛਿਆ : ਨਾਨਕ ਤੂੰ ਹਿੰਦੂ ਹੈਂ ਕਿ ਮੁਸਲਮਾਨ ਤਾਂ ਬਾਬੇ ਨੇ ਉੱਤਰ ਦਿੱਤਾ :

ਹਉ ਹਰਿ ਬਿਨ ਅਵਰ ਨ ਜਾਨਾ।

ਦੇਹ ਹੀ ਹਿੰਦੂ ਹੈ, ਦੇਹ ਹੀ ਮੁਸਲਮਾਨ ਹੈ। ਮੈਂ ਦੇਹ ਦਾ ਸਾਖੀ ਨਿਆਰਾ ਹਾਂ। ਮੁਹਸਨ ਫਾਨੀ ਦੀ ਪੁਸਤਕ ਦਬਿਸਤਾਨੇ ਮਜ਼ਾਹਬ ਜੋ ਸਤਾਰ੍ਹਵੀਂ ਸਦੀ ਦੇ ਤੀਜੇ ਦਹਾਕੇ (੧੬੩੦-੧੬੪੦) ਲਿਖੀ ਗਈ, ਦੇ ਅਧਿਆਇ 'ਨਾਨਕ ਪੰਥੀਆਂ' ਦਾ ਪਹਿਲਾ ਫਿਕਰਾ ਹੈ :

'ਨ ਬੁਤ ਵ ਬੁਤਖਾਨਾ ਇਹਤਕਾਦ ਨਦਾਰਦ'

"ਨਾਂਹ ਇਹ ਬੁੱਤ ਮੰਨਦੇ ਹਨ, ਨ ਬੁਤ-ਖ਼ਾਨਾ। ਨਾਂਹ ਅਵਤਾਰਵਾਦ ਵਿਚ ਯਕੀਨ ਰੱਖਦੇ ਹਨ ਅਤੇ ਨਾਂਹ ਹੀ ਸੰਸਕ੍ਰਿਤ ਨੂੰ ਦੇਵਬਾਣੀ ਸਮਝਦੇ ਹਨ।"

ਮੈਕਾਲਫ਼ ਨੇ ਇੰਝੇ ਨਹੀਂ ਸੀ ਕਹਿ ਦਿੱਤਾ ਕਿ "ਦੁਨੀਆਂ ਦੇ ਲੋਕੋ, ਮੈਂ ਪੂਰਬ ਤੋਂ ਤੁਹਾਨੂੰ ਇਕ ਐਸੇ ਧਰਮ ਦੀ ਵਾਕਫ਼ੀਅਤ ਦਿਲਵਾਂਦਾ ਹਾਂ ਜਿਸ ਵਿਚ ਨਾਂਹ ਬੁਤ

Sri Satguru Jagjit Singh Ji eLibrary NamdhariElibrary@gmail.com

ਪ੍ਰਸਤੀ ਹੈ ਨ ਪਾਖੰਡ, ਨਾ ਜ਼ਾਤ-ਪਾਤ, ਨਾਂਹ ਵਿਧਵਾ ਨੂੰ ਸਾੜ ਸਤੀ ਕਰਨ ਦੀ ਕੁਹਝੀ ਰੀਤ ਅਤੇ ਨਾਂਹ ਔਰਤ ਨੂੰ ਗ਼ੁਲਾਮ (ਬੰਦੀ) ਰੱਖਣ ਦਾ ਰਿਵਾਜ ਹੈ। ਨਾ ਨਸ਼ਿਆਂ ਦੀ ਵਰਤੋਂ ਅਤੇ ਨਾਂਹ ਤਮਾਕੂ ਵਰਗੀ ਗਲੀਜ਼ ਸ਼ੈ ਨੂੰ ਪੀਣਾ ਤੇ ਛੁਹਣਾ। ਨਾਂਹ ਹਿੰਦੂਆਂ ਵਾਂਗ ਦਰਿਆ ਤੇ ਤੀਰਥਾਂ ਦੀ ਪੂਜਾ ਤੇ ਨਾਂਹ ਇਕ ਨੂੰ ਨਿੰਦਣ ਦੀ ਵਾਦੀ। ਸਗੋਂ ਇਸ ਦੇ ਉਲਟ ਸ਼ੁਕਰ, ਸਬਰ, ਕੀਤੇ ਨੂੰ ਜਾਨਣਾ, ਵੰਡ ਛਕਣਾ, ਨਿਆਂ, ਨਿਰਪੱਖਤਾ, ਸੱਚਾਈ, ਦਿਆਨਤਦਾਰੀ ਤੇ ਹੋਰ ਉੱਚ ਇਖ਼ਲਾਕੀ ਤੇ ਭਾਈਚਾਰਕ ਖ਼ੂਬੀਆਂ ਹਨ।"

ਸੱਯਦ ਮੁਹੰਮਦ ਲਤੀਫ ਨੇ ਹਿਸਟਰੀ ਔਫ਼ ਪੰਜਾਬ ਦੇ ਪੰਨਾ ੨੪੫ 'ਤੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਸੱਤ ਮਹੀਨੇ ਦਿੱਲੀ ਵਿਖੇ ਇਬ੍ਰਾਹੀਮ ਲੋਧੀ ਦੀਆਂ ਕੈਦ ਦੀਆਂ ਸਖ਼ਤੀਆਂ ਸਿਰਫ ਇਸ ਲਈ ਝੱਲਣੀਆਂ ਪਈਆਂ ਕਿਉਂਕਿ ਕਾਰਦਾਰਾਂ ਨੇ ਇਹ ਸ਼ਿਕਾਇਤ ਪੁਜਾਈ ਸੀ ਕਿ ***ਇਸ ਫਕੀਰ ਦੀ ਤਾਲੀਮ ਕੁਰਾਨ ਤੇ ਵੇਦ ਨਾਲੋਂ ਅੱਡਰੀ ਹੈ ਅਤੇ ਲੋਕੀਂ ਜਿਸ ਤਰ੍ਹਾਂ ਉਸਦੇ ਪਿੱਛੇ ਲੱਗ ਰਹੇ ਹਨ, ਸਲਤਨਤ ਨੂੰ ਖ਼ਤਰਾ ਹੋ ਸਕਦਾ ਹੈ।*** ਸ਼ਾਹੀ ਹੁਕਮ ਨਾਲ ਬਾਦਸ਼ਾਹ ਦੇ ਹਜ਼ੂਰ ਪੇਸ਼ ਕੀਤੇ ਗਏ ਜਦ ਗੁਰੂ ਨਾਨਕ ਦੇਵ ਜੀ ਨੇ ਆਪਣੇ ਧਰਮ ਦੀ ਵਿਆਖਿਆ ਕੀਤੀ ਤਾਂ ਬਾਦਸ਼ਾਹ ਨੇ ਕੈਦ ਕਰਨ ਦਾ ਹੁਕਮ ਜਾਰੀ ਕੀਤਾ। ਸੱਤ ਮਹੀਨੇ ਉਨ੍ਹਾਂ ਨੂੰ ਬੰਦੀ ਵਿਚ ਚੱਕੀ ਪੀਹਣੀ ਪਈ। ਹਵਾਲੇ ਦੇ ਪੂਰੇ ਸ਼ਬਦ ਇਹ ਹਨ :

"The KARDARS of the Delhi Emperor, Ibrahim Lodhi, the successor of Bahlol, informed his majesty that a *faqir whose tenets were different both from Koran & the Vedas, was openly preaching, to the people, and the importance which he was assuming might, in the end, prove serious to the state.* By an imperial order, Guru Nanak was brought to the emperor, who admitted to an interview, and after hearing his ideas on religion, ordered him to be kept in close confinement. Guru Nanak was kept in prison seven months and had to grind corn the whole time." 'ਬਾਬਰ ਦੀ ਜਿੱਤ ਵੇਲੇ ਹੀ ਉਹ ਬੰਦੀ ਤੋਂ ਆਜ਼ਾਦ ਕੀਤੇ ਗਏ।'

ਜੋ ਰੋਜ਼ ਰਹਿਰਾਸ ਸਾਹਿਬ ਦੇ ਪਾਠ ਵਿਚ ਬੇਨਤੀ ਚੌਪਈ ਪਿਛੋਂ ਸਵੈਯਾ :

ਪਾਂਇ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥
ਰਾਮ ਰਹੀਮ ਪੁਰਾਨ ਕੁਰਾਨ
ਅਨੇਕ ਕਹੈਂ ਮਤ ਏਕ ਨ ਮਾਨਯੋ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ,
ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥

ਪੜ੍ਹਦਾ ਹੈ, ਉਸ ਨੂੰ ਇਹ ਕਦੀ ਚਿੱਤ ਵਿਚ ਵੀ ਨਹੀਂ ਲਿਆਉਣਾ ਚਾਹੀਦਾ ਕਿ ਸਿੱਖ ਧਰਮ ਕਿਸੇ ਦੀ ਟਹਿਣੀ ਜਾਂ ਸ਼ਾਖਾ ਹੈ। ਸਿੱਖ ਧਰਮ ਸੁਤੰਤਰ ਧਰਮ ਹੈ : 'ਸੈਭੰਗ' (ਸਾਵਿਰਨੁ) ਹੈ। ❑❑

Sri Satguru Jagjit Singh Ji eLibrary NamdhariElibrary@gmail.com

## 65 ਖਾਣ, ਪਹਿਨਣ ਬਾਰੇ ਹੁਕਮ

### ਖਾਣ ਤੇ ਪਹਿਨਣ ਬਾਰੇ ਸਿੱਖੀ ਵਿਚ ਕੀ ਹੁਕਮ ਹੈ ?

ਗੁਰੂ ਨਾਨਕ ਦੇਵ ਜੀ ਨੇ ਖਾਣ ਤੇ ਪਹਿਨਣ ਬਾਰੇ ਤਿੰਨ ਮੋਟੇ ਅਸੂਲ ਦੱਸੇ ਸਨ ਕਿ ਉਹ ਨਹੀਂ ਖਾਣਾ, ਉਹ ਨਹੀਂ ਪਹਿਨਣਾ ਜਿਸ ਨਾਲ :

(ੳ) 'ਖੁਸ਼ੀ ਖੁਆਰ' (ਜ਼ਾਇਆ) ਹੋਵੇ। ਜਿਵੇਂ ਨਸ਼ੇ ਕੀਤਿਆਂ ਅਤੇ ਫੀਸਟਾਂ-ਪਾਰਟੀਆਂ ਦੇ ਮਗਰੋਂ ਹੁੰਦਾ ਹੈ।

(ਅ) 'ਤਨੁ ਪੀੜੀਐ' (ਜਿਵੇਂ ਭੀੜੇ ਬਸਤਰ ਪਾਈ ਗੁਰਦੁਆਰੇ ਵਿਚ ਵੀ ਚੌਂਕੜਾ ਮਾਰ ਬੈਠਣ ਨਹੀਂ ਹੁੰਦਾ), ਕਿਰਿਆ ਨਿਭਾਂਦੇ ਔਖ ਹੋਵੇ।

ਅਤੇ

(ੲ) 'ਮਨ ਮਹਿ ਚਲਹਿ ਵਿਕਾਰ'।। (ਜਿਵੇਂ ਨਸ਼ੇ ਡਰਗ੍ਰ ਦਾ ਸਹਾਰਾ ਲੈ ਮਸਤ ਫਿਰਦੇ ਹਨ, ਅਵੈਲੀ)।

ਰਹਿਤਨਾਮਿਆਂ ਵਿਚ ਦਰਜ ਹੈ ਕਿ ਸਿੱਖ ਅਮਲ ਸਿਰਫ਼ ਪ੍ਰਸ਼ਾਦੇ ਦਾ ਰੱਖੇ। ਪਹਿਨਣ ਬਾਰੇ 'ਰਹਿਤ ਮਰਯਾਦਾ' ਵਿਚ ਗੁਰਮਤਿ ਦੀ ਰਹਿਣੀ ਹੇਠਾਂ ਨੇਮ ਵਿਚ ਲਿਖਿਆ ਹੈ :

(ਸ) ਕਛਹਿਰੇ ਤੇ ਦਸਤਾਰ ਤੋਂ ਛੁੱਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ।

ਖਾਣ ਬਾਰੇ ਤਾਂ ਇਥੋਂ ਤੱਕ ਲਿਖਿਆ ਹੈ ਕਿ ਗੁਰੂ ਹਰਗੋਬਿੰਦ ਜੀ ਦੇ ਸਮੇਂ ਇਕ ਹਿੰਦੂ ਦੂਜੇ ਮੁਸਲਮਾਨ ਨੂੰ ਕਹਿ ਰਿਹਾ ਸੀ ਕਿ ਉਸ ਨੇ ਮੁਸਲਮਾਨ ਹੋਣ ਦਾ ਮਨ ਬਣਾਇਆ ਹੈ ਕਿਉਂਕਿ ਮੁਸਲਮਾਨਾਂ ਵਿਚ ਖਾਣ ਦੀ ਬੜੀ ਖੁਲ੍ਹ ਹੈ ਤਾਂ ਕੋਲ ਖੜ੍ਹੇ. ਗਿਆਨੀ ਪੰਡਤ ਪ੍ਰਤਾਬ ਮੱਲ ਨੇ ਕਿਹਾ : ਭਲੇ ਲੋਕਾ! ਜੇ ਖਾਣ ਕਾਰਨ ਹੀ ਧਰਮ ਬਦਲਣਾ ਹੀ ਤਾਂ ਸਿੱਖ ਬਣ ਤੇ ਜੋ ਮਰਜ਼ੀ ਖਾ ਕਿਉਂਕਿ ਮੁਸਲਮਾਨਾਂ ਵਿਚ ਤਾਂ ਫਿਰ ਵੀ ਕੁਝ (ਸੂਰ) ਖਾਣ ਦੀ ਮਨਾਹੀ ਹੈ।

ਅਗਰ ਮੇਲ-ਇ-ਹਮਾ ਚੀਜ਼ ਖੁਦਰਨ ਦਾਰੀ,
ਸਿਖ ਗੁਰੂ ਬਾਸ਼ ਵ ਹਰਚਿ ਖ੍ਹਾਹੀ ਬਖ਼ੁਰ।



Sri Satguru Jagjit Singh Ji eLibrary NamdhariElibrary@gmail.com

66

# ਕਰਮ ਕਾਂਡ

## *ਕਰਮ ਕਾਂਡ ਦੀ ਸਿੱਖ ਧਰਮ ਵਿਚ ਕੋਈ ਥਾਂ ਹੈ ਕਿ ਨਹੀਂ?*

ਸਿੱਖ ਧਰਮ ਕਿਸੇ ਕਰਮ ਕਿਰਿਆ ਨੂੰ ਨਹੀਂ ਮੰਨਦਾ। 'ਕਰਮ ਕਿਰਿਆ' ਦੇ ਮੰਤ੍ਰ, ਢੰਗ ਤੇ ਵੇਰਵਾ ਰਿਗ ਵੇਦ ਦੇ ਉਸ ਭਾਗ ਵਿਚ ਹੈ ਜਿਸ ਨੂੰ ਅਤ੍ਰੇ ਬ੍ਰਾਹਮਣ ਕਹਿੰਦੇ ਹਨ। ਇਸ ਦੀ ਵਰਤੋਂ ਸ਼ਤਰੂ ਨੂੰ ਮਾਤ ਜਾਂ ਸ਼ਕਤੀ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਖ਼ਾਸ ਅਵਸਰ (Exact moment) ਤੇ ਬੋਲਿਆ ਮੰਤ੍ਰ ਕਰਮ ਕਿਰਿਆ ਵਾਲੇ ਕਹਿੰਦੇ ਹਨ ਕਿ ਅਸਰ ਕਰਦਾ ਹੈ। ਸਿੱਖ ਕੇਵਲ ਬਖ਼ਸ਼ਿਸ਼ ਤੇ ਯਕੀਨ ਰੱਖਦਾ ਹੈ। ਗੁਰੂ ਅਰਜਨ ਦੇਵ ਜੀ ਦਾ ਬਸੰਤ ਰਾਗ ਵਿਚ ਫ਼ਰਮਾਨ ਹੈ ਕਿ ਸਭ ਕਰਮ ਕਾਂਡ, ਕਰਤੂਤਾਂ (ਰਸਮ-ਰੀਤਾਂ) ਤੋਂ ਉੱਤੇ ਬਖ਼ਸ਼ਿਸ਼ ਮੰਗਣਾ ਹੈ :

'ਸਗਲ ਧਰਮ ਮਹਿ ਉਤਮ ਧਰਮ।
ਕਰਮ ਕਰਤੂਤ ਕੈ ਊਪਰਿ ਕਰਮ॥'"

ਬੜੀ ਭਾਵ ਪੂਰਤ ਬਾਤ ਬਾਰਹ ਮਾਹ ਵਿਚ ਪੰਚਮ ਪਿਤਾ ਨੇ ਕਹੀ ਹੈ ਕਿ ਕਿਰਤ ਕਰਮ ਕਰ ਕੇ ਤਾਂ ਸਗੋਂ ਵਿਛੋੜਾ ਪਿਆ, ਕ੍ਰਿਪਾ ਹੀ ਮੇਲ ਦਾ ਠੀਕ ਰਾਹ ਹੈ।

'ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ।'

ਅਤੇ ਫਿਰ 'ਕਰਮ ਕਾਂਡ' ਦਾ ਸਹਾਰਾ ਲੈ, ਵਿਛੁੜਨਾ ਹੀ ਹੈ ਕਿਉਂਕਿ ਇਸ ਵਿਚ ਗਣਤ ਹੈ, ਹਿਸਾਬ ਹੈ, ਲੇਖਾ ਹੈ, ਮਨ ਦੀ ਤੋੜ-ਭੰਨ ਹੈ। ਕਰਮ ਤਾਂ ਸਗੋਂ ਬੰਧਨ ਦਾ ਨਾਮ ਹੈ। ਗੁਰ ਵਾਕ ਹੈ :

'ਕੇਤੇ ਬੰਧਨ ਜੀਅ ਕੇ' (ਸਿਰੀ ਰਾਗ ਮਹਲਾ ੧)

ਕ੍ਰਿਪਾ ਦੀ ਘਾਲ ਘਾਲਣ ਲਈ ਗੁਰੂ ਅੰਗਦ ਦੇਵ ਜੀ ਨੇ ਹੁਕਮ ਕੀਤਾ ਸੀ :

'ਨਾਮ ਧਿਆਉਣਾ' ਹੀ 'ਮਸਕਤ ਘਾਲਿ' ਹੈ।'

ਨਾਮੀਂ ਪੁਰਸ਼ ਕਿਸੇ ਕਰਮ ਦੀ ਸ਼ਕਤੀ ਨੂੰ ਨਹੀਂ ਮੰਨਦਾ।



Sri Satguru Jagjit Singh Ji eLibrary NamdhariElibrary@gmail.com

## ਕਰਾਮਾਤ ਕਿਸ ਨੂੰ ਆਖਦੇ ਹਨ ?

ਗੁਰੂ ਨਾਨਕ ਦੇਵ ਜੀ ਨੇ ਕਰਾਮਾਤ ਦਿਖਲਾਉਣ ਨੂੰ 'ਧ੍ਰਿਗ' ਕਿਹਾ ਹੈ ਅਤੇ ਗੁਰੂ ਅਮਰਦਾਸ ਜੀ ਨੇ 'ਪਕੜ'। 'ਰਿਧਿ ਸਿਧਿ ਸਭ ਮੋਹ ਹੈ।।'

ਜਦ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਕੋਈ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਆਪ ਨੇ ਬੜਾ ਖਰਾ ਉੱਤਰ ਦਿੱਤਾ ਸੀ :

'ਬਾਝਹੁ ਸਚੇ ਨਾਮ ਦੇ
ਹੋਰ ਕਰਾਮਾਤ ਅਸਾਥੈ ਨਾਹੀ।'

ਕਿਸੇ ਨੂੰ ਜ਼ੇਰ ਕਰਨ, ਹੀਣਾ ਦਿਖਾਉਣ, ਆਪਣੀ ਹੋਂਦ ਜਤਾਉਣ, ਵਡਿਆਈ ਦਰਸਾਉਣ ਲਈ ਕਰਾਮਾਤ ਦਿਖਾਉਣੀ ਨਾ ਸਿਰਫ਼ ਵਿਵਰਜਿਤ ਹੈ ਸਗੋਂ ਪ੍ਰਭੂ ਦੇ ਕਾਰਜ ਵਿਚ ਦਖ਼ਲ ਦੇਣਾ ਹੈ।

ਗੁਰੂ ਹਰਗੋਬਿੰਦ ਜੀ ਦੇ ਆਪਣੇ ਹੀ ਪੁੱਤਰ ਬਾਬਾ ਅਟੱਲ ਨੇ ਜਦ ਆਪਣੇ ਮਰੇ ਹਾਣੀ ਨੂੰ ਜ਼ਿੰਦਾ ਕਰ ਦਿੱਤਾ ਸੀ ਤਾਂ ਆਪ ਜੀ ਨੇ ਬਚਨ ਕੀਤੇ ਸਨ ਕਿ :

'ਸਾਡੇ ਘਰ ਰੱਬ ਦਾ ਸ਼ਰੀਕ ਕੌਣ ਜੰਮ ਪਿਆ ਹੈ।' ਆਤਮ-ਚਰਚਾ ਕਰਦਿਆਂ ਜੋ ਕਰਾਮਾਤ ਦਾ ਸਹਾਰਾ ਲੈਂਦਾ ਹੈ, ਗੁਰੂ ਹਰਿ ਰਾਇ ਜੀ ਨੇ ਤਾਂ ਉਸਨੂੰ 'ਘਸੁੰਨ ਮੁੱਕੀ' ਹੋਣਾ ਕਹਿੰਦੇ ਸਨ।

ਗੁਰੂ ਤੇਗ਼ ਬਹਾਦਰ ਜੀ ਨੂੰ ਜਦ ਦੀਨ ਕਬੂਲ ਕਰਨ, ਕਰਾਮਾਤ ਦਿਖਲਾਉਣ ਜਾਂ ਸ਼ਹੀਦੀ ਲੈਣ ਲਈ ਕਿਹਾ ਸੀ ਤਾਂ ਆਪ ਜੀ ਨੇ ਇਹ ਆਖ ਕੇ

'ਜੋ ਆਪਨੈ ਘਰ ਰਹੈ ਸੋ ਦੀਨ ਕਹਾਵੈ।।
ਦੂਜੇ ਘਰਿ ਜਾਵੈ ਬੇਦੀਨ ਅਖਾਵੈ।।
ਕਰਾਮਾਤ ਹੈ ਕਹਰ ਫਕੀਰ ਨਹੀ ਦਸੈ।।
ਸਾਂਈ ਖੜਾ ਸਿਰ ਉਪਰਿ ਹਸੈ।।'

ਸ਼ਹੀਦੀ ਪ੍ਰਾਪਤ ਕੀਤੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਜਦ ਮੋਤੀ ਬਾਗ (ਦਿੱਲੀ) ਵਿਚੋਂ ਤੀਰ ਚਲਾ ਕੇ ਕਿਲ੍ਹੇ ਭੇਜਿਆ ਸੀ ਤਾਂ ਸਾਰੇ ਚੌਪੜ ਖੇਡਦੇ ਬੋਲ ਉਠੇ ਸਨ : ਕਰਾਮਾਤ ! ਉਸ ਵੇਲੇ ਅੰਤਰਜਾਮੀ ਕਲਗੀਧਰ ਨੇ ਦੂਜਾ ਤੀਰ ਛੱਡਿਆ ਜਿਸ ਨਾਲ ਲੱਗੇ ਰੁੱਕੇ ਤੇ ਲਿਖਿਆ ਸੀ :

'ਕਰਾਮਾਤ ਨਹੀਂ, ਕਰਤੱਬ'!

ਕਰਾਮਾਤ ਤਾਂ ਰੋਜ਼ ਵਾਹਿਗੁਰੂ ਕਰ ਰਿਹਾ ਹੈ। ਸਾਡੇ ਸਰੀਰ ਦਾ ਟੁਰਦੇ ਰਹਿਣਾ ਹੀ ਕਰਾਮਾਤ ਹੈ।

ਬੜਾ ਸੋਹਣਾ ਕਿਹਾ ਸੀ ਭਾਈ ਸੁੰਮਣ ਨੇ ਕਿ ਕੀ ਇਹ ਕਰਾਮਾਤ ਨਹੀਂ ਕਿ ਪੰਜੇ ਵਿਰੋਧੀ ਤੱਤ ਇਕ ਥਾਂ ਰੱਖ ਕੇ ਵਾਹਿਗੁਰੂ ਸਾਡਾ ਸਰੀਰ ਚਲਾ ਰਿਹਾ ਹੈ। □□



Sri Satguru Jagjit Singh Ji eLibrary NamdhariElibrary@gmail.com

# 68 ਬਿਪ੍ਰਨ ਕੀ ਰੀਤ

## *ਬਿਪਰਨ ਕੀ ਰੀਤ ਨਾ ਅਪਣਾਉਣ ਬਾਰੇ ਇਤਨੇ ਕਰੜੇ ਹੁਕਮ ਕਿਉਂ ਹਨ?*

ਧਰਮ ਵਿਚ ਜਿਤਨੀਆਂ ਗੁੰਝਲਾਂ, ਉਲਝਣਾਂ, ਵਹਿਮ-ਭਰਮ, ਪਾਖੰਡ, ਰੀਤੀਆਂ, ਰਿਵਾਜ, ਕਰਮ-ਕਾਂਡ ਹਨ ਇਹ ਸਭ ਬ੍ਰਾਹਮਣਾਂ ਨੇ ਪਾਏ ਸਨ। ਗੁਰੂ ਪਾਤਸ਼ਾਹ ਸਾਡੀਆਂ ਬੇੜੀਆਂ ਕੱਟਣ, ਸਿਰੋਂ ਅਥਰਬਣ (ਕਰਮ ਕਾਂਡ) ਦਾ ਭਾਰ ਲਾਹ ਸੁੱਟ ਸਾਨੂੰ ਸੁਤੰਤਰ ਕਰਨ ਆਏ ਸਨ। ਇਸੇ ਲਈ ਇਹ ਕਰੜਾ ਹੁਕਮ ਕੀਤਾ ਸੀ ਕਿ 'ਬਿਪ੍ਰਨ ਕੀ ਰੀਤ' ਨਹੀਂ ਅਪਨਾਉਣੀ ਅਤੇ ਜੇ ਕਦੇ ਇਹ ਕਿਸੇ ਨੇ ਅਪਣਾਈ ਤਾਂ ਕਲਗੀਧਰ ਨੇ ਕਹਿ ਦਿੱਤਾ ਸੀ : 'ਮੈਂ ਨ ਕਰੂੰ ਇਨ ਕੀ ਪ੍ਰਤੀਤ'। ਨਾ ਉਹ ਐਸੇ ਸਿੱਖ ਤੇ ਇਤਬਾਰ ਕਰਨਗੇ ਅਤੇ ਨਾ ਹੀ ਸਹਾਇਤਾ।

ਸਭ ਹੱਕ ਹਕੂਕ ਬ੍ਰਾਹਮਣ ਸ਼੍ਰੇਣੀ ਨੇ ਆਪਣੇ ਲਈ ਰਾਖਵੇਂ ਰੱਖ ਲਏ ਸਨ ਅਤੇ ਆਪਣੇ ਆਪ ਨੂੰ ਸਭ ਤੋਂ ਉੱਚਾ ਕਹਿੰਦਾ ਸੀ। 'ਬ੍ਰਹਮਣੋਂ ਦੈਵਤ ਮਹਤੁ।' ਬਾਕੀ ਸ਼੍ਰੇਣੀਆਂ ਨੂੰ ਦੁੱਖ ਸਹਿਣ ਜਾਂ ਧਾਰਮਿਕ ਗ਼ੁਲਾਮੀ ਵਿਚ ਵਿਚਰਨ ਲਈ ਉਸਨੇ ਸੁੱਟ ਦਿੱਤਾ ਸੀ। 'ਬਿਪ੍ਰਨ ਕੀ ਰੀਤ' ਹੈ ਮਨੁੱਖਾ ਸ਼੍ਰੇਣੀ ਵਿਚ ਵੰਡ ਪਾਉਣੀ। ਜਿਵੇਂ ਜਨੇਊ ਪਾਉਣ ਵੇਲੇ ਕੀਤੀ ਜਾਂਦੀ ਹੈ। ਬ੍ਰਾਹਮਣ ਦਾ ਜਨੇਊ ਤੀਹਰਾ, ਛੱਤ੍ਰੀ ਦਾ ਦੂਹਰਾ ਤੇ ਵੈਸ਼ ਦਾ ਇਕਹਿਰਾ ਪਰ ਸ਼ੂਦਰ ਲਈ ਕੋਈ ਨਹੀਂ।

ਬ੍ਰਾਹਮਣ—ਰੇਸ਼ਮ ਦਾ, ਖੱਤਰੀ—ਸੂਤ ਦਾ, ਵੈਸ਼—ਉੱਨ ਦਾ।

ਬ੍ਰਾਹਮਣ ਪਾਏਗਾ ਬਸੰਤ ਦੀ ਰੁੱਤੇ, ਛੱਤ੍ਰੀ ਗਰਮੀ ਦੀ ਤੇ ਵੈਸ਼ ਪਤਝੜ ਦੀ ਰੁੱਤੇ। ਬ੍ਰਾਹਮਣ ੭ ਸਾਲ ਦੀ ਉਮਰੇ, ਖੱਤਰੀ ੯ ਸਾਲ ਦੀ ਤੇ ਵੈਸ਼ ੧੧ ਸਾਲ ਦਾ ਹੋਣ ਤੇ। ਪਰ ਗੁਰੂ ਜੀ ਨੇ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਇਹ ਰੀਤ ਮੂਲੋਂ ਹੀ ਮੁਕਾ ਦਿੱਤੀ।

*ਦੂਜੇ*—ਬਿਪ੍ਰਨ ਕੀ ਰੀਤ ਮੁਤਾਬਕ ਦਾਨ ਲੈਣ ਦਾ ਅਧਿਕਾਰੀ ਕੇਵਲ ਬ੍ਰਾਹਮਣ ਹੈ ਪਰ ਇਥੇ ਹੁਕਮ ਹੋ ਗਏ :

'ਸਭਨਾ ਨੋ ਕਰਿ ਦਾਨੁ॥'

ਅਤੇ

'ਦਾਨ ਦਿਉ ਇਨ ਹੀ ਕੋ ਭਲੋ,
ਅਰ ਔਰ ਕੋ ਦਾਨਨ ਲਾਗਤ ਨੀਕੋ॥
ਆਗੈ ਦਿਉ ਇਨਹੀ ਕੋ ਫਲੋ,
ਜਗ ਮਹਿ ਔਰ ਜਸ ਕੀਯੋ ਸਭ ਫੀਕੋ॥

ਬ੍ਰਾਹਮਣ ਬਾਰੇ ਤਾਂ ਇਥੋਂ ਤੱਕ ਲਿਖਿਆ ਹੈ :



Sri Satguru Jagjit Singh Ji eLibrary NamdhariElibrary@gmail.com

ਛੁਰੀ ਕਾਢਿ ਲੇਵੈ ਹਥਿ ਦਾਨਾ॥
ਬੇਦੁ ਪੜੈ ਮੁਖਿ ਮੀਠੀ ਬਾਣੀ॥
ਜੀਆਂ ਕੁਹਤ ਨ ਸੰਗੈ ਪਰਾਣੀ॥ (ਗਉੜੀ ਮਹਲਾ ੫)

*ਤੀਜੇ*—ਬਿਪ੍ਰਨ ਕੀ ਰੀਤ ਅਨੁਸਾਰ ਸੂਤਕ ਮੰਨੇ। ਪੰਡਿਤ ਜਿੱਥੇ ਆਪਣੇ ਸਬੰਧੀ ਦਾ ਮਰਨਾ ਜਾਂ ਪੁੱਤਰ ਦਾ ਜਨਮ ਸੁਣੇ, ਉਸੇ ਵੇਲੇ ਹੀ ਕੱਪੜਿਆਂ ਸਮੇਤ ਪਾਣੀ ਵਿਚ ਗੋਤਾ ਮਾਰੇ।

ਸਿੱਖ "ਸਭੋ ਸੂਤਕੁ ਭਰਮੁ ਹੈ" ਸਮਝਦਾ ਹੈ।

*ਚੌਥੇ*—ਬ੍ਰਿਪਨ ਕੀ ਰੀਤ ਮੁਤਾਬਕ—ਪਿਤਰ ਪੂਜਾ ਕਰਨੀ, 'ਸਰਾਧ ਕਰਣੈ' ਬ੍ਰਾਹਮਣ ਲਈ ਜ਼ਰੂਰੀ ਹੈ। ਸਿੱਖ ਪਿੱਤਰ-ਪੂਜਾ, ਸਰਾਧ ਕਰਨੇ ਜਾਂ ਕਰਾਉਣੇ ਮਨਮਤਿ ਜਾਣਦਾ ਹੈ।

*ਪੰਜਵੇਂ*—ਬ੍ਰਿਪਨ ਕੀ ਰੀਤ ਮੁਤਾਬਕ ਚਉਕਾ ਤੇ ਕਾਰ ਕੱਢਣੀ ਜ਼ਰੂਰੀ ਜਾਣਦਾ ਹੈ। ਇਸ ਤਰ੍ਹਾਂ ਉਹ ਦੇਵ ਪੂਜਾ ਕਰਦਾ ਹੈ। ਉਸ ਦਾ ਮੱਤ ਹੈ ਕਿ ਦੇਵਤੇ ਚਉਕੇ ਤੇ ਕਾਰ ਦੇ ਹੀ ਆਸਰੇ ਜਿਊਂਦੇ ਹਨ।

ਬ੍ਰਾਹਮਣ ਇਹ ਪ੍ਰਚਾਰ ਕਰਦਾ ਹੈ ਕਿ ਜੇ ਗੋਹੇ ਦਾ ਚਉਕਾ ਕਰ ਕੇ ਕਾਰ ਨਾ ਕੱਢੀ ਜਾਏ ਤਾਂ ਰਾਖ਼ਸ਼ ਅੰਨ ਦਾ ਸਵਾਦ ਲੈ ਜਾਂਦੇ ਹਨ।

ਸਾਨੂੰ ਹੁਕਮ ਹੈ ਗੁਰੂ ਨਾਨਕ ਦੇਵ ਜੀ ਦਾ ਕਿ ਸਾਰੀ ਧਰਤੀ ਹੀ ਮੇਰਾ ਚਉਕਾ ਹੈ, ਜਿਸ ਸੱਚ ਪਛਾਣ ਲਿਆ ਉਹ ਸੁੱਚਾ ਹੈ :

'ਪਾਂਡੇ ਐਸਾ ਬ੍ਰਹਮ ਬੀਚਾਰੁ॥
ਨਾਮੇ ਸੁਚਿ ਨਾਮੋ ਪੜਉ,
ਨਾਮੇ ਚਜੁ ਆਚਾਰ॥' ਰਹਾਉ। (ਆਸਾ ਮਹਲਾ ੧)

ਅਤੇ

'ਅਬੇ ਤਬੇ ਕੀ ਚਾਕਰੀ ਸਿੱਖ ਨਹੀਂ ਕਰਦਾ।'

*ਛੇਵੇਂ*—ਬ੍ਰਾਹਮਣ ਅਵਤਾਰ-ਵਾਦ ਦਾ ਪ੍ਰਚਾਰ ਕਰਦਾ ਹੈ।

ਸਿੱਖ ਇਹਨਾਂ ਅਵਤਾਰਾਂ ਨੂੰ :

'ਜੁਗਹ ਜੁਗਹ ਕੇ ਰਾਜੇ ਕੀਏ' ਸਮਝਦਾ ਹੈ ਤੇ ਪਰਜਾ ਮਨਮਤ ਕਾਰਣ ਅਵਤਾਰ ਜਾਣ ਪੂਜੀ ਜਾ ਰਹੀ ਹੈ :

'ਗਾਵਹਿ ਕਰ ਅਵਤਾਰੀ॥'

ਉਹ ਵਿਚਾਰੇ (ਰਾਮ ਕ੍ਰਿਸ਼ਨ ਆਦਿ) ਤਾਂ ਰੱਬ ਨੂੰ ਸਮਝ ਵੀ ਨਹੀਂ ਸਕੇ, ਉਹਨਾਂ ਰੱਬ ਕੀ ਹੋਣਾ ਸੀ :

'ਤਿਨ ਭੀ ਅੰਤੁ ਨਾ ਪਾਇਆ ਤਾ ਕਾ
ਕਿਆ ਕਰ ਆਖਿ ਵਿਚਾਰੀ॥' (ਆਸਾ ਮਹਲਾ ੩)

ਸਾਨੂੰ ਹੁਕਮ ਹੈ :

'ਸੋ ਮੁਖ ਜਲਉ
ਜਿਤ ਕਹਹਿ ਠਾਕੁਰ ਜੋਨੀ॥

*ਸੱਤਵੇਂ*—ਬਿਪ੍ਰਨ 'ਕਰਮ ਕਾਂਡਾਂ' ਤੇ ਜ਼ੋਰ ਦੇਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਬ੍ਰਾਹਮਣ ਪੰਜ ਯਗ :
੧. 'ਬ੍ਰਹਮ ਯਗ
੨. ਪਿਤਰੀ ਯਗ
੩. ਦੇਵ ਯਗ
੪. ਭੂਤ ਯਗ
੫. ਅਤਿਥੀ ਯਗ।'
ਕਰਨਾ ਜ਼ਰੂਰੀ ਕਹਿੰਦਾ ਹੈ।

ਫਿਰ ਨੈਮਤਿਕ ਕਰਮ (Occasional) ਕਰਨ ਤੇ ਬਿਪ੍ਰਨ ਜ਼ੋਰ ਦੇਂਦਾ ਹੈ ਜੋ ਚਾਰ ਪ੍ਰਕਾਰ ਦੇ ਹਨ :
੧. ਸੰਸਕਾਰ
੨. ਸ਼ਾਂਤੀ
੩. ਵਰਤ
੪. ਪ੍ਰਾਸਚਿਤ।

ਚਾਲੀ ਕਿਸਮ ਦੇ ਤਾਂ ਸੰਸਕਾਰ ਹੀ ਹਨ ਜਿਨ੍ਹਾਂ ਵਿਚੋਂ ਗਰਭਦਾਨ, ਜ਼ਾਤ, ਨਾਮਬੰਧ, ਅਪਰਸਨ, ਕਰਨ ਛੇਦ, ਉਪਨੈਨ, ਵਿਵਾਹ ਅਤੇ ਸਰਾਧ ਜ਼ਰੂਰੀ ਕਹੇ ਜਾਂਦੇ ਹਨ। ਸ਼ਾਂਤੀ ਲਈ ਨੌਂ ਗ੍ਰਹਿਆਂ ਤੇ ਗਣੇਸ਼ ਦੀ ਪੂਜਾ ਲਾਜ਼ਮੀ ਹੈ।

*ਵਰਤ*—ਪੰਦਰਾਂ ਜ਼ਰੂਰੀ ਹਨ ਤੇ ਵਰਤ ਰੱਖ ਕੇ ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਦੀ ਕਥਾ ਕਰਾਉਣੀ ਲਾਜ਼ਮੀ ਕਰਾਰ ਦਿੱਤੀ ਜਾਂਦੀ ਹੈ।

*ਪ੍ਰਾਸਚਿਤ ਲਈ*—੧੨ ਕਰਮ ਜ਼ਰੂਰੀ ਹਨ, ਜੋ ਇਹ ਹਨ :
ਅਧਿਐਨ (ਵੇਦ ਪੜ੍ਹਨੇ),
ਅਧਿਆਪਣ (ਵੇਦ ਪੜ੍ਹਾਉਣੇ),
ਯੱਗ, ਯਾਜਨ (ਯੱਗ ਕਰਨੇ/ਕਰਾਉਣੇ),
ਦਾਨ, ਪ੍ਰਹਿ ਗ੍ਰਹਿ (ਦਾਨ ਦੇਣਾ/ਦਾਨ ਲੈਣਾ),
ਸਨਾਨ, ਜਪ, ਤਪ, ਹਵਨ, ਦੇਵ ਪੂਜਨ, ਤੀਰਥ ਯਾਤਰਾ।

ਇਸੇ ਲਈ ਤਾਂ 'ਸਿੱਖ ਧਰਮ' ਨਾਂ ਦੀਆਂ ਛੇ ਪੁਸਤਕਾਂ ਲਿਖਣ ਉਪ੍ਰੰਤ ਮੈਕਾਲਫ਼ ਨੇ ਹਰ ਪੁਸਤਕ ਦੇ ਆਰੰਭ ਦੇ ਪਹਿਲੇ ਸਫ਼ੇ ਤੇ ਲਿਖਿਆ ਸੀ :

'ਫੂਟੋ ਆਂਡਾ ਭਰਮ ਕਾ
ਮਨਹਿ ਭਇਓ ਪ੍ਰਗਾਸ॥
ਕਾਟੀ ਬੇਰੀ ਪਗਹਿ ਤੇ
ਗੁਰ ਕੀਨੀ ਬੰਦਿ ਖਲਾਸਿ॥

ਸਿੱਖ ਨੇ ਕਦੇ 'ਬਿਪ੍ਰਨ ਕੀ ਰੀਤ' ਨਹੀਂ ਕਰਨੀ।
ਵਾਕ ਯਾਦ ਰੱਖਣਾ :

'ਬਾਮਨੁ ਗੁਰੂ ਹੈ ਜਗਤ ਕਾ
ਭਗਤਨ ਕਾ ਗੁਰੁ ਨਾਹਿ॥' (ਸਲੋਕ ਕਬੀਰ ਜੀ)

Sri Satguru Jagjit Singh Ji eLibrary NamdhariElibrary@gmail.com

## ਮਨੁੱਖਾ ਜਨਮ ਦੀ ਸਿੱਖ ਧਰਮ ਵਿਚ ਕੀ ਮਹੱਤਤਾ ਹੈ ? ਹੱਥ, ਕੰਨ, ਨੱਕ, ਨੈਣ, ਰਸਨਾ ਤੇ ਪੈਰਾਂ ਦਾ ਉਚੇਚਾ ਫ਼ਰਜ਼ ਕੀ ਦ੍ਰਿੜ੍ਹਾਇਆ ਹੈ ?

'ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ,' ਦਾ ਇਸੇ ਲਈ ਹੁਕਮ ਹੈ ਕਿ ਮਿਲੇ ਸੁਆਸਾਂ ਨੂੰ ਜ਼ਾਇਆ ਨਹੀਂ ਕਰਨਾ। ਸਰੀਰ ਨੂੰ ਜਦ ਗੁਰੂ ਜੀ ਹਰਿਮੰਦਰ ਕਹਿੰਦੇ ਹਨ ਤਾਂ ਉਨ੍ਹਾਂ ਦਾ ਇਹ ਹੀ ਭਾਵ ਹੈ ਕਿ ਸਰੀਰ ਵਿਚ ਪ੍ਰਾਣ ਹੁੰਦਿਆਂ ਹੀ ਵਾਹਿਗੁਰੂ ਨੂੰ ਪਾਇਆ ਜਾ ਸਕਦਾ ਹੈ :

'ਹਰਿਮੰਦਰ ਇਹ ਸਰੀਰ ਹੈ,
ਜਿਥੋਂ ਹਰਿ ਜਾਤਾ।।'

ਸੋ ਅੱਜ ਦੀ ਦੁਨੀਆਂ ਵਿਚ ਜੋ Exit 'ਨੱਸ ਨਿਕਲੋ' ਜਾਂ ਮਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ (Euathenasia) ਦੀ ਲਹਿਰ ਚੱਲੀ ਹੈ, ਉਸ ਨੂੰ ਸਿੱਖ ਧਰਮ ਪ੍ਰਵਾਨ ਨਹੀਂ ਕਰਦਾ ਸਗੋਂ ਸਰੀਰ ਨੂੰ ਖ਼ਤਮ ਕਰਨ ਵਾਲੇ ਨੂੰ 'ਜਗਤ ਕਸਾਈ' (World Butcher) ਕਹਿੰਦਾ ਹੈ।

ਜਦ ਦੇਖਣ ਨੂੰ ਕਿਸੇ ਨੂੰ ਕਸ਼ਟ ਮਿਲਦਾ ਹੈ ਤਾਂ ਇਸ ਨੂੰ 'ਦਾਤ' ਸਮਝੇ ਅਤੇ ਅੰਦਰਲਾ ਸਿਮਰਨ ਵਿਚ ਲਗਾਵੇ। ਨਾਮ ਦੀ ਸੇਵਾ ਜਾਂ ਧਿਆਨ ਦੀ ਸੇਵਾ ਵੀ ਸਤਿਗੁਰੂ ਦੀ ਸੇਵਾ ਹੈ। 'ਜਿਨ੍ਹਾਂ ਨਾਮ ਜਪਿਆ' ਦਾ ਵੀ ਉਹ ਹੀ ਅਸਥਾਨ ਹੈ ਜਿਹਨਾਂ ਦੇਗ ਚਲਾਈ ਜਾਂ ਤੇਗ ਵਾਹੀ ਹੈ।

"ਅਖੀਆ ਕਰ ਪਰਤ੍ਰਿਅ ਨ ਦੇਖੈ,
ਜਿਹਬਾ ਕਰ ਮਿਥਿਆ ਨ ਬੋਲੈ,
ਨਿੰਦਿਆ ਨ ਕਰੈ, ਅਰ ਸੁਆਦ ਨ ਚਖੈ,
ਸ੍ਰਵਣੋ ਕਰ ਪਰ ਨਿੰਦਿਆ ਨ ਸੁਣੇ,
ਹੱਥ ਕਰ ਪਰ ਦ੍ਰਬ ਨ ਹਿਰੈ, ਪਰਤ੍ਰਿਅ ਨ ਲਾਏ।
ਪੈਰਾਂ ਕਰ ਬੁਰੇ ਕੰਮ ਨ ਧਾਏ।" (ਪ੍ਰੇਮ-ਸੁਮਾਰਗ)

ਸਰੀਰ ਨੂੰ ਪਰਉਪਕਾਰ ਲਈ ਵਰਤੇ। ਉਸਦਾ ਤਨ ਫ਼ਜ਼ੂਲ ਜਾਣੋ ਜੋ ਪਰਉਪਕਾਰ ਲਈ ਨਹੀਂ ਲੱਗਾ।

'ਮਿਥਿਆ ਤਨ ਨਹੀ ਪਰਉਪਕਾਰਾ।'

ਹੁਕਮ ਹੈ :

ਅਉਖਧ ਮੰਤ੍ਰ ਮੂਲ, ਮਨ ਏਕੈ।
ਜੇ ਕਰਿ ਦ੍ਰਿੜਿ ਚਿਤ ਕੀਜੈ ਰੇ॥ (ਗਉੜੀ ਚੇਤੀ ਮਹਲਾ ੧)



Sri Satguru Jagjit Singh Ji eLibrary NamdhariElibrary@gmail.com

# 70

# ਕਾਮਾਦਿਕ ਵੱਸ ਕਰਨ ਦਾ ਵਲ

***ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਬੜੇ ਬਲਵਾਨ ਹਨ, ਇਹਨਾਂ ਨੂੰ ਕਾਬੂ ਕਰਨ ਦੇ ਗੁਰੂ ਘਰ ਨੇ ਕੀ ਉਪਾਅ ਦੱਸੇ ਹਨ?***

ਗੁਰਮਤਿ ਨੇ ਇਨ੍ਹਾਂ ਨੂੰ ਸੰਜਮ ਵਿਚ ਲਿਆਉਣ ਤੇ ਜ਼ੋਰ ਦਿੱਤਾ ਹੈ ਨਾਂਹ ਕਿ ਘ੍ਰਿਣਾ ਕਰ ਮਾਰਨ ਤੇ। ਤਿਆਗ ਨਾਲੋਂ ਇਥੇ ਵੈਰਾਗ ਤੇ ਜ਼ੋਰ ਹੈ। ***'ਅੰਦਰਹੁ ਜਿਨ ਕਾ ਮੋਹੁ ਤੁਟਾ'***, ਹੀ ਗੁਰੂ ਘਰ ਪ੍ਰਵਾਨ ਹੈ। ਸੋ ਕਾਮ ਨੂੰ ਬੰਨ੍ਹ ਮਾਰ ਗ੍ਰਿਹਿਸਤੀ ਬਣਨਾ ਹੈ। ਕ੍ਰੋਧ ਨੂੰ ਜੁਰਅਤਿ ਦਾ ਰੂਪ ਦੇਣਾ ਹੈ। ਲੋਭ ਨੂੰ 'ਕਿਰਤ' ਵਿਚ ਢਾਲਣਾ ਹੈ। ਹੰਕਾਰ ਨੂੰ ਅਣਖ ਤੇ ਫ਼ਖਰ ਦੀ ਚਾਸ਼ਨੀ ਦੇਣੀ ਹੈ ਅਤੇ ਮੋਹ ਨੂੰ 'ਪ੍ਰੇਮ' ਵਿਚ ਵਟਾਉਣਾ ਹੈ :

> 'ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ,
> ਗੋਡਹੁ ਧਰਤੀ ਭਾਈ॥
> ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ,
> ਕਿਰਤੁ ਨ ਮੇਟਿਆ ਜਾਈ॥'

ਦੇ ਮਹਾਂਵਾਕ ਨੂੰ ਸਾਹਮਣੇ ਰੱਖਣਾ ਹੈ। ਕਾਮ, ਕ੍ਰੋਧ ਦੀ ਠੀਕ ਵਰਤੋਂ ਨੂੰ ਰੰਬੇ ਕਿਹਾ ਹੈ। ਜਿਵੇਂ ਗੋਡੀ ਵੇਲੇ ਖੇਤੀ ਨਾਲ ਪ੍ਰੇਮ ਵਰਤੀਂਦਾ ਹੈ ਤੇ ਨਦੀਨ ਨਾਲ ਕ੍ਰੋਧ, ਤਿਵੇਂ ਕਾਮ ਕ੍ਰੋਧ ਨੂੰ ਖੁਰਪੇ ਬਣਾ ਅੰਦਰ ਦੀ ਮੈਲ ਕੱਢਣੀ ਹੈ ਅਤੇ ਪ੍ਰੇਮ ਨੂੰ ਜਨਮ ਦੇਣਾ ਹੈ। ਕਦੇ ਇਹ ਕੀਤੀ ਮਿਹਨਤ ਅਜਾਈਂ ਨਹੀਂ ਜਾਵੇਗੀ।



Sri Satguru Jagjit Singh Ji eLibrary NamdhariElibrary@gmail.com

71

# ਜਨਮ ਨਾਮ ਸੰਸਕਾਰ

## *ਜਨਮ ਨਾਮ ਸੰਸਕਾਰ ਬਾਰੇ ਮਰਯਾਦਾ ਕੀ ਹੁਕਮ ਕਰਦੀ ਹੈ?*

ਬਾਲਕ ਦਾ ਜਨਮ ਹੋਣ ਤੇ ਘਰ ਜੇ ਸ਼ਹਿਦ ਹੈ ਤਾਂ ਭਲਾ, ਨਹੀਂ ਤਾਂ ਪਤਾਸਾ ਜਾਂ ਖੰਡ ਜਾਂ ਗੁੜ ਲੈ ਕੇ ਥੋੜ੍ਹਾ ਜਿਹਾ ਜਲ ਵਿਚ ਪਾ ਕੇ, ਮੂਲ ਮੰਤ੍ਰ ਦਾ ਪਾਠ ਕਰਕੇ ਕ੍ਰਿਪਾਨ ਦੀ ਨੋਕ ਨਾਲ ਨਵ-ਜਨਮੇ ਬਾਲਕ ਦੇ ਮੂੰਹ ਵਿਚ ਇਕ ਜਾਂ ਦੋ ਬੂੰਦਾਂ ਪਾਈਆਂ ਜਾਣ। ਜੋ ਬਚੇ ਉਸ ਨੂੰ ਮਾਂ ਸੇਵਨ ਕਰ ਲਵੇ। ਇਹ ਹੀ ਗੁੜ੍ਹਤੀ ਹੈ।

ਕੋਈ ਕਾਲਾ ਧਾਗਾ ਜਾਂ ਤਵੀਤ ਜਾਂ ਰੱਖ ਪਾਉਣੀ ਨਿਰੋਲ ਮਨਮਤਿ ਹੈ।

ਜਦ ਮਾਤਾ ਉੱਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਤਾਂ ਟੱਬਰ ਦੇ ਸਬੰਧੀ ਗੁਰਦੁਆਰੇ ਕੜਾਹਿ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ।

ਗੁਰੂ ਜੀ ਦੇ ਹਜ਼ੂਰ ਪੁੱਜ ਕੇ ***'ਪ੍ਰਮੇਸ਼ਰ ਦਿੱਤਾ ਬੰਨਾ'*** ਅਤੇ ***'ਸਤਿਗੁਰੂ ਸਾਚੈ ਦੀਆ ਭੇਜਿ'*** ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹੇ ਜਾਣ।

ਸ਼ਬਦ ਪੜ੍ਹਨ ਉਪ੍ਰੰਤ ਜੇਕਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਹੈ ਤਾਂ ਪਾਠ ਦਾ ਭੋਗ ਪਾਇਆ ਜਾਏ।

ਅਰਦਾਸ ਕਰਕੇ ਫਿਰ ਵਾਕ ਲਿਆ ਜਾਏ। ਅਰਦਾਸ ਕਰੇ :

ਇਹ ਜੀਉ ਤੇਰਾ ਭੇਜਿਆ ਆਇਆ ਹੈ,
ਤੇਰੀ ਸਰਣ ਹੈ। ਹਿੰਮਤ ਤੇ ਸੇਵਾ ਬਖ਼ਸ਼ੀਂ।

ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਭਾਈ ਸਾਹਿਬ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ 'ਪ੍ਰਗਟ' ਕਰੇ।

ਲੜਕੇ ਦੇ ਨਾਉਂ ਪਿਛੇ 'ਸਿੰਘ' ਸ਼ਬਦ ਤੇ ਲੜਕੀ ਦੇ ਨਾਉਂ ਪਿਛੇ 'ਕੌਰ' ਸ਼ਬਦ ਅਵੱਸ਼ ਲਗਾਇਆ ਜਾਵੇ।

ਉਪ੍ਰੰਤ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ) ਪੜ੍ਹਨ ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਏ।

ਜਨਮ ਦੇ ਸਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੁਮਾਲ ਤੋਂ ਚੋਲਾ ਬਣਾ ਕੇ ਬਾਲਕ ਨੂੰ ਪਾਉਣਾ ਮਨਮਤਿ ਹੈ।



Sri Satguru Jagjit Singh Ji eLibrary NamdhariElibrary@gmail.com

72

# ਕੀਤਾ ਲੋੜੀਐ ਕੰਮ

**ਕੋਈ ਵੀ ਕਾਰਜ ਆਰੰਭ ਕਰਨ ਵੇਲੇ ਰਹਿਤ ਮਰਯਾਦਾ ਕੀ ਵਰਣਨ ਕਰਦੀ ਹੈ?**

ਸਮੇਂ-ਸਮੇਂ ਜੋ ਵੀ ਖ਼ੁਸ਼ੀ ਦਾ ਮੌਕਾ ਆ ਬਣੇ, ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰੱਸੇ (ਸਕੂਲ) ਪਾਉਣਾ, ਦਸਤਾਰ ਸਜਾਉਣੀ ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸਾ ਸੋਧੇ। ਇਹ ਕਦੇ ਨਾ ਭੁੱਲਣਾ ਕਿ **ਸਿੱਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ।**

ਸਾਡੇ ਲਈ ਗੁਰੂ ਜੀ ਨੇ ਵਿਧਾਨ ਬਣਾ ਦਿੱਤਾ ਸੀ ਕਿ ਕੋਈ ਵੀ ਕੰਮ ਆਰੰਭ ਕਰਨਾ ਹੋਵੇ ਪਹਿਲਾਂ

ਵਾਹਿਗੁਰੂ ਨੂੰ ਆਰਾਧੇ (ਕੀਤਾ ਲੋੜੀਐ ਕੰਮ ਸੋ ਹਰਿ ਪਹਿ ਆਖੀਐ) ਬਾਣੀ ਦੀ ਟੇਕ ਰੱਖੇ (ਸਤਿਗੁਰ ਸਚ ਸਾਖੀਐ)

ਅਤੇ

ਖ਼ੁਸ਼ੀ ਨੂੰ ਸੰਗਤ ਵਿਚ ਬੈਠ ਮਾਣੇ (ਸੰਤਾ ਸੰਗਿ ਨਿਧਾਨ ਅੰਮ੍ਰਿਤ ਚਾਖੀਐ)।

❑❑



Sri Satguru Jagjit Singh Ji eLibrary NamdhariElibrary@gmail.com

73

# ਅਨੰਦ ਕਾਰਜ

## ਅਨੰਦ ਕਾਰਜ ਦੀ ਸਿੱਖੀ ਵਿਚ ਕੀ ਮਰਯਾਦਾ ਹੈ?

ਪਹਿਲਾ ਬਚਨ ਪ੍ਰੇਮ ਸੁਮਾਰਗ ਵਿਚ ਇਹ ਆਇਆ ਹੈ ਕਿ ਰਿਸ਼ਤਾ ਉਥੇ ਕਰੇ "ਜਿਥੇ ਸਿੱਖੀ ਅਕਾਲ ਪੁਰਖ ਦੀ ਹੈ ਅਤੇ ਕਿਰਤ ਹੈ।"

"ਮਾਇਆ ਧਨ ਦੇਖੈ ਨਾਹੀ।।
ਤਹਾ ਸੰਜੋਗ ਬਿਨਾ ਪੂਛ ਕਰੈ।।"

'ਮੁਕਤਨਾਮਾ' ਵਿਚ ਇਹ ਵੀ ਦਰਜ ਹੈ ਕਿ ਕੰਨਿਆਂ ਭਲੇ ਸੁਭਾਅ ਵਾਲੇ, ਬੁਧਬਿਬੇਕ, ਗਿਆਨਵਾਨ ਨੂੰ ਦੇਵੇ ਅਤੇ ਖਾਸ ਕਰ ਦੇਖੇ ਕਿ ਉਹ ਕਰਜ਼ਾਈ ਨਾ ਹੋਵੇ।

ਅਤੇ ਨਾਲ ਹੀ ਹੁਕਮ ਕੀਤਾ ਕਿ 'ਕੰਨਿਆ ਮੂਲ ਨ ਦੇਵੈ ਸੋਧ' ਭਾਵ ਲੜਕੀ ਨੂੰ ਗੁਣ, ਕਰਮ ਤੇ ਸੁਭਾਉ ਵਿਚ ਨਿਪੁੰਨ ਕਰੇ ਤਾਂ ਵਰ ਢੂੰਡੇ।

ਰਹਿਤਨਾਮਿਆਂ ਵਿਚ ਕਰੜੇ ਹੁਕਮ ਕੀਤੇ ਹੋਏ ਹਨ ਕਿ ਪੁੱਤਰ ਜਾਂ ਧੀ ਦਾ ਰਿਸ਼ਤਾ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ ਤਨਖ਼ਾਹੀਆ ਹੈ। ***ਦਾਜ ਨੂੰ ਲਾਹਨਤ ਤੇ ਲੈਣ ਦੇਣ ਵਾਲੇ ਨੂੰ ਪਾਜੀ ਕਿਹਾ ਹੈ।***

ਸਿੱਖ ਸਿਖਣੀ ਦਾ ਵਿਆਹ, ਬਿਨਾਂ ਜ਼ਾਤ ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ। ਬਚਪਨ ਵਿਚ ਲੜਕੇ ਲੜਕੀ ਦਾ ਵਿਆਹ ਕਰਨਾ ਵਿਵ੍ਰਜਿਤ ਹੈ।

***ਕੁੜਮਾਈ***—ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ (ਸਰਬ ਲੋਹ ਦਾ), ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ। ਕੁੜਮਾਈ 'ਭਾਉ, ਭਗਤੀ ਤੇ ਸੰਜਮ' (Love, Dedication and Restraint) ਦਾ ਨਾਮ ਹੈ।

***ਦਿਨ ਮਿੱਥਣਾ***—ਅਨੰਦ ਕਾਰਜ ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ, ਵਾਰ, ਮਹੀਨਾ, ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਣਾ ਮਨਮਤਿ ਹੈ।

ਸਾਹਾ ਗਣਹਿ ਨ ਕਰਹਿ ਬੀਚਾਰੁ॥
ਸਾਹੇ ਊਪਰਿ ਏਕੰਕਾਰੁ॥ (ਰਾਮਕਲੀ ਮਹਲਾ ੧)

ਕੋਈ ਦਿਨ, ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨਿਯਤ ਕਰ ਲੈਣਾ ਚਾਹੀਦਾ ਹੈ।



Sri Satguru Jagjit Singh Ji eLibrary NamdhariElibrary@gmail.com

*ਜੰਞ ਤੇ ਜਾਂਞੀ*—ਸਿਹਰਾ, ਮੁੱਕਟ ਜਾਂ ਗਾਨ੍ਹਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁੱਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸ਼ਵਾ ਦਾ ਨਾਚ ਅਤੇ ਸ਼ਰਾਬ ਦਾ ਵਰਤਾਰਾ ਆਦਿ ਮਨਮਤਿ ਹੈ।

ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ ਉਤਨੇ ਨਾਲ ਲੈ ਲੜਕਾ ਸਹੁਰੇ ਘਰ ਜਾਵੇ।

*ਮਿਲਣੀ*—ਸਹੁਰੇ ਘਰ ਪੁੱਜਣ ਤੇ ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ :

'ਹਮ ਘਰਿ ਸਾਜਨ ਆਏ॥
ਸਾਚੈ ਮੇਲਿ ਮਿਲਾਏ॥
ਸਾਚ ਮਿਲਾਏ ਹਰਿ ਮਨ ਭਾਏ
ਪੰਚ ਮਿਲੇ ਸੁਖ ਪਾਇਆ॥
ਸਾਈ ਵਸਤੁ ਪਰਾਪਤਿ ਹੋਈ
ਜਿਸੁ ਸੇਤੀ ਮਨੁ ਲਾਇਆ॥
ਅਨਦਿਨ ਮੇਲ ਭਇਆ
ਮਨ ਮਾਨਿਆ,
ਘਰ ਮੰਦਰ ਸੋਹਾਏ॥
ਪੰਚ ਸਬਦ ਧੁਨਿ
ਅਨਹਦ ਵਾਜੇ
ਹਮ ਘਰਿ ਸਾਜਨ ਆਏ॥

ਦਾ ਸ਼ਬਦ ਢੁੱਕਵਾਂ ਹੈ।

ਫਿਰ ਅਰਦਾਸ ਕਰ ਵਾਹਿਗੁਰੂ ਜੀ ਕੀ ਫ਼ਤਿਹ ਗਜਾਈ ਜਾਏ।

*ਜੈ ਮਾਲਾ*—'ਜੈ ਮਾਲਾ' ਦੀ ਭੱਦੀ ਰੀਤ ਕਦਾਚਿਤ ਨਾ ਕੀਤੀ ਜਾਏ। ਜੈ ਮਾਲਾ. ਹਿੰਦੂ ਰੀਤੀ ਮੁਤਾਬਿਕ ਪੂਰਨ ਵਿਆਹ ਹੈ। ਗੁਰਮਤਿ ਵਿਚ ਵਿਵਰਜਿਤ ਹੈ।

'ਅਰ ਆਪਸ ਮੋ ਜਾਂਞੀ ਮਾਂਞੀ ਕਿਸੀ ਕੀ ਬਾਤ ਘੱਟ ਵੱਧ ਕੀ ਚਰਚਾ ਨਾ ਕਰਨ। ਅੰਤਹਕਰਨ ਕਰ ਰਾਜ਼ੀ ਰਹਿਣ।'

*ਅਨੰਦ ਕਾਰਜ*—ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ।

ਸੰਗਤ ਦੀ ਆਗਿਆ ਲੈ ਕੇ ਅਨੰਦ ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤ੍ਰੀ) ਲੜਕੇ ਲੜਕੀ ਉਨ੍ਹਾਂ ਦੇ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰਕੇ ਅਨੰਦ ਦੇ ਆਰੰਭ ਦਾ ਅਰਦਾਸਾ ਸੋਧੇ। ਫਿਰ ਵਾਕ ਲੈਣ ਉਪ੍ਰੰਤ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਦਿੱਤਾ ਜਾਵੇ।

ਪਹਿਲਾ ਉਪਦੇਸ਼ ਹੋਵੇ ਜਿਸ ਵਿਚ ਚਾਰੇ ਲਾਵਾਂ ਦਾ ਭਾਵ ਦੱਸਿਆ ਜਾਏ।

*ਪਹਿਲੀ ਲਾਵ*—ਪਰਵਿਰਤ ਰਹਿਣਾ ਹੈ। ਸਿੱਖ ਘਰ ਇਕ ਵਾਰੀ ਗ੍ਰਿਹਸਤੀ ਸਦਾ

Sri Satguru Jagjit Singh Ji eLibrary NamdhariElibrary@gmail.com

ਗ੍ਰਿਹਸਤੀ। ਸ਼ਿਕਵੇ-ਸ਼ਿਕਾਇਤਾਂ, ਉਲਾਹਮੇ, ਤਾਹਨੇ-ਮਿਹਣੇ ਨਹੀਂ ਦੇਣੇ। (Do not Protest but Adjust).

***ਦੂਜੀ ਲਾਵ*** ਹੈ ਕਿ ਸਤਿਕਾਰ ਦੀ ਦੀਵਾਰ (Wall of Reverence) ਕਦੇ ਨਾ ਤੋੜਨੀ, ਨਿਰਮਲ ਭਉ ਰੱਖਣਾ।

***ਤੀਜੀ ਲਾਵ***—ਗ੍ਰਿਹਸਤ 'ਬੈਰਾਗ ਚਾਉ' ਸਦਾ ਇਕੱਠਾ ਰਹਿਣਾ ਹੈ। ਸੰਜਮ (Restraint) ਰੱਖਣਾ। ਇਕ ਪਾਸੇ ਵਿਛੋੜਾ ਹੈ, ਦੂਜੇ ਪਾਸੇ ਮਿਲਣਾ ਹੈ। ਸੋ ਦੁੱਖ-ਸੁੱਖ ਸਮ ਕਰ ਜਾਣਨਾ। ਡੋਲਣਾ ਨਹੀਂ।

***ਚੌਥੀ ਲਾਵ***—ਸਦਾ 'ਸਹਿਜ' (Balance) ਰੱਖਣਾ। ਸਹਿਜ ਤੋਂ ਅਨੰਦ (Eternal Bliss) ਉਪਜੇਗਾ। ਖ਼ਰਚ ਆਮਦਨੀ ਤੋਂ ਘੱਟ ਕਰਨਾ, ਜੋ ਨਹੀਂ ਕਰਦਾ ਸੋ ਅੰਤ ਨੂੰ ਹੈਰਾਨ ਹੋਵੇਗਾ।

'ਏਕ ਜੋਤਿ ਦੋਇ ਮੂਰਤੀ' ਬਣ ਕੇ ਰਹਿਣਾ। ਪ੍ਰਭੂ ਵਿਸਾਰਨਾ ਨਾਹੀ। ਲੜ ਅਕਾਲ ਪੁਰਖ ਦਾ ਤੇ ਓਟ ਆਸਰਾ ਗੁਰਬਾਣੀ ਦੋਇ ਰੱਖਣਾ। ਇਸ 'ਸੰਜੋਗ' ਨੂੰ ਦੋਹਾਂ ਨੇ ਮਨੁੱਖਾ ਜਨਮ ਦੀ ਯਾਤਰਾ ਨਾਲ ਨਿਭਾਉਣ ਦਾ ਸਾਧਨ ਬਣਾਉਣਾ ਹੈ। ਇਹ ਇਕ ਪ੍ਰਕਾਰ ਦਾ ਦੋ ਸਿੱਖਾਂ ਦਾ ਮੇਲ ਹੋਇਆ ਹੈ ਤੇ ਸਾਧ ਸੰਗਤਿ ਘਰ ਬਣੀ ਹੈ। ਇਸ ਸੰਜੋਗ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਨਵੀਂ ਖੋਜ ਜੋ ਪ੍ਰੋਫੈਸਰ ਕ੍ਰਿਸਟੀਅਨ ਓਸਲੋ ਨੇ ਕਰ ਕੇ ਦੱਸੀ ਹੈ ਉਸ ਮੁਤਾਬਿਕ ਇਹ ਨਿਰਣਾ ਲਿਆ ਗਿਆ ਹੈ ਕਿ ਜ਼ਹੀਨ (ਜੀਨਿਯਸ) ਬੱਚੇ ਖ਼ੁਸ਼-ਚਿੱਤ ਮਾਪਿਆਂ ਘਰ ਹੀ ਪੈਦਾ ਹੁੰਦੇ ਹਨ।

(Genius are Born out of Happy combination of the Genes of Father and Mother.) । ਤੁਹਾਡਾ ਦੋਵਾਂ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ ਕਿਉਂਕਿ ਪ੍ਰਣ ਨਿਭਾਉਣ ਦੀ ਸ਼ਕਤੀ ਅੰਮ੍ਰਿਤਧਾਰੀ ਵਿਚ ਹੀ ਹੁੰਦੀ ਹੈ। ਫਿਰ ਵੱਖ-ਵੱਖ ਉਪਦੇਸ਼ ਵੀ ਲੜਕੇ ਲੜਕੀ ਨੂੰ ਕੀਤੇ ਜਾਣ।

ਵਰ ਨੂੰ ਦੱਸਿਆ ਜਾਏ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਹਰ ਹਾਲ ਇਕੋ ਜਿਹਾ ਪਿਆਰ ਕਰਨਾ। ਵੰਡ ਛਕਣਾ ਹੈ। ਜਿਸ ਦਾ ਪਿਆਰ ਪਤਨੀ ਨਾਲ ਦਿਨੋਂ ਦਿਨ ਵੱਧ ਰਿਹਾ ਹੈ, ਉਹ ਹੀ ਸਫ਼ਲ ਗ੍ਰਿਹਸਤੀ ਹੈ। ਜੇ ਸਮਾਂ ਪਾ ਕੇ ਘੱਟ ਰਿਹਾ ਹੈ ਉਹ ਹਿਰਸੀ ਤੇ ਕਾਮੀ ਹੈ। ਇਸਤ੍ਰੀ ਬਰਤ ਧਰਮ ਵਿਚ ਪੱਕੇ ਰਹਿਣਾ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ।

ਏਸ ਦੇ ਮਾਤਾ-ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਤੁਲ ਆਦਰ ਦੇਣਾ।

ਕੰਨਿਆਂ ਨੂੰ ਦੱਸਿਆ ਜਾਏ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤਾਂ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਹਨਾਂ ਦੇ 'ਨਿਰਮਲ ਭਉ' ਵਿਚ ਰਹਿੰਦੇ, ਇਹਨਾਂ ਨੂੰ ਹੀ ਸਾਰੇ ਪ੍ਰੇਮ ਸ਼ਰਧਾ ਦਾ ਬਿੰਦੂ ਸਮਝਣਾ। ਦੁੱਖ

Sri Satguru Jagjit Singh Ji eLibrary NamdhariElibrary@gmail.com

ਸੁੱਖ, ਦੇਸ-ਪ੍ਰਦੇਸ ਵਿਚ ਆਪਣੇ ਪਤੀ ਬਰਤ ਧਰਮ ਵਿਚ ਪੱਕੇ ਰਹਿਣਾ :

'ਜਿਨਾਂ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ॥'

ਕਦੀ ਕੰਤ ਨੂੰ 'ਕੁਮੱਤ' ਨ ਦੇਣੀ। ਘਰ ਦੀ ਕਾਇਮੀ ਇਸੇ ਵਿਚ ਹੈ ਕਿ ਇਸ ਦੇ ਮਾਤਾ ਤੇ ਸੰਬੰਧੀਆਂ ਨੂੰ ਆਪਣੇ ਮਾਪਿਆਂ ਵਾਂਗ ਜਾਣਨਾ।

ਘਰ ਟੁੱਟਦੇ (ਫ਼ਰੈਕਚਰਡ) ਉਹ ਹੀ ਹਨ ਜਿੱਥੇ ਸੇਵਾ ਨਹੀਂ ਰਹਿੰਦੀ :

'ਮਾਂ ਪਿਉ ਛੱਡ ਵੱਡੇ ਹਤਿਆਰੇ।'

ਭਾਈ ਗੁਰਦਾਸ ਜੀ ਦੀ ਤੁਕ ਦਾ ਭਾਵ ਸੁਣਾਂਦੇ ਦੱਸਣਾ ਕਿ ਲੋਕਾਚਾਰ ਦੇ ਪਰਦੇ ਹੇਠਾਂ ਕਿ ਲੋਕੀਂ ਨਹੀਂ ਵੱਖ ਹੁੰਦੇ ਆਏ ਆਖ ਕੇ ਵੱਖ ਹੋ ਜਾਣਾ, ਕੁਚਾਲ ਹੈ, ਜੋ ਗੁਰਸਿੱਖ ਨਹੀਂ ਕਰਦਾ :

"ਵੱਖ ਹੋਵੈ ਪੁੱਤ ਰੰਨ ਲੈ
ਮਾਂ ਪਿਉ ਦੇ ਉਪਕਾਰ ਵਿਸਾਰੇ।
ਲੋਕਾਚਾਰ ਹੋਇ ਵਡੇ ਕੁਚਾਰੇ॥"

ਜੋ ਉਪਦੇਸ਼ ਗੁਰੂ ਹਰਿਗੋਬਿੰਦ ਜੀ ਦੀ ਪੁੱਤਰੀ ਬੀਬੀ ਵੀਰੋ ਜੀ ਨੂੰ ਉਹਨਾਂ ਦੀ ਮਾਤਾ ਜੀ ਨੇ ਦਿੱਤਾ ਸੀ, ਸੁਣਾਉਣਾ ਕਿ ਅੰਮ੍ਰਿਤ ਵੇਲੇ ਉੱਠ ਇਸ਼ਨਾਨ ਕਰਨਾ ਹੈ ਤੇ ਬਾਣੀ ਹੀ ਮੁੱਖ ਵਿਚ ਰੱਖਣੀ ਹੈ, ਕੋਈ ਨਿੰਦਾ-ਪਰਾਈ ਜਾਂ ਚੁਗ਼ਲੀ ਨਹੀਂ ਕਰਨੀ :

"ਪ੍ਰਾਤਹ ਉਠਿ ਕਰ ਮਜਨ ਕਰੀਅਹੁ॥
ਗੁਰਬਾਣੀ ਮੁੱਖ ਮਹਿ ਰਰੀਓ॥"

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ।

***ਲਾਵਾਂ***—ਫਿਰ ਲੜਕੀ ਦਾ ਪਿਤਾ ਜਾਂ ਮੁੱਖੀ ਸਬੰਧੀ ਲੜਕੇ ਦਾ ਪੱਲਾ ਲੜਕੀ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ***ਸੂਹੀ ਮਹਲਾ ੪, ਪੰਨਾ ੭੭੩ ਤੇ ਦਿੱਤੀਆਂ ਲਾਵਾਂ*** ਦਾ ਪਾਠ ਸੁਣਾਵੇ। ਇਕ ਲਾਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪ੍ਰਕਰਮਾਂ ਕਰਨ।

ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਵ ਸੁਣਨ ਲਈ ਖੜ੍ਹੇ ਹੋ ਜਾਣ।

ਚਾਰ ਲਾਵਾਂ ਦੇ ਪਾਠ ਤੇ ਪ੍ਰਕਰਮਾਂ ਉਪ੍ਰੰਤ ਮੱਥਾ ਟੇਕ ਕੇ ਆਪਣੀ ਥਾਂ ਬੈਠ ਜਾਣ ਤੇ ਰਾਗੀ ਸਿੰਘ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ। ਫਿਰ ਅਨੰਦ ਕਾਰਜ ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਏ ਅਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਏ।

ਇਹ ਵੀ ਚੇਤਾ ਰਵ੍ਹੇ ਕਿ ਅਨਮਤ ਵਾਲਿਆਂ ਦਾ ਵਿਆਹ ਅਨੰਦ ਰੀਤੀ ਨਾਲ ਨਹੀਂ ਹੋ ਸਕਦਾ।

Sri Satguru Jagjit Singh Ji eLibrary NamdhariElibrary@gmail.com

'ਜੇ ਬਾਲਕੀ ਦੇ ਮਾਪੇ ਕਦੀ ਸਬੱਬਾ ਪਾਇ ਕੈ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਪ੍ਰਸ਼ਾਦਿ ਤਿਆਰ ਹੋਵੈ ਤਾਂ ਖਾਣ ਤੋਂ ਸੰਕੋਚ ਨਹੀਂ ਕਰਨਾ। ਅੰਨ ਨਾ ਖਾਣਾ ਸਭ ਭਰਮ ਹੈ। ਖ਼ਾਲਸੇ ਨੂੰ ਖਾਣਾ ਖਵਾਲਣਾ, ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖ਼ਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ। ਇਸ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹਨ।' (ਪ੍ਰੇਮ-ਸੁਮਾਰਗ)

***ਵਿਧਵਾ ਵਿਆਹ***—ਵਿਧਵਾ ਵਿਆਹ ਦੀ ਸਿੱਖ ਧਰਮ ਵਿਚ ਆਗਿਆ ਹੈ। ਜਿਸ ਇਸਤ੍ਰੀ ਦਾ ਭਰਤਾ ਕਾਲ ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਹ ਵੀ ਪੁਨਰ-ਵਿਆਹ ਕਰਾ ਸਕਦਾ ਹੈ। ਪੁਨਰ-ਵਿਆਹ ਦੀ ਵੀ ਉਹ ਰੀਤ ਹੈ, ਜੋ ਅਨੰਦ ਕਾਰਜ ਲਈ ਦੱਸੀ ਹੈ।

***ਆਰੰਭ ਕਦੋਂ***—ਅਨੰਦ ਕਾਰਜ ਦੇ ਆਰੰਭ ਬਾਰੇ ਸਾਡੇ ਇਤਿਹਾਸ ਨੇ ਲਿਖਿਆ ਹੈ ਕਿ ਜਦ ਹਿੰਦਾਲ ਦੇ ਭਰਾ ਨੇ ਆਪਣੀ ਲੜਕੀ ਦੀ ਸ਼ਾਦੀ ਕਰਨੀ ਚਾਹੀ ਤਾਂ ਬ੍ਰਾਹਮਣ ਨੇ ਕਿਹਾ—ਤੁਸੀਂ ਗੁਰੂ ਅਮਰਦਾਸ ਜੀ ਦੇ ਸਿੱਖ ਹੋ, ਇਸ ਲਈ ਹਿੰਦੂ ਰੀਤੀ ਅਨੁਸਾਰ ਸ਼ਾਦੀ ਨਹੀਂ ਹੋ ਸਕਦੀ।

ਗੁਰੂ ਅਮਰਦਾਸ ਜੀ ਨੇ ਅਨੰਦ ਕਾਰਜ ਕਰਾਉਣ ਦਾ ਹੁਕਮ ਦਿੱਤਾ।

ਬੀਬੀ ਵੀਰੋ ਜੀ ਦੀ ਸ਼ਾਦੀ ਵੇਲੇ ਲਾਵਾਂ ਦਾ ਪਾਠ ਹੀ ਹੋਇਆ ਸੀ। ਝਬਾਲ ਵਿਖੇ ਹੁਣ ਵੀ 'ਲਾਵਾਂ ਸਾਹਿਬ' ਗੁਰਦੁਆਰਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਅਨੰਦ ਕਾਰਜ ਹੀ ਹੁੰਦੇ ਸਨ ਪਰ ਹੌਲੇ-ਹੌਲੇ 'ਬਿਪ੍ਰਨ ਕੀ ਰੀਤ' ਸਿੱਖ ਘਰ ਸਮਾ ਗਈ ਪਰ ਅਨੰਦ ਕਾਰਜ ਦੀ ਮਰਯਾਦਾ ਮੁਕਾਈ ਨਾ ਜਾ ਸਕੀ ਕਿਉਂਕਿ ਹਿੰਦੂਆਂ ਵਿਚ ਵਿਧਵਾ ਵਿਆਹ ਨਹੀਂ ਸੀ, ਸੋ ਅਨੰਦ ਮਰਯਾਦਾ ਦਾ ਸਹਾਰਾ ਲੈਣਾ ਪੈਂਦਾ ਸੀ।

ਨਿਹੰਗ ਸਿੰਘ ਅਨੰਦ ਮਰਯਾਦਾ ਅਨੁਸਾਰ ਹੀ ਵਿਆਹ ਕਰਦੇ ਹਨ। ਬਾਬਾ ਦਿਆਲ ਜੀ ਨੇ ਅਨੰਦ ਕਾਰਜ ਦੀ ਮਰਯਾਦਾ ਨੂੰ ਫਿਰ ਚਲਾਉਣ ਦਾ ਬੀੜਾ ਚੁੱਕਿਆ।

ਕਾਨੂੰਨੀ ਸ਼ਕਲ ੨੨ ਅਕਤੂਬਰ, ੧੯੦੯ ਨੂੰ ਅਨੰਦ ਮੈਰਿਜ ਐਕਟ ਦੁਆਰਾ ਮਿਲੀ। ਟਿੱਕਾ ਰਿਪਦੁਮਨ ਸਿੰਘ ਨਾਭਾ ਨੇ ਇਸ ਨੂੰ ਬਣਾਉਣ ਵਿਚ ਬਹੁਤ ਹਿੱਸਾ ਪਾਇਆ। ਸਭ ਨੇ ਮੰਨਿਆ ਕਿ ਅਨੰਦ ਕਾਰਜ ਸਹਿਲ, ਸਰਲ ਤੇ ਘੱਟ ਖ਼ਰਚੀਲੀ ਰਸਮ ਹੈ। (A Simple and Less Expensive)।

ਸਿੱਖ ਧਰਮ ਵਿਚ 'ਤੱਤ ਤੇ ਬੁੱਤ' (Element & Idol) ਦੀ ਪੂਜਾ ਦੀ ਮਨਾਹੀ ਹੈ। ਹਿੰਦੂ ਮਰਯਾਦਾ ਅਨੁਸਾਰ "ਤੱਤ" ਅਗਨੀ ਦੇ ਫੇਰੇ ਜ਼ਰੂਰੀ ਹਨ। ਕੋਈ ਅਨੰਦ ਪੜ੍ਹਾਈ ਨਹੀਂ ਲੈ ਸਕਦਾ। ਜੇ ਕੋਈ ਲਵੇ ਤਾਂ ਉਸ ਨੂੰ ਮਾੜਾ ਗਿਣਿਆ ਜਾਂਦਾ ਹੈ। ਮੁਸਲਮਾਨਾਂ ਵਿਚ 'ਸੌਦਾ' ਹੈ ਤੇ ਈਸਾਈਆਂ ਵਿਚ 'ਸਾਥ' ਹੈ। ਸੌਦਾ ਟੁੱਟ ਸਕਦਾ ਹੈ, 'ਸਾਥ' ਛੱਡੇ ਜਾ ਸਕਦੇ ਹਨ ਪਰ ਸਾਡੇ ਵਿਚ ਇਹ 'ਅਟੁੱਟ' ਹੈ। ਸਾਡੇ ਲਈ

Sri Satguru Jagjit Singh Ji eLibrary NamdhariElibrary@gmail.com

ਗ੍ਰਹਿਸਤ ਆਸ਼ਰਮ ਨਹੀਂ, ਧਰਮ ਹੈ।

ਹਿਸਟਰੀ ਔਫ਼ ਦੀ ਫ਼ਰੀਡਮ ਮੂਵਮੈਂਟ ਇਨ ਇੰਡੀਆ, ਜਿਲਦ ਦੂਜੀ ਦੇ ਪੰਨਾ ੩੯੬ ਵਿਚ ਲਿਖਿਆ ਹੈ ਕਿ ਅਨੰਦ ਕਾਰਜ ਐਕਟ ਦਾ ਪਾਸ ਹੋਣਾ ਕੋਈ ਨਿੱਕੀ ਜਿਹੀ ਗੱਲ ਨਹੀਂ ਸੀ। ਇਸ ਨਾਲ ਵਿਧਵਾ ਵਿਆਹ ਕਾਨੂੰਨੀ ਹੋਏ ਤੇ ਅੰਤਰ ਜਾਤੀਏ ਵਿਆਹਾਂ ਨੂੰ ਬਾਕਾਇਦਾ ਕਰਾਰ ਦਿੱਤਾ ਗਿਆ। ਅਨੰਦ ਕਾਰਜ ਐਕਟ ਨਾਲ ਉਹ ਖਿੜਕੀ ਖੁਲ੍ਹੀ ਜਿਸ ਦੁਆਰਾ ਖੁੱਲ੍ਹੇ ਚੌੜੇ ਜਗਤ ਦੀ ਤਾਜ਼ਾ ਹਵਾ ਝੁਲੀ। ਖੋਖਲੀਆਂ ਰੀਤਾਂ ਤੇ ਕੂੜੀਆਂ ਰਸਮਾਂ ਦੇ ਜੂਲੇ ਹੇਠੋਂ ਕੌਮ ਨਿਕਲੀ ਅਤੇ ਅਗਾਂਹ ਵਧਣ ਦੇ ਰਾਹ ਪੈਣ ਦੇ ਸਮਰੱਥ ਹੋਈ। ਇਸਦਾ ਸਦਕਾ ਹਿੰਦੂ ਧਰਮ ਨਾਲੋਂ ਸਿੱਖ ਧਰਮ ਸਾਫ਼ ਨਿੱਖੜ ਅੱਡ ਹੋ ਗਿਆ।

(This Constituted a Distinct Break with Hinduism)।

## ਅਕਾਲ ਚਲਾਣੇ ਵੇਲੇ ਸਿੱਖ ਨੂੰ ਕੀ ਮਰਯਾਦਾ ਅਪਨਾਉਣੀ ਚਾਹੀਦੀ ਹੈ?

ਸਾਨੂੰ ਹੁਕਮ ਹੈ ਕਿ ਰੋਜ਼ ਰਾਤ ਨੂੰ ਸੌਣ ਵੇਲੇ 'ਸੋਹਿਲਾ' ਦਾ ਪਾਠ ਕਰਨਾ ਹੈ ਅਤੇ ਫਿਰ ਹੁਕਮ ਹੈ ਕਿ ਜਦ ਮ੍ਰਿਤਕ ਦੇਹ ਨੂੰ ਚਿਖਾ ਤੇ ਰੱਖ ਲਾਂਬੂ ਲਗ੍ਹਾਓ ਤਾਂ ਸੋਹਿਲਾ ਦਾ ਪਾਠ ਕਰ ਅਰਦਾਸ ਕਰਨੀ ਹੈ। ਇਥੋਂ ਇਤਨੀ ਸੂਝ ਮਿਲੀ ਕਿ ਮੌਤ ਇਕ ਲੰਬੀ ਨੀਂਦ ਹੈ ਅਤੇ ਨੀਂਦ ਇਕ ਛੋਟੀ ਮੌਤ ਹੈ।

ਖਿਡਾਵੀ ਜਾਂ ਖਿਡਾਵਾ (ਦਾਈ-ਦਾਇਆ) ਬੱਚੇ ਨੂੰ ਖਿਡਾਂਦੀ ਹੈ। ਜਦ ਮਾਪੇ ਬੱਚੇ ਨੂੰ ਲੈ ਜਾਂਦੇ ਹਨ ਤਾਂ ਖਿਡਾਵੇ ਰੋਂਦੇ ਤਾਂ ਨਹੀਂ, ਸਗੋਂ ਭਾਰ ਹੌਲਾ ਹੋਇਆ ਸਮਝਦੇ ਹਨ। ਸੋ ਜਦ ਕੋਈ ਪ੍ਰਭੂ ਦੀ ਗੋਦ ਵਿਚ ਜਾਂਦਾ ਹੈ ਤਾਂ ਮਾਂ-ਬਾਪ ਸਬੰਧੀਆਂ ਦਾ ਰੋਣਾ ਫ਼ਜ਼ੂਲ ਹੈ। ਸਰੀਰ ਇਹ ਰਹਿਣਾ ਨਹੀਂ, ਆਤਮਾ ਜਾਣੀ ਨਹੀਂ। ਸਦਾ ਚੇਤੇ ਰੱਖਣਾ ਕਿ ਜੋ ਵੀ ਪ੍ਰਭੂ ਨੇ ਬਣਾਇਆ ਹੈ, ਉਹ ਸੁਖਦਾਈ ਹੈ।

ਗੁਰੂ ਨੇ ਸਿੱਖ ਨੂੰ ਸਮਝਾ ਦਿੱਤਾ ਹੈ ਕਿ ਸਰੀਰ ਰੂਪੀ ਘੜੇ ਟੁੱਟਣ ਨਾਲ ਨਾਸ ਕੁਝ ਨਹੀਂ ਹੁੰਦਾ। ਜਿਸ ਆਦਰਸ਼ ਲਈ ਸਰੀਰ ਜੀਵਿਆ ਹੈ, ਉਹ ਜ਼ਿੰਦਾ ਰਹਿੰਦਾ ਹੈ :

ਘਟ ਫੂਟੇ, ਘਟਿ ਕਬਹਿ ਨ ਹੋਈ।

ਸਿੱਖ ਨੇ ਸਦਾ ਮੌਤ ਲਈ ਤਿਆਰੀ ਕੱਸੀ ਰੱਖਣੀ ਹੈ। 'ਹਸ ਸਰਨਾਗਤ ਜਾਣਾ' ਹੈ ਨਾ ਕਿ 'ਝੂਰਣਾ' ਦੁਚਿੱਤਾ ਹੋ :

ਤੁਝ ਹੀ ਕੀਆ ਜੰਮਣ ਮਰਣਾ॥
ਗੁਰ ਤੇ ਸਮਝ ਪੜੀ ਕਿਆ ਡਰਣਾ॥ (ਮਾਰੂ ਮਹਲਾ ੧)

ਜਦ ਕਿਤਨੇ ਹੀ ਨਿਕਟਵਰਤੀ ਗੁਰੂ ਹਰਗੋਬਿੰਦ ਜੀ ਦੀਆਂ ਅੱਖਾਂ ਸਾਹਮਣੇ ਗੁਜ਼ਰੇ ਤਾਂ ਉਨ੍ਹਾਂ ਹੁਕਮ ਕੀਤਾ ਸੀ :

ਮਿਲਬੇ ਤ ਹਰਖਹਿ ਨਹਿ ਗਿਆਨੀ।
ਬਿਛੁਰੇ ਸ਼ੋਕ ਨ ਦੁਖ ਕੋ ਜਾਨੀ।

ਦਮਦਮਾ ਸਾਹਿਬ ਚਾਰ ਸਾਹਿਬਜ਼ਾਦੇ ਨਾ ਦੇਖ ਕੇ ਮਾਤਾ ਸੁੰਦਰੀ ਜੀ ਨੇ ਜ਼ਰਾ ਕੁ ਉੱਚੀ ਆਵਾਜ਼ ਕੱਢੀ ਤਾਂ ਮਹਾਰਾਜ ਨੇ ਕਿਹਾ ਸੀ :

ਇਸ ਤਰ੍ਹਾਂ ਕਿਉਂ ਵੈਰਾਗ ਕਰਦੇ ਹੋ। ਇਹ ਜਗਤ ਤਾਂ ਨਦੀਆਂ ਦੇ ਮੇਲ ਵਾਂਗ ਹੈ। ਮਿਲੇ ਤੇ ਫਿਰ ਵਿਛੁੜੇ। ਪੁੱਤਰ ਪਰਾਰਬਧ ਕਰ ਸਾਡੇ ਘਰ ਆਏ ਤੇ ਪਰਉਪਕਾਰ ਹਿਤ ਸੀਸ ਲਗਾ ਚਲੇ ਗਏ :



Sri Satguru Jagjit Singh Ji eLibrary NamdhariElibrary@gmail.com

"ਰੋਦਤ ਐਸੇ ਕਿਉਂ ਤੁਮ ਠਾਨਾ।
ਜਗਤ ਮੇਲ ਨਦ ਤੁਮਰੀ ਸਮਾਨਾ।
ਮਿਲਨ ਅੰਤ ਮੈਂ ਹੋਇ ਬਿਓਗਾ।
ਪਰਾਰਬਧ ਕੇ ਬਸ ਸਭ ਲੋਗਾ।
ਪਰਉਪਕਾਰੀ ਪੁੱਤਰ ਹਮਾਰੇ।
ਧਰਮ ਹੇਤ ਜਿਨ ਸੀਸ ਬਿਦਾਰੇ।

***ਇਸੇ ਲਈ ਸ੍ਰੀ ਦਰਬਾਰ ਸਾਹਿਬ ਮ੍ਰਿਤਕ ਦਾ ਅਖੰਡ ਪਾਠ ਨਹੀਂ ਹੁੰਦਾ।***

ਅਸੀਂ ਇਸੇ ਲਈ ਮਰਣਾ ਵੀ ਨਹੀਂ ਕਹਿੰਦੇ। 'ਅਕਾਲ-ਚਲਾਣਾ', 'ਚੜ੍ਹਾਈ ਕਰ ਗਿਆ', 'ਪੂਰਾ ਹੋ ਗਿਆ', 'ਸੱਚਖੰਡ ਪਯਾਨਾ' ਜਾਂ 'ਗੁਜ਼ਰ ਗਿਆ' ਕਹਿੰਦੇ ਹਾਂ।

ਰਹਿਤ ਮਰਯਾਦਾ ਵਿਚ ਦਰਜ ਹੈ ਕਿ ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ ਤੇ ਹੋਵੇ ਤਾਂ ਮੰਜੇ ਤੋਂ ਹੇਠਾਂ ਨਹੀਂ ਉਤਾਰਨਾ। ਦੀਵਾ ਵੱਟੀ ਕਦਾਚਿਤ ਨਹੀਂ ਕਰਨਾ।

ਕੋਈ ਚੀਜ਼ ਗਾਂ ਆਦਿ ਉਸ ਦਾ ਹੱਥ ਲਗਾ ਕੇ ਮਣਸਾਉਣੀ ਨਹੀਂ। ਮਨਮਤਿ ਵਾਲਾ ਕੋਈ ਸੰਸਕਾਰ ਨਹੀਂ ਕਰਨਾ। ਧਾਹ ਨਹੀਂ ਮਾਰਨੀ। ਪਿੱਟਣਾ ਨਹੀਂ। ਅਲਾਹੁਣੀ ਨਹੀਂ ਦੇਣੀ। ਸਿਆਪਾ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ-ਵਾਹਿਗੁਰੂ, ਸ਼ੁਕਰ-ਸ਼ੁਕਰ ਕਰਨਾ। ਜਦ ਕੋਈ ਪ੍ਰਚਾਵਨੀ ਕੇ ਵਾਸਤੇ ਆਵੇ, ਆਪਸ ਮੇਂ 'ਹੁਕਮ ਸਿਉ', 'ਸ੍ਰੀ ਅਕਾਲ ਪੁਰਖ ਦੀ ਰਜ਼ਾ' ਕਹਿ ਕੇ ਬੈਠ ਜਾਏ। (ਪ੍ਰੇਮ-ਸੁਮਾਰਗ)

ਪ੍ਰਾਣੀ ਨੂੰ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ ਸਸਕਾਰ ਕਰਨਾ ਚਾਹੀਏ। ਹਾਂ, ਜਿੱਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ, ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ। ਸਸਕਾਰ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨਹੀਂ ਕਰਨੇ। ਫਿਰ ਤਖ਼ਤੇ ਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਏ। ਅਰਦਾਸ ਵਿਚ ਇਹ ਹੀ ਕਹਿਣਾ ਹੈ 'ਇਹ ਆਪ ਦਾ ਸਿੱਖ ਆਪਣੇ ਗ੍ਰਹਿ ਵਿਖੇ ਜਿਤਨੇ ਸੁਆਸ ਤੁਸਾਂ ਦਿੱਤੇ ਸਨ, ਭੋਗ ਕੇ ਜਾ ਰਹਿਆ ਹੈ। ਸਦਾ ਨਿਵਾਸ ਦਈ ਰੱਖਣਾ।'

ਕਲਗੀਧਰ ਨੇ ਹੁਕਮ ਕੀਤਾ ਸੀ ਕਿ ਸਿੱਖ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਨਹੀਂ ਕਰਨੀ ਕਿਉਂਕਿ ਉਸ ਦੀ ਆਤਮਾ ਤਾਂ ਇਥੇ ਹੀ ਬਾਣੀ ਸੁਣ ਸ਼ਾਂਤ ਹੋ ਚੁੱਕੀ ਹੈ। ਸਿਰਫ਼ ਇਹ ਹੀ ਕਹਿਣਾ ਕਿ 'ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣਾ ਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ।'

ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ, ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਏ। ਸਸਕਾਰ ਦੀ ਥਾਂ ਤੇ ਪੁੱਜ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨ ਭੇਟ ਕਰਨ ਲਈ ਅਰਦਾਸਾ ਸੋਧਿਆ ਜਾਏ।

Sri Satguru Jagjit Singh Ji eLibrary NamdhariElibrary@gmail.com

ਫਿਰ ਪ੍ਰਾਣੀ ਨੂੰ ਅੰਗੀਠੇ ਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿੱਥ ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ ਸੋਹਿਲਾ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਕੋਈ ਕਪਾਲ ਕਿਰਿਆ ਨਹੀਂ ਕਰਨੀ। ਘਰ ਆ ਕੇ ਜਾਂ ਲਾਗੇ ਦੇ ਕਿਸੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਏ।

ਗੁਰ ਬਿਲਾਸ ਪਾਤਸ਼ਾਹੀ ੧੦ਵੀਂ ਵਿਚ ਵੀ ਇਹ ਹੁਕਮ ਆਇਆ ਹੈ :

ਮਰੇ ਸਿੱਖ ਤੇ ਕਰੇ ਕੜਾਹ।
ਤਿਸ ਕੁਟੰਬ ਰੁਦਨੈ ਬਹੁ ਨਾਹ।

ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸਬੰਧੀਆਂ ਦੇ ਸੌਖ ਨੂੰ ਮੁੱਖ ਰੱਖ ਕੇ ਨੀਯਤ ਕੀਤੀ ਜਾਵੇ।

ਪਾਠ ਵਿਚ ਸਾਰੇ ਘਰ ਵਾਲੇ ਤੇ ਸਬੰਧੀ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਹੋਵੇ।

ਦੁਸਹਿਰੇ ਦੇ ਪਿਛੋਂ ਚਲਾਣੇ ਦੀ ਕੋਈ ਹੋਰ ਰਸਮ ਨਹੀਂ ਕਰਨੀ।

ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਪ੍ਰਵਾਹ ਕਰ ਦਿੱਤੀ ਜਾਏ ਜਾਂ ਉਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ।

ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

ਅੱਧੇ ਮਾਰਗ ਤੇ ਅਰਥੀ ਨੂੰ ਰੱਖਣਾ, ਸਿਆਪਾ, ਫੂਹੜੀ ਪਾਉਣੀ, ਦੀਵਾ, ਪਿੰਡ ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤਿ ਹੈ।

ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ (ਕੀਰਤਪੁਰ ਸਾਹਿਬ), ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਉਣੇ ਮਨਮਤਿ ਹੈ।

❑❑

Sri Satguru Jagjit Singh Ji eLibrary NamdhariElibrary@gmail.com

# 75 ਅਖੰਡ ਪਾਠ ਦੀ ਮਰਯਾਦਾ

## *ਅਖੰਡ ਪਾਠ ਦੀ ਮਰਯਾਦਾ ਕਦ ਚੱਲੀ ਅਤੇ ਇਸ ਦੀ ਵਿਧੀ ਕੀ ਹੈ ?*

ਗੁਰੂ ਅਰਜਨ ਦੇਵ ਜੀ ਵੇਲੇ ਹੀ ਹੁਕਮ ਹੋ ਗਏ ਸਨ ਕਿ ਉਤਸ਼ਾਹ ਤੇ ਭੀੜਾ ਵੇਲੇ ਪਾਠ ਕਰਨਾ ਜਾਂ ਸੁਣਨਾ।

ਗੁਰੂ ਹਰਿਗੋਬਿੰਦ ਜੀ ਦੇ ਜਦ ਪਹਿਲੋਂ (ਬੀਬੀ ਦਮੋਦਰੀ ਜੀ), ਫਿਰ ਸਾਲੀ (ਬੀਬੀ ਰਾਮੋ ਜੀ) ਅਤੇ ਸਾਂਢੂ (ਭਾਈ ਸਾਈਂ ਦਾਸ ਜੀ) ਸੱਸ (ਮਾਤਾ ਪ੍ਰੇਮ ਦਈ ਜੀ) ਅਤੇ ਸਹੁਰਾ (ਭਾਈ ਨਾਰਾਇਣ ਦਾਸ ਜੀ) ਉਤੋੜਤੀ ਅਕਾਲ-ਚਲਾਣਾ ਕਰ ਗਏ ਤਾਂ ਉਚੇਚੀ ਬੀੜ ਮੰਗਵਾ ਡਰੋਲੀ ਪਾਠ ਕਰਾਇਆ ਸੀ।

ਦਮਦਮਾ ਸਾਹਿਬ ਤੋਂ ਨੰਦੇੜ ਜਾਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਅਖੰਡ ਪਾਠ ਕਰਵਾਇਆ ਸੀ।

ਬਾਬਾ ਦੀਪ ਸਿੰਘ ਜੀ ਸ਼ਹੀਦੀ ਪਾਉਣ ਲਈ ਦਮਦਮਾ ਸਾਹਿਬ ਤੋਂ ਜਦ ਸ੍ਰੀ ਅੰਮ੍ਰਿਤਸਰ ਵੱਲ ਟੁਰੇ ਸਨ ਤਾਂ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ ਜੀ ਵਿਚ ਸਾਫ਼ ਸੰਕੇਤ ਹੈ ਕਿ :

'ਸੁਨ ਸਿੰਘ ਪਾਠ ਅਖੰਡ ਕਰਾਯੋ।। ੧੩੧।। (ਉਤ੍ਰਾਰਧ ਬਿਸ੍ਰਾਮ ੫੦)

ਰਹਿਤ ਮਰਯਾਦਾ ਦੇ ਭਾਗ ***'ਸ਼ਖ਼ਸੀ ਰਹਿਣੀ'*** ਦੇ ਪਹਿਲੇ ਅਧਿਆਇ 'ਨਾਮ ਬਾਣੀ ਦੇ ਅਭਿਆਸ' ਹੇਠਾਂ 'ਅਖੰਡ ਪਾਠ' ਦੇ ਸਿਰਲੇਖ' ਹੇਠ ਇਸ ਤਰ੍ਹਾਂ ਦਰਜ ਹੈ :

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ।

ਇਹ ਤਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਏ। ਪਾਠ ਬਹੁਤ ਤੇਜ਼ ਪੜ੍ਹਨਾ ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰਾ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ।

(ਅ) ਅਖੰਡ ਪਾਠ ਜਿਸ ਪ੍ਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਸਾਰੇ ਆਦਮੀ, ਸਾਕ-ਸਬੰਧੀ, ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਕੋਈ ਮੁਕੱਰਰ ਨਹੀਂ ਹੈ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ।

***ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ।***



Sri Satguru Jagjit Singh Ji eLibrary NamdhariElibrary@gmail.com

ਪਾਠੀ ਦੀ ਯਥਾ ਸ਼ਕਤਿ ਭੋਜਨ, ਬਸਤਰ ਆਦਿ ਨਾਲ ਸੇਵਾ ਕੀਤੀ ਜਾਏ।

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ (ਨਲੀਏਰ, ਘੜਾ ਪਾਣੀ ਦਾ ਭਰ ਕੇ ਰੱਖਣਾ ਅਤੇ ਲਾਲ ਕੱਪੜੇ ਵਿਚ ਨਲੀਏਰ ਰੱਖਣਾ), ਜੋਤ ਆਦਿ ਰੱਖਣਾ ਮਨਮਤਿ ਹੈ। ਨਾਲ-ਨਾਲ ਜਾਂ ਵਿਚ ਕਿਸੇ ਹੋਰ ਬਾਣੀ ਦਾ ਪਾਠ (ਸੰਪਟ) ਜਾਂ ਤੁੱਕ ਜਾਰੀ ਰੱਖਣਾ ਮਨਮਤਿ ਹੈ।

***ਆਰੰਭ***—ਅਰੰਭ ਵੇਲੇ ਕੜਾਹ ਪ੍ਰਸ਼ਾਦਿ ਕਰ ਕੇ, ਅਨੰਦ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਅਰਦਾਸ ਕਰ ਕੇ ਅਤੇ ਹੁਕਮ ਲੈ ਕੇ ਪਾਠ ਦਾ ਆਰੰਭ ਕੀਤਾ ਜਾਏ।

***ਮੱਧ***—'ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ' ਦੀ ਤੁਕ ਆਉਣ ਤੇ ਮੱਧ ਜਾਣ ਅਰਦਾਸ ਨਹੀਂ ਕਰਨਾ। ਇਹ ਕੋਈ ਗੁਰੂ ਗ੍ਰੰਥ ਸਾਹਿਬ ਦਾ ਮੱਧ ਨਹੀਂ ਹੈ। (ਗੁਰੂ ਗ੍ਰੰਥ ਸਾਹਿਬ ਦੇ ਪੰਨੇ ੧੪੩੦ ਹਨ ਤੇ ਇਹ ਜੈਤਸਰੀ ਦਾ ਸਲੋਕ, ਪੰਨਾ ੭੦੫ ਤੇ ਆਉਂਦਾ ਹੈ।)

ਅਰਦਾਸ ਦੂਜੇ ਦਿਨ ਜਿਸ ਵੇਲੇ ਤਕਰੀਬਨ ਆਰੰਭ ਦਾ ਸਮਾਂ ਸੀ, ਕੀਤੀ ਜਾਵੇ।

***ਭੋਗ***—ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਮੁੰਦਾਵਣੀ ਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਨਾਲ ਪਾਇਆ ਜਾਏ। ਇਸ ਉਪਰੰਤ ਸ਼ਬਦ ਪੜ੍ਹ, ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਅਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ ਸ਼ਕਤਿ 'ਅਰਦਾਸ' ਕਰਾਈ ਜਾਵੇ।

Sri Satguru Jagjit Singh Ji eLibrary NamdhariElibrary@gmail.com

## 76

# ਮੀਣੇ ਮਸੰਦ ਆਦਿ

## *ਮੀਣੇ, ਮਸੰਦ, ਧੀਰ ਮਲੀਏ, ਰਾਮ ਰਾਈਏ, ਨੜੀਮਾਰ, ਕੁੜੀਮਾਰ, ਸਿਰਗੁੰਮ ਦਾ ਭਾਵ ਕੀ ਹੈ?*

*ਮੀਣਾ*—ਮਨ ਦਾ ਛਲ ਜੋ ਪ੍ਰਗਟ ਨਾ ਹੋਣ ਦੇਵੇ।

***ਬਾਬਾ ਪ੍ਰਿਥੀ ਚੰਦ*** ਬਾਰੇ ਹੀ ਮੀਣਾ ਸ਼ਬਦ ਭਾਈ ਗੁਰਦਾਸ ਜੀ ਨੇ ਵਰਤਿਆ ਸੀ :

"ਸਤਿਗੁਰ ਸੱਚਾ ਪਾਤਸ਼ਾਹ,
ਮੁਹ ਕਾਲੇ ਮੀਣਾ।।"

*ਰਾਮ ਰਾਈਏ*—ਬਾਬਾ ਰਾਮ ਰਾਇ ਦੀ ਔਲਾਦ।

***ਬਾਬਾ ਰਾਮ ਰਾਇ*** ਨੇ ਖੁਸ਼ਾਮਦ ਤੇ ਲਾਲਚ ਵਿਚ ਆ ਕੇ ਬਾਣੀ ਦਾ ਸ਼ਬਦ 'ਮਿਟੀ ਮੁਸਲਮਾਨ ਕੀ ਪੇੜੇ ਪਈ ਕਮ੍ਹਿਆਰ' ਦਿੱਲੀ ਦਰਬਾਰ ਬਦਲ ਕੇ ਪੜ੍ਹਿਆ ਸੀ।

ਗੁਰੂ ਹਰਿ ਰਾਇ ਜੀ ਨੇ ਬਚਨ ਕੀਤਾ ਸੀ ਕਿ ਇਹ ਕੌਣ ਹੈ ਥੋੜ੍ਹੀ ਮੱਤ ਵਾਲਾ ਜੋ ਗੁਰਾਂ ਦਾ ਵਾਕ ਬਦਲਾ ਰਿਹਾ ਹੈ। ਗੁਰੂ ਨਾਨਕ ਤਾਂ ਸੱਚਾ ਪਾਤਸ਼ਾਹ ਹੈ।

(Guru Nanak is a Sovereign)

***ਮਸੰਦ***—ਇਹ ਫ਼ਾਰਸੀ ਦੇ ਸ਼ਬਦ 'ਮਸਨਦ' ਤੋਂ ਵਿਗੜ ਕੇ ਮਸੰਦ ਬਣਿਆ ਹੈ।

'ਮਸਨਦ' ਦਾ ਭਾਵ ਹੈ, ਉੱਚੀ ਥਾਂ ਬੈਠਣ ਵਾਲਾ। ਗੁਰੂ ਗੱਦੀ ਨਾਲ ਸਬੰਧ ਤੇ ਗੁਰੂ ਰਾਮ ਦਾਸ ਜੀ ਵਲੋਂ ਨਿਯਮ ਹੋਣ ਕਾਰਨ, ਸੰਗਤਾਂ ਇਹਨਾਂ ਨੂੰ ਆਦਰ ਦੇਂਦੀਆਂ ਸਨ ਤੇ ਇਹ ਕਾਰ ਭੇਟ ਇਕੱਠੀ ਕਰ ਕੇ ਗੁਰੂ ਦਰਬਾਰ ਪਹੁੰਚਾਂਦੇ ਸਨ। ਗੁਰੂ ਕੀ ਕਾਰ ਨੂੰ ਬਿਖ ਸਮਾਨ ਸਮਝਦੇ ਸਨ।

ਮੁਹਸਨ ਫ਼ਾਨੀ ਨੇ ਲਿਖਿਆ ਹੈ

"ਸੱਚਾ ਪਾਤਸ਼ਾਹਿ ਹਕੀਕੀ ਮੀ ਦਾਨੰਦ।।
ਗੁਮਾਸ਼ਤਾ ਈਸ਼ਾਂ ਰਾ ਮਸੰਦ ਮੀ ਗੋਇੰਦ।।
ਵ ਰਾਮਦਾਸ ਨੀਜ਼ ਰਹੀ ਨਾਮੰਦ।।"

ਸਮਾਂ ਪਾ ਕੇ ਮਸੰਦ ਇਤਨੇ ਵਿਗੜ ਗਏ ਕਿ 'ਮਸੰਦ' ਇਕ ਪ੍ਰਕਾਰ ਦੀ ਗਾਲੀ ਹੀ ਬਣ ਗਿਆ। ਸੰਨ ੧੬੯੮ ਨੂੰ ਮਸੰਦਾਂ ਦੀਆਂ ਕਾਲੀਆਂ ਕਰਤੂਤਾਂ ਦੇਖ ਕੇ ਦਸਮੇਸ਼ ਪਿਤਾ ਨੇ ਹਟਾ ਦਿੱਤਾ ਸੀ ਅਤੇ ਹੁਕਮ ਕੀਤਾ ਸੀ ਕਿ ਇਨ੍ਹਾਂ ਨਾਲ ਨਹੀਂ ਵਰਤਣਾ। ਇਥੋਂ ਤੱਕ ਹੁਕਮ ਕੀਤੇ ਸਨ ਕਿ ਇਕ ਪਾਸੋਂ ਮਸਤ ਹਾਥੀ ਆਂਦਾ ਹੋਵੇ ਤੇ ਦੂਜੇ ਪਾਸੋਂ ਮਸੰਦ ਤਾਂ ਹਾਥੀ ਦਾ ਟਾਕਰਾ ਕਰ ਲੈਣਾ, ਮਸੰਦ ਨੂੰ ਮੱਥੇ ਨਹੀਂ ਲਗਾਉਣਾ।



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਦੀ ਦਾਤ ਦੇਣ ਵੇਲੇ ਹੁਕਮ ਦਿੱਤੇ ਸਨ :

ਤਜ ਮਸੰਦ, ਪ੍ਰਭ ਏਕ ਜਪ
ਯਹਿ ਬਿਬੇਕ ਤਹਿ ਕੀਨ॥

੩੩ ਸਵੈਯਾਂ ਵਿਚ ਵੀ ਹੁਕਮ ਦਰਜ ਹੈ :

ਜੋ ਕਰ ਸੇਵ ਮਸੰਦਨ ਕੀ
ਕਹਿ ਆਨ ਪ੍ਰਸਾਦ ਸਭੈ ਮੁਹਿ ਦੀਜੈ॥

*ਸਿਰਗੁੰਮ*—ਕੇਸ ਰੱਖ ਜੋ ਫਿਰ ਕਟਾਂਦਾ ਹੈ। ਕੇਸਾਂ ਦਾ ਅਦਬ ਨਹੀਂ ਕਰਦਾ। ਸਿਰ ਵਿਚੋਂ ਵਾਲ ਚੁੱਗਦਾ ਹੈ ਜਾਂ ਸਫ਼ੈਦ ਕੇਸ ਖਿੱਚ ਕੇ ਹਟਾਂਦਾ ਹੈ। ਕਲਗੀਧਰ ਨੇ ਹੁਕਮ ਕੀਤੇ ਸਨ :

ਜੈਸੇ ਦਾੜ੍ਹੀ ਨੂੰ ਕੈਂਚੀ ਲਵਾਈ,
ਤੇਹਾ ਭਦ੍ਰ ਕਰਾਇਆ।
ਚਿੱਟਾ ਵਾਲ ਧੌਲ ਸਿੰਘ ਹੈ,
ਦੂਰ ਨਹੀਂ ਕਰਨਾ।

*ਨੜੀਮਾਰ*—ਤਮਾਕੂ, ਹੁੱਕਾ ਪੀਣ ਵਾਲੇ।

ਇਸ ਵਿਚ ਹੁਣ ਕੋਈ ਦੋ ਰਾਵਾਂ ਨਹੀਂ ਕਿ ਸਿਗਰਟ ਦਾ ਧੂੰਆਂ ਪੀ ਕੇ ਜੋ ਨੜੀ ਮਾਰ ਛੱਡਦੇ ਸਨ, ਉਹ ਉਤਨਾ ਹੀ ਮਾਰੂ ਹੈ।

*ਕੁੜੀ ਮਾਰ*—ਜੋ ਜੰਮਦੇ ਹੀ ਬੱਚੀ ਕੰਨਿਆ ਨੂੰ ਮਾਰ ਦੇਂਦੇ ਹਨ। ਜੋ ਤਾਹਨੇ ਮਾਰ ਮਾਰ ਜਾਂ ਤੰਗ ਕਰ-ਕਰ ਵਿਆਹੀ ਕੰਨਿਆ ਦੀ ਜ਼ਿੰਦਗੀ ਦੂਭਰ ਕਰ ਦੇਂਦੇ ਹਨ ਤੇ ਉਹ ਵਿਚਾਰੀ ਖ਼ੁਦਕੁਸ਼ੀ ਤੇ ਮਜਬੂਰ ਹੋ ਜਾਂਦੀ ਹੈ।

ਇਨ੍ਹਾਂ ਪੰਜਾਂ ਨਾਲ ਮੇਲ ਨਾ ਰੱਖਣ ਦਾ ਹੁਕਮ ਗੁਰੂ ਜੀ ਨੇ ਕੀਤਾ ਸੀ। ਤਨਖ਼ਾਹ-ਨਾਮਾ ਵਿਚ ਹੁਕਮ ਕੀਤੇ ਸਨ :

"ਮੀਣਾ ਔਰ ਮਸੰਦੀਆ
ਮੋਨਾ ਕੁੜੀ ਜੁ ਮਾਰ॥
ਹੋਇ ਸਿੱਖ ਵਰਤਣ ਕਰੈ
ਅੰਤ ਕਰੇਗਾ ਖਵਾਰ॥"

❑❑

Sri Satguru Jagjit Singh Ji eLibrary NamdhariElibrary@gmail.com

## ਤਨਖ਼ਾਹੀਆ ਕਿਸ ਨੂੰ ਕਹਿੰਦੇ ਹਨ?

ਤਨਖ਼ਾਹੀਆ ਦਾ ਅੱਖਰੀ ਅਰਥ ਹੈ, ਸੈਲਰੀਡ ਪਰਸਨ। ਜੋ ਤਨਖ਼ਾਹ ਤੇ ਕੰਮ ਕਰਦਾ ਹੈ, ਉਹ ਸੁਤੰਤਰ ਨਹੀਂ ਹੁੰਦਾ ਤੇ ਕਿਸੇ ਨਾ ਕਿਸੇ ਦੇ ਅਧੀਨ ਜ਼ਰੂਰ ਹੁੰਦਾ ਹੈ। ਸੋ ਉਹ ਸਿੱਖ ਤਨਖ਼ਾਹੀਆ ਹੀ ਹੈ, ਜੋ ਕਿਸੇ ਖ਼ਾਹਸ਼, ਮਨ-ਮਰਜ਼ੀ, ਚਾਲ, ਕੁਚਾਲ, ਰੀਤ, ਕੁਲ ਲਾਜ, ਲਾਲਚ ਜਾਂ ਅਭਿਮਾਨ ਅਧੀਨ ਕੋਈ ਕਰਮ ਕਰਦਾ ਹੈ।

ਤਨਖ਼ਾਹੀਏ ਇਹ ਹਨ :

੧. ਜੋ ਮੀਣੇ, ਮਸੰਦ, ਧੀਰ ਮਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ-ਮਾਰ, ਕੁੜੀ-ਮਾਰ, ਸਿਰਗੁੰਮ ਨਾਲ ਵਰਤਦੇ ਹਨ।

੨. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲੇ।

੩. ਦਾਹੜੀ ਰੰਗਣ ਵਾਲੇ।

੪. ਪੁੱਤਰ ਜਾਂ ਧੀਆਂ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲੇ

੫. ਕੋਈ ਨਸ਼ਾ, ਭੰਗ, ਅਫ਼ੀਮ, ਸ਼ਰਾਬ, ਪੋਸਤ, ਕੋਕੀਨ ਆਦਿਕ ਵਰਤਣ ਵਾਲੇ।

੬. ਗੁਰਮਤਿ ਦੇ ਵਿਰੁੱਧ ਕੋਈ ਭੁੱਲ ਕਰਨ ਵਾਲੇ।

੭. ਰਹਿਤ ਵਿਚ ਕੋਈ ਭੁੱਲ ਕਰਨ ਵਾਲੇ।

***ਤਨਖ਼ਾਹ ਲਾਉਣ ਦੀ ਵਿਧੀ***—ਜਦ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ ਸੰਗਤਿ ਪਾਸ ਜਾ ਕੇ ਹਾਜ਼ਰ ਹੋਵੇ ਅਤੇ ਸੰਗਤਿ ਦੇ ਸਨਮੁਖ ਖੜ੍ਹੋ ਕੇ ਭੁੱਲ ਮੰਨੇ। ਗੁਰ ਸੰਗਤਿ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੋ ਪਿਆਰੇ ਚੁਣੇ ਜਾਣ, ਉਹ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰੂ ਸੰਗਤਿ ਪਾਸ ਤਨਖ਼ਾਹ (ਦੰਡ) ਤਜਵੀਜ਼ ਕਰਨ।

ਸਿੱਖ ਨੂੰ ਬਖ਼ਸ਼ਣ ਬਖ਼ਸ਼ਾਉਣ ਵੇਲੇ ਹੱਠ ਨਹੀਂ ਕਰਨਾ ਅਤੇ ਨਾ ਹੀ ਤਨਖ਼ਾਹ ਲੱਗਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ।

ਤਨਖ਼ਾਹ ਕਿਸੇ ਕਿਸਮ ਦੀ ਸੇਵਾ ਖ਼ਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

ਅੰਤ ਸੋਧ ਦੀ ਅਰਦਾਸ ਹੋਵੇ।



Sri Satguru Jagjit Singh Ji eLibrary NamdhariElibrary@gmail.com

# 78 ਗੁਰਮਤਾ

## ਗੁਰਮਤਾ ਕਿਸ ਨੂੰ ਕਹਿੰਦੇ ਹਨ ਅਤੇ ਕਿਵੇਂ ਕੀਤਾ ਜਾਂਦਾ ਹੈ?

'ਗੁਰਮਤਾ ਅਨੁਸਾਰ ਕੀਤਾ ਹੋਇਆ ਮਤਾ' (Decision arrived at with an ethical base) ਗੁਰਮਤਾ ਹੈ।

ਸੰਸਾਰੀ ਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕੀਤੀ ਜਾਂਦੀ ਸੀ। ਸਾਰਿਆਂ ਦੀ ਸੰਮਤੀ ਲੈ ਕੇ 'ਮਤਾ' ਨੂੰ ਗੁਰਮਤਾ ਬਣਾਇਆ ਜਾਂਦਾ ਸੀ। ਹੁਣ ਰਹਿਤ ਮਰਯਾਦਾ ਵਿਚ ਗੁਰਮਤੇ ਕਰਨ ਬਾਰੇ ਵਿਧੀ ਦਰਜ ਕਰ ਦਿੱਤੀ ਹੈ। ਹਰ ਕੋਈ ਇਹ ਨਹੀਂ ਕਹਿ ਸਕਦਾ ਕਿ ਇਹ ਗੁਰਮਤਾ ਹੋਇਆ ਹੈ।

***ਗੁਰਮਤਾ ਕਰਨ ਦੀ ਵਿਧੀ*** ਹੇਠ ਇਸ ਤਰ੍ਹਾਂ ਦਰਜ ਹੈ :

ਗੁਰਮਤਾ ਕੇਵਲ ਉਹਨਾਂ ਸਵਾਲਾਂ ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ :

ਗੁਰੂ ਸਾਹਿਬ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ ਰਹਿਤ ਬਹਿਤ, ਪੰਥ ਦੀ ਬਣਾਵਟ ਆਦਿ ਨੂੰ ਕਾਇਮ ਰੱਖਣ ਬਾਬਤ।

ਹੋਰ ਕਿਸੇ ਕਿਸਮ ਦੇ ਸਾਧਾਰਨ, ਧਾਰਮਿਕ, ਵਿਦਿਅਕ, ਸਮਾਜਿਕ, ਪੁਲੀਟੀਕਲ ਸਵਾਲ ਤੇ ਕੇਵਲ ਮਤਾ ਹੋ ਸਕਦਾ ਹੈ।

ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ। ਪੁਰਾਤਨ ਸਿੱਖ ਗੁਰਮਤਾ ਕਿਵੇਂ ਕਰਦੇ ਸਨ, ਉਸ ਦਾ ਵਰਨਣ ਮੈਲਕਮ ਨੇ ਆਪਣੀ ਪੁਸਤਕ 'ਸਿਖਜ਼ ਸਕੈੱਚ' ਵਿਚ ਕੀਤਾ ਹੈ :

"ਜਦ ਸਿੱਖ ਸਰਦਾਰ ਇਕੱਤਰ ਹੁੰਦੇ ਹਨ ਤਾਂ ਆਪਸ ਦੇ ਵੈਰ ਵਿਰੋਧ ਜੇ ਕੋਈ ਹੋਣ ਵੀ ਤਾਂ ਛੱਡ ਦੇਂਦੇ ਹਨ। ਰੰਜਸ਼ਾਂ ਮੁੱਕ ਜਾਂਦੀਆਂ ਹਨ ਅਤੇ ਜ਼ਾਤੀ ਇਹਸਾਸ ਤੱਕ ਪੰਥਕ ਭਲੇ ਵਿਚ ਹਾਇਲ ਨਹੀਂ ਹੁੰਦਾ। ਉਹ ਜਦ ਗੁਰਮਤਾ ਕਰਨ ਬੈਠਦੇ ਹਨ ਤਾਂ ਉਹਨਾਂ ਦੇ ਸਾਹਮਣੇ ਇਕ ਹੀ ਖ਼ਿਆਲ ਹੁੰਦਾ ਹੈ ਕਿ ਧਰਮ ਦੀ ਜੈਕਾਰ ਹੋਵੇ ਅਤੇ ਪੰਥ ਕੀ ਜੀਤ ਹੋਵੇ।

ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਬੈਠ ਉੱਚੀ ਸਾਰੀ,

'ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥'

ਬੋਲਦੇ ਹਨ। ਕੜਾਹ ਪ੍ਰਸ਼ਾਦਿ ਆਉਣ ਤੇ ਫਿਰ ਸਾਰੇ ਅਰਦਾਸ ਕਰਨ ਲਈ



Sri Satguru Jagjit Singh Ji eLibrary NamdhariElibrary@gmail.com

ਖੜ੍ਹੇ ਹੋ ਜਾਂਦੇ ਹਨ। ਵਾਕ ਲੈਣ ਉਪ੍ਰੰਤ ਸਾਰੇ ਕੜਾਹ ਪ੍ਰਸ਼ਾਦਿ ਲੈਂਦੇ ਹਨ ਜਿਸਦਾ ਭਾਵ ਹੈ ਕਿ ਸਾਰੇ ਜਿਸ ਇਕ ਮਕਸਦ ਲਈ ਇਕੱਠੇ ਹੁੰਦੇ ਹਨ, ਉਸ ਨਾਲ ਪੂਰੀ ਸੰਮਤੀ ਪ੍ਰਗਟ ਕਰਦੇ ਹਨ। (Partake of Karah Parshad, in token of their general and complete Union in one Cause) ਫਿਰ ਜੋ ਅਕਾਲ ਤਖ਼ਤ ਦੇ ਮੁੱਖੀ ਅਕਾਲੀ ਹੁੰਦੇ ਹਨ ਉਹ ਦੱਸਦੇ ਹਨ ਕਿ ਇਹ ਗੁਰਮਤਾ ਹੈ ਜਿਸ ਲਈ ਇਕੱਠ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬੈਠੇ ਹਾਂ। ਸੋ ਇਹ ਪ੍ਰਣ ਕਰੋ ਕਿ ਸਾਡਾ ਕਿਸੇ ਨਾਲ ਅੰਦਰਲਾ ਜ਼ਾਤੀ ਝਗੜਾ ਨਹੀਂ ਤੇ ਸਾਰੇ ਇਕੱਠੇ ਹਾਂ। ਸਾਰੇ ਧਾਰਮਿਕ ਭਾਵ ਤੇ ਦੇਸ਼ ਭਗਤੀ ਦੇ ਜਜ਼ਬੇ ਵਿਚ ਕਿਸੇ ਰੰਜਸ਼ ਨੂੰ ਵਿਚਕਾਰ ਨਹੀਂ ਰੱਖਦੇ। ਫਿਰ ਵੀਚਾਰਾਂ ਕੀਤੀਆਂ ਜਾਂਦੀਆਂ ਹਨ ਤੇ ਖ਼ਤਰਿਆਂ ਤੋਂ ਜਾਣੂੰ ਕਰਾਇਆ ਜਾਂਦਾ ਹੈ। ਤਜਵੀਜ਼ਾਂ ਕੀਤੀਆਂ ਜਾਂਦੀਆਂ ਹਨ। ਸੁਝਾਅ ਜੁਟਾਏ ਜਾਂਦੇ ਹਨ ਤੇ ਖ਼ਤਰਿਆਂ ਦਾ ਟਾਕਰਾ ਕਰਨ ਲਈ ਮਨਸੂਬੇ ਬਣਾਏ ਜਾਂਦੇ ਹਨ ਅਤੇ ਖ਼ਤਰੇ ਤੋਂ ਸਾਂਝੇ ਦੁਸ਼ਮਣ ਦਾ ਟਾਕਰਾ ਕਰਨ ਲਈ ਉਹਨਾਂ ਜਥੇਦਾਰਾਂ ਨੂੰ ਚੁਣਿਆ ਜਾਂਦਾ ਹੈ ਜੋ ਅੱਗੇ ਵੱਧ ਜੂਝਣਗੇ। ਫਿਰ ਅਰਦਾਸਾ ਕਰ ਜੈਕਾਰੇ ਛੱਡ ਕੇ ਵਿਦਾ ਹੁੰਦੇ ਹਨ।"

*ਮੇਜਰ ਬ੍ਰਾਊਨ* ਨੇ ਵੀ ਗੁਰਮਤਾ ਕਰਨ ਦੀ ਪੂਰੀ ਵਿਧੀ ਇਸੇ ਪ੍ਰਕਾਰ ਦਿੱਤੀ ਹੈ। ਸਿਰਫ਼ ਪੰਜ ਪਿਆਰਿਆਂ ਦੀ ਚੋਣ ਕਰਨ ਦਾ ਢੰਗ ਹੋਰ ਵਿਸਥਾਰ ਨਾਲ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਪਹਿਲਾਂ ਇਕ ਪਿਆਰੇ ਦਾ ਨਾਂ ਅਕਾਲ ਤਖ਼ਤ ਤੋਂ ਤਜਵੀਜ਼ ਕੀਤਾ ਜਾਂਦਾ ਹੈ। ਫਿਰ ਦੂਜਾ, ਉਸ ਦੀ ਸੰਮਤੀ ਨਾਲ ਤਜਵੀਜ਼ ਕਰਦਾ ਹੈ। ਫਿਰ ਦੋਵੇਂ ਰਲ ਕੇ ਤੀਜਾ ਕਰਦੇ ਅਤੇ ਫਿਰ ਤਿੰਨੇ ਰਲ ਕੇ ਚੌਥਾ ਤੇ ਅੰਤ ਨੂੰ ਚਾਰੇ ਰਲ ਕੇ ਪੰਜਵੇਂ ਪਿਆਰੇ ਦਾ ਨਾਮ ਤਜਵੀਜ਼ ਕਰਦੇ ਹਨ। ਇਹ ਸਰਬ-ਸੰਮਤੀ ਨਾਲ ਚੁਣੇ ਪੰਜੇ ਪਿਆਰੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਜਾਂਦੇ ਹਨ।

## ਗੀਤਾ ਦਾ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਵਰਣਨ ਨਹੀਂ?

ਗੀਤਾ ਕੋਈ ਵੱਖ ਪੁਸਤਕ ਨਹੀਂ, ਮਹਾਂ-ਭਾਰਤ ਦਾ ਇਕ ਭਾਗ ਹੈ ਜਿਸ ਵਿਚ ਸੰਜੇ ਦੇ ਜਵਾਬ ਹਨ ਜੋ ਉਸ ਨੇ ਕੈਰਉ, ਧ੍ਰਿਤਰਾਸ਼ਟਰ ਦੀ ਪੁੱਛ ਵਿਚ ਦਿੱਤੇ ਸਨ। ਫਿਰ ਜਵਾਬਾਂ ਵਿਚ ਉਹ ਸਵਾਲ ਹਨ ਜੋ ਪਾਰਥ, ਅਰਜਨ ਨੇ ਸ੍ਰੀ ਕ੍ਰਿਸ਼ਨ ਜੀ ਤੇ ਕੀਤੇ।

ਗੀਤਾ ਵਿਚ ਕਰਮ ਫ਼ਿਲਾਸਫ਼ੀ ਹੈ, ਅਵਤਾਰ ਪੂਜਾ ਹੈ, ਗੋਸ਼ਟ ਚਰਚਾ ਹੈ ਕਿੰਤੂ ਹੈ। ਸਿੱਖ ਧਰਮ ਵਿਚ ਕਰਮ ਕਾਂਡ ਨੂੰ ਕੋਈ ਥਾਂ ਨਹੀਂ, ਅਵਤਾਰ ਪੂਜਾ ਵਿਵਰਜਿਤ ਹੈ ਅਤੇ ਚਰਚਾ ਦੀ ਥਾਵੇਂ ਸਿਮਰਨ ਹੈ।

ਭਾਈ ਗੁਰਦਾਸ ਜੀ ਨੇ ਇਸੇ ਲਈ ਫ਼ਰਮਾਇਆ ਸੀ :

> 'ਦਸ ਅਵਤਾਰ ਨ ਸਿਖਿਆ,
> ਗੀਤਾ ਗੋਸ਼ਟ ਅਲਪ ਅਭੇਵਾ।"

ਭਾਵ ਗੀਤਾ ਵਿਚ ਕੀਤੀ ਗਈ ਚਰਚਾ, ਸਵਾਲ-ਜਵਾਬ ਤੁੱਛ ਹਨ ਕਿਉਂਕਿ ਸਿੱਖੀ ਕਰਨੀ ਦਾ ਨਾਮ ਹੈ, ਨਿਰੀ ਵੀਚਾਰ ਦਾ ਨਹੀਂ। ਅਵਤਾਰ ਪੂਜਾ ਤੇ ਹੀ ਗੀਤਾ ਵਿਚ ਜ਼ੋਰ ਹੈ ਅਤੇ ਸਿੱਖੀ ਸ਼ੇਵਾ-ਸਿਮਰਨ ਦਾ ਧਰਮ ਹੈ।

ਡਾਕਟਰ ਕਸੁੰਭੀ ਨੇ ਕਿਹਾ ਸੀ ਕਿ ਗੁਰੂ ਨਾਨਕ ਦੇਵ ਜੀ ਨੇ 'ਗੀਤਾ' ਦਾ ਸਹਾਰਾ ਨਾ ਲਿਆ ਅਤੇ ਇਸ ਲਈ ਗੀਤਾ ਦਾ ਪ੍ਰਚਾਰ ਨਾ ਕੀਤਾ ਕਿਉਂਕਿ ਉਸ ਵਿਚ ਆਮ ਲੋਕਾਂ ਦਾ ਨਹੀਂ ਕਿਸੇ ਵਿਸ਼ੇਸ਼ ਕੁਲ ਜਾਂ ਜਾਤੀ ਦਾ ਵਰਣਨ ਸੀ। ਜੋ ਗੀਤਾ ਨੂੰ ਆਪਣੀ ਮਾਂ ਜਾਂ ਵਿਚਾਰ ਦਾ ਧੁਰਾ ਗਿਣਦੇ ਹਨ, ਉਹਨਾਂ ਵਿਚ ਅੰਤ੍ਰੀਵ ਹਉਮੈ ਤੇ ਉੱਚ ਭਾਵਨਾ ਹੈ। ਸਿੱਖੀ ਵਿਚ ਹਉਮੈ ਦਾ ਅਭਾਵ ਹੈ।



Sri Satguru Jagjit Singh Ji eLibrary NamdhariElibrary@gmail.com

80

# ਵੇਦ ਨਹੀਂ ਗੁਰੂ ਗ੍ਰੰਥ ਸਾਹਿਬ

## *ਗੁਰੂ ਗ੍ਰੰਥ ਸਾਹਿਬ ਨੂੰ ਵੇਦ ਕਹਿਣਾ ਕਿਉਂ ਵੱਡੀ ਭੁੱਲ ਹੈ?*

ਵੇਦਾਂ ਨੂੰ ਗੁਰੂ ਪਾਤਸ਼ਾਹਾਂ ਅਤੇ ਭਗਤਾਂ ਨੇ 'ਵਪਾਰੀ', 'ਇਫ਼ਤਰਾ', ਮੁਬਾਲਗ਼ਾਂ, ਓਬਰੀ (ਜੇਲ੍ਹ), 'ਨਿਰੀ ਪੁੰਨ ਪਾਪਾਂ ਦੀ ਵੀਚਾਰ ਕਰਨ ਵਾਲਾ', ਦੇਵ ਪੂਜਾ 'ਤੇ ਜ਼ੋਰ ਦੇਣ ਵਾਲਾ 'ਪੂਜਸ ਨਾਹੀ ਹਰ ਹਰੇ'।

'ਘਨੋ ਧੜੀਐ ਜੋਇ' ਪੱਖਪਾਤੀ (Bias), ਦੁਹਾਈ ਪਾਉਣ ਵਾਲਾ ਅਤੇ ਬੇੜੀਆਂ (ਸਾਂਕਲ ਜੇਵਰੀ) ਕਿਹਾ ਹੈ।

ਗੁਰੂ ਗ੍ਰੰਥ ਸਾਹਿਬ ਸਹਿਜ ਹੈ। ਏਕੇ ਨੂੰ ਸਿਮਰਨ ਦਾ ਵੱਲ ਸਿਖਾਂਦਾ ਹੈ ਅਤੇ ਨਾਮ ਦ੍ਰਿੜ੍ਹ ਕਰਦਾ ਹੈ।

ਨਿਰਣਾ ਗੁਰੂ ਅੰਗਦ ਸਾਹਿਬ ਨੇ ਸਾਰੰਗ ਦੀ ਵਾਰ ਦੇ ਇਕ ਸਲੋਕ ਵਿਚ ਕਰ ਦਿੱਤਾ ਹੈ, ਜਦ ਉਹਨਾਂ ਵੇਦਾਂ ਨੂੰ ਨਿਰੀਆਂ ਕਥਾ ਕਹਾਣੀਆਂ ਕਹਿਣ ਵਾਲਾ, ਪਾਪ ਪੁੰਨ ਦੀ ਵੀਚਾਰ ਵਿਚ ਗਲਤਾਨ ਹੋਇਆ, ਹਿਸਾਬਾਂ-ਕਿਤਾਬਾਂ ਵਿਚ ਹੀ ਪਏ ਰਹਿਣ ਵਾਲਾ, ਉੱਚੀਆਂ ਨੀਵੀਆਂ ਜ਼ਾਤਾਂ ਦੇ ਭਰਮਾਂ ਵਿਚ ਪਾ ਉਲਝਾਈ ਰੱਖਣ ਵਾਲਾ ਅਤੇ ਕਰਮ ਕਾਂਡਾਂ ਵਿਚ ਜਕੜਿਆ ਹੀ ਕਿਹਾ ਹੈ :

"ਕਥਾ ਕਹਾਣੀ ਬੇਦੀ ਆਣੀ,
ਪਾਪੁ ਪੁੰਨੁ ਬੀਚਾਰੁ॥
ਦੇ ਦੇ ਲੈਣਾ,
ਲੈ ਲੈ ਦੇਣਾ, ਨਰਕ ਸੁਰਗਿ ਅਵਤਾਰ॥
ਉਤਮ ਮਧਿਮ ਜਾਤੀਂ ਜਿਨਸੀ,
ਭਰਮਿ ਭਵੈ ਸੰਸਾਰੁ॥"

ਪਰ ਬਾਣੀ ਗਿਆਨ ਧਿਆਨ ਵਿਚ ਆਈ ਹੈ ਅਤੇ ਉਸ ਨਾਲ ਜੋੜਦੀ ਹੈ ਜਿਸ ਨਾਲੋਂ ਅਸੀਂ ਵਿਛੜ ਕੇ ਆਏ ਹਾਂ :

"ਅੰਮ੍ਰਿਤ ਬਾਣੀ ਤਤੁ ਵਖਾਣੀ,
ਗਿਆਨ ਧਿਆਨ ਵਿਚਿ ਆਈ॥"

ਗੁਰੂ ਹਰਿ ਰਾਇ ਜੀ ਨੇ ਇਕ ਵਾਰੀ ਬਚਨ ਕੀਤੇ ਸਨ :

"ਵੇਦ ਜੋ ਹੈ, ਉਹ ਵਿਦਿਆ ਤੋਂ ਹੈ।
ਵੇਦ ਦੇ ਵਚਨ ਸਿਉ ਮਨ ਭਿੱਜਦਾ ਨਹੀਂ,
ਤਰਕ ਵਿਚ ਜਾਂਦਾ ਹੈ। ਦਲੀਲ ਢੂੰਡਦਾ ਹੈ।
*ਬਾਣੀ ਤੇ ਮਨ ਭਿੱਜਦਾ ਹੈ।*



Sri Satguru Jagjit Singh Ji eLibrary NamdhariElibrary@gmail.com

# 81 ਸਵਾਲ ਹਾਜੀਆਂ ਜਵਾਬ ਗੁਰੂ ਨਾਨਕ ਜੀ

**ਮੱਕੇ ਵੱਲ ਜਾਂਦਿਆਂ ਹਾਜੀਆਂ ਨੇ ਜੋ ਸਵਾਲ ਗੁਰੂ ਨਾਨਕ ਜੀ ਤੇ ਕੀਤੇ ਅਤੇ ਜੋ ਉਨ੍ਹਾਂ ਜਵਾਬ ਦਿੱਤੇ, ਉਨ੍ਹਾਂ ਦਾ ਵੇਰਵਾ ਦੱਸੋ।**

ਪਹਿਲਾ ਸਵਾਲ ਕੀਤਾ ਸੀ : ਫ਼ਕੀਰੀ ਕਿਆ ਹੈ?

ਜਵਾਬ ਸੀ ਬਾਬੇ ਦਾ : ਫ਼ਨਾ ਅਸਤ (ਆਪਾ ਮਿਟਾਉਣਾ)।

ਸਵਾਲ : ਅੰਤ ਕੀ ਹੈ ਫ਼ਕੀਰੀ ਦਾ?

ਜਵਾਬ : ਬਕਾ ਅਸਤ (ਇਹ ਸੂਝ ਆਏ ਕਿ ਰਹਿਣਾ ਕੇਵਲ ਪ੍ਰਭੂ ਦਾ ਨਾਮ ਹੈ)।

ਸਵਾਲ : ਜ਼ੰਜੀਰ ਕਿਆ ਹੈ, ਕਿਸ ਨਾਲ ਆਪਣੇ ਆਪ ਨੂੰ ਕੱਸ ਕੇ ਰੱਖੀਏ?

ਜਵਾਬ : ਬੰਦਗੀ।

ਸਵਾਲ : ਮਕਬਰਾ (ਮੁਕਾਮ) ਕੀ ਹੈ?

ਜਵਾਬ : ਹਲੀਮੀ।

ਸਵਾਲ : ਗੰਜ (ਖਜ਼ਾਨਾ) ਕੀ ਹੈ?

ਜਵਾਬ : ਸਤਿ ਸੰਗ।

ਸਵਾਲ : ਚਾਨਣ ਕੀ ਹੈ?

ਜਵਾਬ : ਗਿਆਨ।

ਸਵਾਲ : ਖੁਸ਼ੀ ਕਿਸ ਵਿਚੋਂ ਮਿਲਦੀ ਹੈ?

ਜਵਾਬ : ਦੀਦਾਰ ਹੋਇਆਂ।

ਸਵਾਲ : ਭੋਜਨ ਕੀ ਕੀਤਾ ਜਾਏ ਕਿ ਭੁੱਖ ਨਾ ਲੱਗੇ?

ਜਵਾਬ : ਸਬੂਰੀ।

ਸਵਾਲ : ਕਿਹੜੀ ਪੋਸ਼ਾਕ ਪਹਿਨੀਏ ਕਿ ਸੌਖਾ ਰਹੀਏ?

ਜਵਾਬ : ਸਚਾਈ ਦੀ।

ਸਵਾਲ : ਕਿਸ ਘਰ ਵਾਸ ਕਰੀਏ?

ਜਵਾਬ : ਬੇ-ਫ਼ਿਕਰੀ।



Sri Satguru Jagjit Singh Ji eLibrary NamdhariElibrary@gmail.com

82

# ਅੱਠ ਮੁੱਢਲੇ ਸਵਾਲ

**ਜਪੁਜੀ ਵਿਚ ਮੁੱਢਲੇ ਅੱਠ ਸਵਾਲ ਕਿਹੜੇ ਹਨ ਤੇ ਉਨ੍ਹਾਂ ਦਾ ਜਵਾਬ ਕੀ ਹੈ?**

ਮੁੱਢਲੇ ਅੱਠ ਸਵਾਲ ਹਨ :

੧. ਕਿਵ ਸਚਿਆਰਾ ਹੋਈਐ ?

੨. ਕਿਵ ਕੂੜੈ ਤੁਟੈ ਪਾਲਿ ?

੩. ਫੇਰਿ ਕਿ ਅਗੈ ਰਖੀਐ
ਜਿਤੁ ਦਿਸੈ ਦਰਬਾਰੁ ?

੪. ਮੁਹੌ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੈ ਪਿਆਰੁ ?

੫. ਕਵਣੁ ਸੁ ਵੇਲਾ
ਵਖਤੁ ਕਵਣੁ
ਕਵਣੁ ਥਿਤਿ
ਕਵਣੁ ਵਾਰੁ ?
ਕਵਣਿ ਸਿ ਰੁਤੀ
ਮਾਹੁ ਕਵਣੁ
ਜਿਤੁ ਹੋਆ ਆਕਾਰੁ ?

੬. ਕਿਵ ਕਰਿ ਆਖਾ
ਕਿਵ ਸਾਲਾਹੀ
ਕਿਉ ਵਰਨੀ
ਕਿਵ ਜਾਣਾ ?

੭. ਸੋ ਦਰੁ ਕੇਹਾ ?
ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ?

***ਪਹਿਲੇ ਸਵਾਲ*** 'ਕਿਵ ਸਚਿਆਰਾ ਹੋਈਐ' ਦਾ
ਉੱਤਰ ਹੈ : 'ਹੁਕਮਿ ਰਜਾਈ ਚਲਣਾ।'

ਉਸਦੇ ਹੁਕਮ ਨੂੰ ਮੰਨਣਾ, ਰਜ਼ਾ ਵਿਚ ਰਹਿਣਾ ਤੇ ਟੁਰਨਾ, ਹੁਕਮ ਵਿਚ ਸਖ਼ਤੀ ਹੁੰਦੀ ਹੈ ਪਰ ਇਹ ਜੀਵਾਂ ਦੇ ਭਲੇ ਲਈ ਹੈ। 'ਰਜ਼ਾ' ਮਿੱਠੀ ਲੱਗੇ।



Sri Satguru Jagjit Singh Ji eLibrary NamdhariElibrary@gmail.com

***ਦੂਜੇ ਪ੍ਰਸ਼ਨ,*** ਪਾਲਿ ਕਿਵੇਂ ਟੁੱਟੇ ਦਾ ਉੱਤਰ ਜਪੁਜੀ ਵਿਚ ਗੁਰੂ ਪਾਤਸ਼ਾਹ ਦੇ ਰਹੇ ਹਨ ਕਿ

'ਪਾਲਿ' ਦੇ ਅੰਦਰ ਤ੍ਰਿਸ਼ਨਾ ਦਾ ਜਲ, ਈਰਖਾ ਦਾ ਚਿੱਕੜ, ਰਸਮਾਂ ਦਾ ਬੂਰ ਹੈ, ਇਸ ਨੂੰ ਤੋੜਨਾ ਹੈ ਤੇ ਸਵੱਛ ਨਾਮ ਜਲ ਭਰਨਾ ਹੈ। (ਪਾਲਿ ਦੇ ਅਰਥ : ਮਨੇ੍ਹਗਾ ਜਾਂ ਵੱਟ ਹੈ, ਜਿਸ ਅੰਦਰ ਜਲ ਭਰਿਆ ਹੁੰਦਾ ਹੈ)।

ਹਿਰਦੇ ਰੂਪੀ ਪਾਲਿ ਵਿਚੋਂ ਯਾਤਰਾ ਦਾ ਖ਼ਿਆਲ,
ਯੋਗ ਆਸਣਾਂ ਦਾ ਸਹਾਰਾ,
ਧਨ ਦੌਲਤ ਦੇ ਅੰਬਾਰਾਂ ਲਈ ਤੜਪ,
ਸਿਆਣਪ ਤੇ ਚਤੁਰਾਈਆਂ ਕੱਢਣੀਆਂ ਹਨ।

ਇਹ ਪਾਲਿ ਟੁੱਟਦੀ ਹੈ ਜੇ ਕੋਈ ਸਦਾ ਖੇੜੇ ਵਿਚ ਰਹੇ ਅਤੇ ਖਿੱਝੇ ਨਾਂਹ। ਦੂਜੇ ਅਰਥਾਂ ਵਿਚ ਬੇਪ੍ਰਵਾਹ ਹੀ ਵਿੱਗਸ ਸਕਦਾ ਹੈ।

***ਤੀਜੇ ਪ੍ਰਸ਼ਨ,*** 'ਅਗੈ ਕੀ ਰਖੀਐ' ਮੁੱਖ ਮੰਤਵ ਕੀ ਹੋਵੇ ਦਾ ਜਵਾਬ ਹੈ ਕਿ ਅੰਮ੍ਰਿਤ ਵੇਲੇ ਦਾ ਕੋਈ ਪਲ ਜ਼ਾਇਆ ਨਹੀਂ ਕਰਨਾ।

***ਚੌਥੇ ਪ੍ਰਸ਼ਨ,*** 'ਮੁਹੌ ਕਿ ਬੋਲਣੁ' ਦਾ ਉੱਤਰ ਦੇ ਰਹੇ ਹਨ

ਕਿ ਪਿਆਰ ਤਾਂ ਹੀ ਪੈਦਾ ਹੋਏਗਾ ਕਿ ਜੇ ਵਡਿਆਈ ਵੀ ਕਰੇ ਤਾਂ ਵਿਚਾਰ ਨਾਲ।

ਬਾਣੀ ਦੇ ਭਾਵ ਵਿਚ ਜਾਏ।
ਪਿਆਰ ਦੀ ਮੰਜ਼ਲ ਵੱਲ ਗਾਵੀਐ ਪਹਿਲੀ ਪਉੜੀ ਹੈ।
ਸੁਣੀਐ ਦੂਜੀ ਅਤੇ
ਤੀਜੀ, ਮਨ ਵਿਚ ਸਿਵਾਇ ਉਸਦੇ ਪਿਆਰ ਦੇ ਹੋਰ ਕੁਝ ਨਾਂਹ ਹੋਵੇ।

ਸੋ ਅਪਾਰ ਪ੍ਰਭੂ ਨਾਲ ਮੇਲ ਕਰਨ ਦਾ ਰਾਹ 'ਭਾਖਿਆ', ਬੋਲ ਬਾਣੀ ਨੂੰ ਪਿਆਰ ਨਾਲ ਪੜ੍ਹਣਾ, ਵੀਚਾਰਨਾ ਤੇ ਟੁਰਨਾ ਹੈ।

***ਪੰਜਵੇਂ ਸਵਾਲ,*** 'ਕਵਣੁ ਸੁ ਵੇਲਾ' 'ਵਖਤੁ ਕਵਣੁ' ਦਾ ਉੱਤਰ ਦੇਂਦੇ ਕਹਿੰਦੇ ਹਨ ਕਿ ਨ ਗਿਆਨ (ਵੇਦ) ਨ ਅਲਹਾਮ (ਕੁਰਾਨ) ਜਾਣ ਸਕੇ ਕਿਉਂਕਿ ਧਰਤੀ ਇਕ ਤਾਂ ਨਹੀਂ, ਕਈ ਹਨ। ਬੱਸ ਇਹ ਜਾਣ ਲੈਣਾ ਹੀ ਕਾਫ਼ੀ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ ਕਿਉਂਕਿ 'ਧਰਤੀ ਹੋਰੁ ਪਰੈ ਹੋਰੁ ਹੋਰੁ' ਅਤੇ 'ਪਾਤਾਲਾ ਪਾਤਾਲ ਲਖ ਅਗਾਸਾ ਅਗਾਸ' ਹਨ।

***ਛੇਵੇਂ ਪ੍ਰਸ਼ਨ,*** 'ਕਿਵ ਕਰ ਆਖਾ, ਕਿਵ ਸਾਲਾਹੀ' ਦਾ ਉੱਤਰ ਦੇਂਦੇ ਹਨ ਕਿ ਉਸ ਨੂੰ ਸਲਾਹੁੰਦਿਆਂ ਇਹ ਹਿਰਦੇ ਧਾਰ ਰੱਖਣਾ ਹੈ ਕਿ :

'ਇਕ ਦੂ ਇਕ ਸਿਆਣਾ' ਹੈ।
ਇਹ ਤੁੱਕ ਮੂੰਹ ਤੇ ਹੋਵੇ,
'ਨਾਨਕ ਵੇਚਾਰਾ ਕਿਆ ਕਹੈ॥
ਸਭ ਲੋਕੁ ਸਲਾਹੇ ਏਕਸੈ॥

Sri Satguru Jagjit Singh Ji eLibrary NamdhariElibrary@gmail.com

ਸਿਰੁ ਨਾਨਕ ਲੋਕਾ ਪਾਵ ਹੈ,
ਬਲਿਹਾਰੀ ਜਾਉ ਤੇਤੇ ਤੇਰੇ ਨਾਵ ਹੈ।। (ਬਸੰਤ ਮਹਲਾ ੧)

ਜਿਸ ਨੇ ਵੀ ਆਪਾ ਜਾਣਾਇਆ, "ਆਪੌ ਜਾਣੈ', ਉਹ ਦਰਗਾਹ ਥਾਂ ਨਹੀਂ ਪਾ ਸਕਦਾ, 'ਅਗੈ ਗਇਆ ਨ ਸੋਹੈ' ਸਲਾਹੁਣਾ ਵੀ ਹੈ, ਨਿਮਰਤਾ ਵਿਚ ਰਹਿ ਕੇ।

***ਸੱਤਵੇਂ ਸਵਾਲ,*** 'ਸੋ ਦਰੁ ਕੇਹਾ' ਦਾ ਉੱਤਰ ਦੇ ਰਹੇ ਹਨ ਕਿ ਦਰ ਹੈ : ਰਾਗ, ਨਾਦ, ਆਵਾਜ਼ ਗਾਉਣ, ਵਾਵਣਹਾਰੇ। ਜਦ ਆਦਮ ਦਾ ਪੁੱਤਲਾ ਵਾਹਿਗੁਰੂ ਘੜਿਆ ਸੀ ਤਾਂ ਕਹਿੰਦੇ ਹਨ ਕਿ ਆਤਮਾ ਰਾਗ ਨਾਲ ਅੰਦਰ ਗਈ ਸੀ। ਹੁਣ ਇਹ ਰਾਗ ਹੀ ਆਤਮਾ ਨੂੰ ਪਰਮਾਤਮਾ ਦੇ ਦਰ ਤੇ ਲੈ ਜਾਵੇਗਾ। ਸਭ ਗਾ ਰਹੇ ਹਨ।

ਭਾਵੇਂ ਪੰਚ ਤੱਤ ਹਨ, ਤੱਤਾਂ ਤੋਂ ਬਣੀਆਂ ਸ਼ੈਆਂ ਹਨ, ਜੀਵ ਹਨ, ਜੀਵ ਆਤਮਾਵਾਂ ਹਨ. ਪੁੱਗੇ ਹੋਏ ਪੁਰਸ਼, ਦੇਵਤੇ ਹਨ ਜਾਂ ਪੀਰ ਪੈਗ਼ੰਬਰ ਔਲੀਆ ਹਨ ਜਾਂ ਸੁਰਨਰ ਗੰਧਰਵ ਹਨ। ਗਾਉਣ ਨਾਲ ਉਸ ਦਾ ਦਰ ਮਿਲਦਾ ਹੈ।

***ਆਖ਼ਰੀ ਸਵਾਲ,*** ਉਸ ਦਾ ਘਰ ਕਿੱਥੇ ਹੈ, ਦਾ ਉੱਤਰ ਹੈ :

'ਰਹਣੁ ਰਜਾਈ।।'

ਉਹ ਘਰ ਹੈ ਜਿੱਥੇ ਕਰਤੇ ਦੀ ਵੀਚਾਰ ਹੁੰਦੀ ਹੈ।

ਉਹ ਘਰ ਹੈ ਜਿੱਥੇ ਸਮ-ਦ੍ਰਿਸ਼ਟੀ ਵਾਲੇ ਟਿਕਦੇ ਹਨ।

ਉਹ ਘਰ ਹੈ ਜਿੱਥੇ ਨਿਰਭਉ ਦਾ ਸੋਹਿਲਾ ਗਾਇਆ ਜਾਂਦਾ ਹੈ।

ਉਹ ਘਰ ਹਿਰਦੇ ਵਿਚ ਹੈ। ਜਿਸ ਨੇ ਧਰਤੀ ਤੇ ਆਕਾਸ਼ ਵਿਚ ਆਪਣੀ ਸ਼ਕਤੀ ਧਾਰੀ ਹੈ, ਉਸ ਨੇ ਹੀ ਮਨੁੱਖਾ ਦੇਹ ਰੂਪ ਮੜ੍ਹੀ ਨੂੰ ਆਪਣਾ ਘਰ ਬਣਾਇਆ ਹੈ :

ਅਉਹਠਿ ਹਸਤ ਮੜੀ ਘਰੁ ਛਾਇਆ,
ਧਰਣਿ ਗਗਨ ਕਲ ਧਾਰੀ।। (ਰਾਮਕਲੀ ਮਹਲਾ ੧)

ਪਰਮਾਤਮਾ ਕੋਈ ਤਸੱਵਰ ਜਾਂ ਖ਼ਿਆਲ ਨਹੀਂ, ਕੋਈ ਭ੍ਰਾਂਤੀ ਜਾਂ ਛਲਾਵਾ ਨਹੀਂ, ਉਹ ਦਰ ਵਾਲਾ ਹੈ, ਘਰ ਵਾਲਾ ਹੈ।

Sri Satguru Jagjit Singh Ji eLibrary NamdhariElibrary@gmail.com

८३

# ਸੋਲ੍ਹਾਂ ਹੋਰ ਮੂਲ ਸਵਾਲ

## ਗੁਰੂ ਅਰਜਨ ਦੇਵ ਜੀ ਨੇ ਸੋਲਾਂ ਸਵਾਲਾਂ ਦਾ ਜੁਆਬ ਬਾਣੀ ਵਿਚ ਕੀ ਦਿੱਤਾ ਹੈ?

੧. ਕੌਣ ਮੁਕਤਾ ਹੈ?
ਉੱਤਰ ਹੈ : ਜਿਸ ਹੁਕਮ ਪਛਾਤਾ।
੨. ਕਿਸ ਨੇ ਠੀਕ ਰਾਹ ਪਾ ਲਿਆ ਹੈ?
ਜਵਾਬ ਹੈ : ਜੋ ਹੁਕਮ ਤੇ ਟੁਰਦਾ ਹੈ।
੩. ਕੌਣ ਗਿਆਨੀ ਹੈ?
ਉੱਤਰ ਹੈ : ਜਿਸ ਦਾ ਯਕੀਨ ਪੱਕਾ ਹੈ।
੪. ਕੌਣ ਚੰਗਾ ਵਿਖਿਆਨੀ ਹੈ?
ਜਵਾਬ ਹੈ : ਜਿਸ ਜੋ ਕਿਹਾ, ਸੋ ਕਮਾਇਆ ਹੈ।
੫. ਕੌਣ ਜੱਕੜਿਆ ਹੋਇਆ ਹੈ?
ਉੱਤਰ ਹੈ : ਜੋ ਹੰਕਾਰੀ ਹੈ।
੬. ਸੰਸਾਰ ਅਗਨ ਤੋਂ ਬਚਿਆ ਕਿਵੇਂ ਜਾ ਸਕਦਾ ਹੈ?
ਜਵਾਬ ਹੈ : ਗੁਰੂ ਮਿਹਰ ਸਦਕਾ।
੭. ਆਉਣ ਜਾਣ ਕਿਵੇਂ ਮੁੱਕੇ?
ਉੱਤਰ ਹੈ : ਰਜ਼ਾ ਵਿਚ ਰਹਿਆਂ।
੮. ਵਾਹਿਗੁਰੂ ਸੇਵਾ ਵਿਚ ਕੌਣ ਲੱਗਦਾ ਹੈ?
ਜਵਾਬ ਹੈ : ਜਿਸ ਆਪਾ ਮਾਰਿਆ ਹੈ।
੯. ਕੌਣ ਨਿਹਕਾਮੀ ਹੈ?
ਉੱਤਰ ਹੈ : ਜਿਸ ਉਸ ਨੂੰ ਪਛਾਣ ਲਿਆ ਹੈ।
੧੦. ਕੁਸਲ (ਖ਼ੁਸ਼ੀ) ਕਿਸ ਪਾਸ ਹੈ?
ਉੱਤਰ ਹੈ : ਏਕੁ ਕੁਸਲੁ
ਮੋ ਕਉ ਸਤਿਗੁਰੂ ਬਤਾਇਆ॥
ਹਰਿ ਜੋ ਕਿਛੁ ਕਰੇ,
ਸੁ ਹਰਿ ਕਿਆ ਭਗਤਾ ਭਾਇਆ॥ (ਗਉੜੀ ਮਹਲਾ ੫)
੧੧. ਦੁਖੀ ਕੌਣ ਹੈ?
ਉੱਤਰ ਹੈ : ਮਨਮੁਖ।



Sri Satguru Jagjit Singh Ji eLibrary NamdhariElibrary@gmail.com

੧੨. ਅੰਦਰ ਦੀਆਂ ਮਾੜੀਆਂ ਰੁਚੀਆਂ ਨੂੰ ਬੰਧ ਮਾਰਨ ਲਈ ਕੌਣ ਸਹਾਇਕ ਹੁੰਦਾ ਹੈ?

ਜਵਾਬ ਹੈ : ਸ਼ਬਦ।

੧੩. ਰੱਬ ਦੇ ਖ਼ੁਸ਼ ਕਰਨ ਲਈ ਕਿਹੜਾ ਗੁਣ (ਰੂਪ, ਅਰਾਧਨਾ, ਜੋਗ, ਪੂਜਾ, ਤੱਪ, ਘਾਲਣਾ) ਅਤੇ ਕਿਹੜਾ ਬੋਲ (ਨਾਂ ਉਚਾਰਨਾ) ਚੰਗਾ ਹੈ?

ਉੱਤਰ ਹੈ : ਕੇਵਲ ਰੱਬ ਦੀ ਮਿਹਰ ਮੰਗੋ। ਮਿਹਰ ਹੋਇਆਂ ਹੀ ਸ਼ਬਦ ਦੀ ਸੂਝ ਮਿਲ ਜਾਂਦੀ ਹੈ, ਜੋ ਪੂਰਨ ਘਾਲ ਹੈ।

(ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ,
ਸਤਿਗੁਰੂ ਮਿਲੇ ਦਇਆਲ॥) (ਗਉੜੀ ਮਹਲਾ ੫)

੧੪. ਕੌਣ ਹੈ ਦਾਨਾ (Wisest)?

ਉੱਤਰ ਹੈ : ਜਿਸ ਵਿਚਹੁ ਅਹੰਕਰਨ ਮਾਰਿਆ ਹੈ।

੧੫. ਕੌਣ ਹੈ ਸੁਰਤਾ (Intelligent)?

ਜਵਾਬ ਹੈ : ਜਿਸ ਨੂੰ ਕੋਈ ਬਾਹਰਲੀ ਵਸਤੂ ਖਿੱਚ ਪਾ ਕੇ ਡੁਲਾ ਨਾ ਸਕੇ।

੧੬. ਕੌਣ ਹੈ ਸੁਤੰਤਰ (ਬੰਦ ਖਲਾਸਿ)?

ਜਵਾਬ ਹੈ : ਸੰਤੋਖੀ ਪੁਰਸ਼।'

❑❑

Sri Satguru Jagjit Singh Ji eLibrary NamdhariElibrary@gmail.com

84

## ਚਾਰ ਸਵਾਲ ਜਵਾਬ ਇਕੋ

**ਉਹ ਚਾਰ ਸਵਾਲ ਕਿਹੜੇ ਸਨ ਜੋ ਬਾਬਾ ਫ਼ਰੀਦ ਜੀ ਨੇ ਆਪਣੇ ਸਮੇਂ ਦੇ ਸੌ (੧੦੦) ਦਰਵੇਸ਼ਾਂ ਨੂੰ ਕੀਤੇ ਤੇ ਸਭਨਾਂ ਨੇ ਇਕੋ ਜਿਹੇ ਜਵਾਬ ਦਿੱਤੇ? ਉਹ ਸਵਾਲ ਤੇ ਜਵਾਬ ਦੱਸੋ।**

ਪਹਿਲਾ ਸਵਾਲ ਸੀ : ਸਭ ਤੋਂ ਅਕਲਮੰਦ ਕੌਣ ਹੈ?
ਸਭ ਦਰਵੇਸ਼ਾਂ ਦਾ ਉੱਤਰ ਸੀ : ਤਿਆਗੀ।
ਦੂਜਾ ਪ੍ਰਸ਼ਨ ਸੀ : ਸਭ ਤੋਂ ਵੱਡਾ ਕੌਣ ਹੈ?
ਸਭ ਦਾ ਜਵਾਬ ਸੀ : ਜੋ ਸੁੱਖ-ਦੁੱਖ ਸਮਾਨ ਜਾਣਦਾ ਹੈ।
ਤੀਜੀ ਪੁੱਛ ਸੀ : ਸਭ ਤੋਂ ਅਮੀਰ ਕੌਣ ਹੈ?
ਤਾਂ ਸਭ ਨੇ ਕਹਿਲਾ ਭੇਜਿਆ : ਸੰਤੋਖੀ।
ਚੌਥਾ ਸਵਾਲ ਸੀ : ਗ਼ਰੀਬ ਕੌਣ ਹੈ?
ਤਾਂ ਉੱਤਰ ਆਇਆ ਸੀ : ਹਿਰਸੀ (ਤ੍ਰਿਸ਼ਨਾਲੂ, ਜਿਸ ਸੰਤੋਖ ਤਿਆਗਿਆ ਹੈ।)



Sri Satguru Jagjit Singh Ji eLibrary NamdhariElibrary@gmail.com

85

## ਸਮੁੱਚਾ ਜਗਤ ਇਤਿਹਾਸ

***ਦੁਨੀਆਂ ਦਾ ਸਮੁੱਚਾ ਇਤਿਹਾਸ, ਇਤਿਹਾਸਕਾਰ ਚਾਰਲਸ ਬੀਅਰਡ ਨੇ ਚਾਰ ਲਾਈਨਾਂ ਵਿਚ ਦੱਸਿਆ ਸੀ, ਉਹ ਲਾਈਨਾਂ ਕੀ ਹਨ? ਸਮੁੱਚਾ ਸਿੱਖ ਇਤਿਹਾਸ ਵੀ ਇਕ ਪੈਰ੍ਹੇ ਵਿਚ ਲਿਖੋ।***

੧. ਜਿਸ ਨੂੰ ਵਾਹਿਗੁਰੂ ਨੇ ਤਬਾਹ ਕਰਨਾ ਹੁੰਦਾ ਹੈ ਉਸ ਨੂੰ ਪਹਿਲਾਂ ਤਾਕਤ ਦੇ ਨਸ਼ੇ ਵਿਚ ਪਾਗ਼ਲ ਬਣਾ ਦੇਂਦਾ ਹੈ।

Whom Waheguru would destroy. He first makes him or her mad with power.

੨. ਵਾਹਿਗੁਰੂ ਦੀ ਚੱਕੀ ਚਲਦੀ ਬੜੀ ਆਹਿਸਤਾ-ਆਹਿਸਤਾ ਹੈ ਪਰ ਪੀਸਦੀ ਬੜਾ ਬਰੀਕ ਹੈ।

The Mill of Waheguru grinds slowly but grinds exceedingly small.

੩. ਸ਼ਹਿਦ ਦੀ ਮੱਖੀ ਜੋ ਫੁੱਲ ਵਿਚੋਂ ਰਸ ਚੂਸ ਕੇ ਲੈ ਜਾਂਦੀ ਹੈ ਪਰ ਨਾਲ ਹੀ ਪੈਰਾਂ ਨਾਲ ਪਰਾਗ (ਫੁੱਲ ਧੂੜ) ਖਲੇਰ ਹੋਰ ਕਿਤਨੇ ਫੁੱਲਾਂ ਨੂੰ ਵੀ ਜਨਮ ਦੇਂਦੀ ਹੈ।

The Bee fertilizes the flower it robs.

੪. ਜਦ ਰਾਤ ਘੁਪ ਹਨ੍ਹੇਰੀ ਹੋ ਜਾਏ ਤਾਂ ਤਾਰੇ ਸਾਫ਼ ਦਿਖਾਈ ਦੇਂਦੇ ਹਨ।

When it is dark enough you can see the Stars.

### ਸਮੁੱਚਾ ਸਿੱਖ ਇਤਿਹਾਸ

ਸਤਿਗੁਰੂ ਜਗਤ ਵਿਚ ਪਠਾਏ। ਇਥੇ ਵਿਚਰੇ। ਜੀਅ ਦਾਨ, ਨਾਮ ਦਾਨ ਤੇ ਉਪਦੇਸ਼ ਦਾਨ ਦਿੱਤਾ। ਲੋਕਾਂ ਨਾਲ ਵਾਹ ਪਏ। ਮਿਹਰਾਂ ਕੀਤੀਆਂ। ਮੁਸ਼ਕਿਲਾਂ ਆਈਆਂ। ਖੇਦ ਝੱਲੇ। ਅਸੂਲ ਪਾਲੇ। ਆਪੇ ਵਾਰੇ। ਲੋਕ ਹਨ੍ਹੇਰੇ ਵਿਚੋਂ ਕੱਢੇ। ਜੀਵਤ ਭਾਵ ਵਿਚ ਆ ਕੇ, ਉਨ੍ਹਾਂ ਜੀਅ ਉੱਠਿਆਂ ਨੇ ਆਪਾ ਵਾਰ ਕਰਨੀਆਂ ਤੇ ਕਮਾਲ ਵਿਖਾਏ।

Sri Satguru Jagjit Singh Ji eLibrary NamdhariElibrary@gmail.com

86

# ਸਿੱਖੀ ਦਾ ਸਾਰੰਸ਼

***ਗੁਰੂ ਹਰਿਗੋਬਿੰਦ ਜੀ ਨੇ ਸਿੱਖੀ ਨੂੰ ਸਮਝਾਂਦੇ, ਜਦ ਬ੍ਰਿਛ ਨਾਲ ਤੁਲਨਾ ਕੀਤੀ ਸੀ ਤਾਂ ਉਨ੍ਹਾਂ ਜੜ੍ਹ, ਸ਼ਾਖਾਂ, ਪੱਤੇ, ਫੁੱਲ, ਫ਼ਲ ਕਿਸ ਨੂੰ ਕਿਹਾ ਸੀ?***

ਗੁਰੂ ਹਰਿਗੋਬਿੰਦ ਜੀ ਨੇ ਫ਼ਰਮਾਇਆ ਸੀ :

| | |
|---|---|
| ਸਿੱਖੀ ਦੀ ਜੜ੍ਹ ਹੈ | =ਨਿਮਰਤਾ। |
| ਸਿੱਖੀ ਦੀਆਂ ਸ਼ਾਖਾਂ ਹਨ | =ਸੇਵਾ। |
| ਸਿੱਖੀ ਦੇ ਪੱਤੇ ਹਨ | =ਸਾਧ-ਸੰਗਤਿ। |
| ਫੁੱਲ ਪੈਂਦਾ ਹੈ | =ਸ਼ਬਦ ਦੀ ਸੂਝ ਦਾ। |
| | *ਅਤੇ* |
| ਫ਼ਲ ਗਿਰਦਾ ਹੈ | =ਸਰੀਰ ਦਾ ਖ਼ਿਆਲ ਵਿਚੋਂ ਨਿਕਲ ਜਾਂਦਾ ਹੈ। |



Sri Satguru Jagjit Singh Ji eLibrary NamdhariElibrary@gmail.com

87

# ਜੂਝਦਾ ਹੈ ਸਿੱਖ ਧਰਮ

## *ਸਿੱਖ ਧਰਮ ਕਿਸ ਲਈ ਜੂਝਦਾ ਰਿਹਾ ਹੈ?*

ਸਿੱਖ ਧਰਮ :
ਸੱਚ (Truth)
ਪ੍ਰੇਮ (Love)
ਅਣਖ (Self-Respect)
ਅਤੇ
ਆਜ਼ਾਦੀ (Freedom) ਲਈ ਜੂਝਦਾ ਹੈ,
ਜੂਝਦਾ ਰਹਿਆ ਹੈ
ਅਤੇ ਜੂਝਦਾ ਰਵ੍ਹੇਗਾ।



Sri Satguru Jagjit Singh Ji eLibrary NamdhariElibrary@gmail.com

## *ਗੁਰਸਿੱਖੀ ਦੀਆਂ ਭਾਈ ਗੁਰਦਾਸ ਜੀ ਨੇ ਕੀ ਨਿਸ਼ਾਨੀਆਂ ਦੱਸੀਆਂ ਹਨ?*

ਉਹ ਗੁਰਸਿੱਖ ਤੇ ਗੁਰਸਿੱਖੀ ਜਿਸ ਨੇ ਨਵੀਂ ਲੀਹ ਪਾਈ, ਨਵਾਂ ਵਿਧਾਨ ਦਿੱਤਾ ਤੇ ਨਿਰਾਲੇ ਕਾਰਨਾਮੇ ਕੀਤੇ, ਉਸ ਨੂੰ ਭਾਈ ਗੁਰਦਾਸ ਜੀ :

'ਬਾਰੀਕ', 'ਸਿਲ ਚਟਨ ਫ਼ਿਕੀ',
'ਤ੍ਰਿਖੀ ਖੰਡੇਧਾਰ', 'ਵਾਲਹੁ ਨਿਕੀ' ਕਹਿੰਦੇ ਹਨ
ਅਤੇ
ਸਿੱਖੀ ਰਾਹ ਟੁਰਨ ਵਾਲੇ ਗੁਰਸਿੱਖ ਨੂੰ
'ਸਹਜ ਸਰੋਵਰ ਟਿਕਿਆ', 'ਮਿੱਠ ਬੋਲੜਾ',
ਹਿਸਾਬਾਂ ਵਿਚ ਨਾ ਪੈਣ ਵਾਲਾ,
ਘਾਲਿ ਖਾਇ-ਸੇਵਾ ਕਰਨ ਵਾਲਾ,
ਆਪਾ ਨਾ ਗਣਾਉਣ ਵਾਲਾ,
ਹੁਕਮ ਰਜ਼ਾਈ ਚਲਣ ਵਾਲਾ,
ਸਾਧ ਸੰਗ ਨਿਬਾਹ ਘਰਬਾਰੀ,
ਏਕਾ ਨਾਰੀ ਜਤੀ, ਅੰਮ੍ਰਿਤ ਵੇਲੇ ਨ੍ਹਾਵਣ ਵਾਲਾ,

'ਖੈਰ ਦਲਾਲ—ਦਲੇਲ' (ਨਾਮ ਰੂਪੀ ਖ਼ੈਰ ਦੇ ਦਲੇਰ ਦਲਾਲ) ਅਤੇ ਸੇਵ ਸਹੇਸਿਆ (ਵਾਹਿਗੁਰੂ ਖ਼ੈਰ ਦੇਣ ਵਾਲੇ ਦੇ ਨਾਲ ਵੱਸਣ ਵਾਲੇ ਦੀ ਸੇਵਾ ਵਿਚ ਅਨੰਦ ਲੈਣ ਵਾਲਾ)।

ਸ਼ਬਦ ਸੁਰਤਿ ਲਿਵ ਲਗਾਉਣ ਵਾਲਾ,
ਹੁਕਮੀ ਬੰਦਾ, ਸਿਦਕ ਸਬੂਰੀ ਸਾਬਤਾ (Integrated Personality),
ਸ਼ਾਕਰ ਸ਼ੁਕਰ ਕਰਨ ਵਾਲਾ, ਨਾ ਦੇਣਾ ਲੈਣਾ,
ਸਾਵਧਾਨ, ਹੁਸ਼ਨਾਕ (ਚੌਕੰਨੇ) ਤੇ ਨਿਮਰਤਾ ਦੀ ਮੂਰਤ,
ਪੈਰੀਂ ਪੈ ਖਾਕ ਹੋਇ,
'ਛਡ ਮਣੀ ਮਨੂਰੀ' ਤੇ ਕਦੇ ਨ ਝੂਰਨ ਵਾਲਾ ਦੱਸਦੇ ਹਨ।

***ਭਾਈ ਗੁਰਦਾਸ ਜੀ ਅਨੁਸਾਰ :***

ਗਰੀਬੀ ਬਿਨਾਂ ਸਿੱਖੀ ਨਹੀਂ ਕਿਉਂਕਿ ਪਰਉਪਕਾਰ ਤਾਂ ਹੀ ਹੋ ਸਕਦਾ ਹੈ ਜੇ ਪਹਿਲਾਂ ਨਿਰਮਾਣਤਾ ਆਵੇ, ਨਿੱਭਦਾ ਤਾਂ ਹੈ ਜੇ ਸਿਦਕ ਹੋਵੇ।



Sri Satguru Jagjit Singh Ji eLibrary NamdhariElibrary@gmail.com

ਸਿਦਕ ਲਈ ਗੁਰੂ ਨਾਲ ਪ੍ਰੇਮ ਦੀ ਸਖ਼ਤ ਲੋੜ ਹੈ।

ਪ੍ਰੇਮ ਤੋਂ ਹੀ ਸਿਦਕ ਉਪਜਦਾ ਹੈ ਅਤੇ ਪ੍ਰੇਮ ਨਾਲ ਹੀ ਦ੍ਰਿੜ੍ਹਤਾ ਰਹਿੰਦੀ ਹੈ।

ਦ੍ਰਿੜ੍ਹਤਾ ਆਇਆਂ ਦੁਬਿਧਾ ਨੱਸ ਜਾਂਦੀ ਹੈ।

ਦਰਪਣ ਵਾਂਗ ਹਿਰਦਾ ਹੋ ਜਾਂਦਾ ਹੈ ਅਤੇ 'ਆਪਣਾ ਆਪ ਨਿਹਾਲ' (ਦੇਖ) ਲੈਂਦਾ ਹੈ।

ਐਸਾ ਸਿੱਖ ਵਰਤਮਾਨ ਵਿਚ ਵਰਤਦਾ , ਭਵਿੱਖ ਤੇ ਭੂਤ ਤੋਂ ਬੇਪ੍ਰਵਾਹ ਹੋ ਵਿਚਰਦਾ ਹੈ।

"ਵਰਤਮਾਨ ਵਿਚ ਵਰਤਦਾ, ਭੂਤ ਭਵਿੱਖ ਉਹ ਨਾ ਜਾਣੈ"

ਬਸ : ਗੁਰਸਿੱਖ ਉਹ ਹੈ ਜੋ ਵੱਟੀ ਵਾਂਗ ਪਹਿਲਾਂ ਸੜਦਾ ਹੈ ਭਾਵ ਹਉਮੈ ਮਾਰਦਾ ਹੈ। ਫਿਰ ਤੇਲ ਵਤ ਪਰਉਪਕਾਰ ਵਿਚ ਬਲਦਾ ਹੈ ਜਿਵੇਂ ਤੇਲ ਵੱਟੀ ਨੂੰ ਨਹੀਂ ਸੜਨ ਦਿੰਦਾ।

ਫਿਰ ਦੀਵੇ ਵਤ ਚਾਨਣ ਦੇਂਦਾ ਰਹਿੰਦਾ ਹੈ। ਗਿਆਨ ਦੀ ਰੌਸ਼ਨੀ ਆਪ ਮੁਹਾਰੇ ਖਲੇਰਦਾ ਰਹਿੰਦਾ ਹੈ।

"ਵਟੀ ਤੇਲ ਦੀਵਾ ਹੁਇ ਬਲਣਾ।।"

❑❑

Sri Satguru Jagjit Singh Ji eLibrary NamdhariElibrary@gmail.com

# ੪੧ ਰੀਤ ਰਸਮ

## *ਰੀਤ ਰਸਮ ਦੀ ਸਿੱਖੀ ਵਿਚ ਕਿਉਂ ਪ੍ਰਵਾਨਗੀ ਨਹੀਂ ਹੈ?*

ਰੀਤ ਰਸਮ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ।

ਇਹ ਸਉਣ ਤੇ ਸ਼ਗਨ, ਸਭ ਭਰਮ ਤੇ ਵਹਿਮ ਦਾ ਸਿੱਟਾ ਹਨ। ਵਹਿਮੀ ਲੋਕਾਂ ਨੇ ਸ਼ਗਨ ਅਪਸ਼ਗਨ ਨੂੰ ਸੱਤਾਂ ਹਿੱਸਿਆਂ ਵਿਚ ਵੰਡ ਕੇ ਹੋਰ ਭਰਮ ਖਿਲਾਰ ਦਿੱਤੇ ਹਨ।

ਜਦ ***ਯਗਨ*** ਕਹਿੰਦੇ ਹਨ ਤਾਂ ਭਾਵ ਲੈਂਦੇ ਹਨ ਕਿ ਕੁਝ ਦਿਨਾਂ ਬਾਅਦ ਕਾਰਜ ਹੋ ਜਾਏਗਾ। ***ਰਗਨ***—ਨਹੀਂ ਹੋਵੇਗਾ, ***ਸ਼ਗਨ***—ਕਾਰਜ ਹੋ ਜਾਏਗਾ, ***ਤਗਨ***—ਦੁਖਦਾਇਕ ਹੋਵੇਗਾ, ***ਜਗਨ***—ਸੁਖ ਮਿਲੇਗਾ, ***ਭਗਨ***—ਸ਼ੁੱਭ ਮਿਲਾਪ ਹੋਣਗੇ ਅਤੇ ***ਨਗਨ***—ਸਭ ਤੋਂ ਸ੍ਰੇਸ਼ਟ ਕਹਿਲਾਏਗਾ।

ਗੁਰੂ ਜੀ ਨੇ 'ਗੁਰਪ੍ਰਸਾਦਿ ਭਰਮ ਕਾ ਨਾਸੁ' ਉਚਾਰ ਕੇ ਭਰਮਗੜ੍ਹ ਤੋੜ ਦਿੱਤਾ।

ਭਾਈ ਕਨ੍ਹਯਾ ਜੀ ਨੇ ਇਕ ਵਾਰੀ ਬਚਨ ਕੀਤੇ ਸਨ :

'ਰੀਤ ਰਸਮ ਤੇ ਗੁਰਮਤਿ ਪਰ੍ਹੇ'॥

ਰੀਤ ਰਸਮ ਰਿਵਾਜ ਦਾ ਗ਼ੁਲਾਮ ਹੋਣਾ ਕਮਜ਼ੋਰ ਮਨ ਦੀਆਂ ਹੀ ਨਿਸ਼ਾਨੀਆਂ ਹਨ।

ਗੁਰ ਵਾਕ ਹੈ : 'ਸਾਹੇ ਉਪਰਿ ਏਕੰਕਾਰ'।

ਭਾਵ ਜਿਸ ਨੂੰ ੧ਓ ਦਾ ਸਹਾਰਾ ਹੈ, ਉਸ ਦਾ ਸਾਹ, ਲਗਨ, ਸ਼ਗਨ, ਜਗਨ, ਭਗਨ ਕੁਝ ਵਿਗਾੜ ਨਹੀਂ ਸਕਦਾ।

❑❑



Sri Satguru Jagjit Singh Ji eLibrary NamdhariElibrary@gmail.com

## ਵਰਤ, ਪੂਰਨਮਾਸ਼ੀ, ਮੱਸਿਆ, ਸੰਗਰਾਂਦ ਆਦਿ ਦੀ ਸਿੱਖ ਧਰਮ ਵਿਚ ਕੋਈ ਥਾਂ ਹੈ ਕਿ ਨਹੀਂ?

ਵਰਤ, ਪੂਰਨਮਾਸ਼ੀ, ਮੱਸਿਆ ਜਾਂ ਸੰਗਰਾਂਦ ਦਾ ਸਿੱਖ ਧਰਮ ਵਿਚ ਕੋਈ ਅਸਥਾਨ ਨਹੀਂ ਹੈ। ਵਰਤ ਕਿਸੇ ਦੇਵੀ-ਦੇਵਤੇ ਨਾਲ ਸੰਬੰਧਿਤ ਹਨ ਜੋ ਆਪੂੰ ਮੋਹ-ਮਾਇਆ ਵਿਚ ਫਸੇ ਹੋਏ ਹਨ :

ਇਸ ਮਨ ਕਉ ਹੋਰ ਸੰਜਮੁ ਕੋ ਨਾਹੀ,
ਵਿਣੁ ਸਤਿਗੁਰ ਕੀ ਸਰਣਾਇ। (ਵਡਹੰਸੁ ਮਹਲਾ ੩)

*ਮੱਸਿਆ* ਤੇ *ਪੂਰਨਮਾਸ਼ੀ* ਦਾ ਸਬੰਧ ਚੰਦ ਨਾਲ ਹੈ ਤੇ ਸਿੱਖ ਜਾਪੁ ਸਾਹਿਬ ਵਿਚ ਰੋਜ਼ 'ਨਮੋ ਚੰਦ੍ਰ ਚੰਦਰੇ' ਪੜ੍ਹਦਾ ਹੈ।

*ਸੰਗਰਾਂਦ* ਦਾ ਸੰਬੰਧ ਸੂਰਜ ਨਾਲ ਹੈ। ਜਦ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਜਾਂਦਾ ਹੈ ਤਾਂ 'ਸੰਕ੍ਰਾਂਤੀ' ਕਹਿੰਦੇ ਹਨ ਤੇ ਸ਼ੁਭ ਘੜੀ ਜਾਣ ਪੂਜਾ ਕੀਤੀ ਜਾਂਦੀ ਹੈ।

ਸਿੱਖ 'ਨਿਰਭਉ' ਦਾ ਪੁਜਾਰੀ ਹੈ ਤੇ ਇਹ ਸਭ ਸੂਰਜ, ਚੰਦ, ਸਿਤਾਰੇ ਉਸੇ ਦੇ ਭੈ ਵਿਚ ਹਨ।

'ਭੈ ਤੇ ਨਿਰਭਉ ਡਰਤਾ ਫਿਰੈ' ਦੇਖ ਹੀ ਕਬੀਰ ਜੀ ਨੇ ਕਿਹਾ ਸੀ, ਕਿਆ ਅਜੀਬ ਤਮਾਸ਼ਾ ਹੋ ਰਹਿਆ ਹੈ ਕਿ 'ਨਿਰਭਉ' ਦਾ ਪੁਜਾਰੀ ਇਨ੍ਹਾਂ ਭੈ ਵਿਚ ਟੁਰਨ ਵਾਲੀਆਂ ਸ਼ੈਆਂ ਤੋਂ ਘਬਰਾਈ ਫਿਰਦਾ ਹੈ :

'ਜਉ ਡਰ ਡਰੈ, ਤਾ ਫਿਰਿ ਡਰੁ ਲਾਗੈ।
ਨਿਡਰ ਹੂਆ, ਡਰੁ ਉਰ ਹੋਇ ਭਾਗੈ।'

Sri Satguru Jagjit Singh Ji eLibrary NamdhariElibrary@gmail.com

## 91 ਧਰਮ ਤੇ ਸਿਆਸਤ

### ਸਿੱਖ ਧਰਮ ਵਿਚ ਧਰਮ ਤੇ ਸਿਆਸਤ ਅਨਿੱਖੜਵੇਂ ਕਿਉਂ ਹਨ?

ਸਿਆਸਤ ਧਰਮ ਦਾ ਅਨਿੱਖੜਵਾਂ ਅੰਗ ਹੈ। ਸਭ ਗਿਰਾਵਟਾਂ ਇਸੇ ਕਰਕੇ ਆਈਆਂ ਹਨ ਕਿ ਇਨ੍ਹਾਂ ਦੋਹਾਂ ਨੂੰ ਵੱਖ-ਵੱਖ ਕਰਨ ਦੇ ਹੀਲੇ ਸਦਾ ਹੁੰਦੇ ਰਹੇ :

'ਜਮਹੂਰੀ ਤਮਾਸ਼ਾ ਹੋ,
ਯਾ ਜਲਾਲਿ ਪਾਦਸ਼ਾਹੀ,
ਜੁਦਾ ਹੋ ਦੀਂ ਸਿਆਸਤ ਸੇ
ਤੋ ਰਹਿ ਜਾਤੀ ਹੈ ਚੰਗੇਜ਼ੀ।'

ਲੋਕੀਂ ਇਹ ਨਾ ਜਾਣ ਸਕੇ ਕਿ ਕਿਸ ਤਰ੍ਹਾਂ ਉਹਨਾਂ ਦੀ ਤਹਿਜ਼ੀਬ ਨੂੰ ਕੋਈ ਦੂਜਾ ਧਰਮ, ਹੱਥ ਵਿਚ ਸਿਆਸੀ ਤਾਕਤ ਲੈ ਕੁੱਚਲ ਰਹਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਸਭ ਕੁਝ ਸਮਝਿਆ ਤੇ ਸਾਨੂੰ ਸਮਝਾਇਆ। ਆਪ ਜੀ ਨੇ ਦੱਸਿਆ ਕਿ ਚੋਟਾਂ ਸਦਾ ਗ਼ੁਲਾਮ ਧਰਮ 'ਤੇ ਪੈਂਦੀਆਂ ਹਨ।

ਉਹਨਾਂ ਦੱਸਿਆ ਕਿ ਰਾਜਸੀ ਤਾਕਤ ਜੇ ਕਿਸੇ ਧਰਮ ਤੇ ਤਹਿਜ਼ੀਬ ਦੇ ਵਿਰੁੱਧ ਹੋਵੇ ਤਾਂ ਬਹੁਤ ਭਾਰੀ ਨੁਕਸਾਨ ਗ਼ੁਲਾਮ ਤਹਿਜ਼ੀਬ ਦੇ ਧਰਮ ਨੂੰ ਹੁੰਦਾ ਹੈ। ਆਸਾ ਦੀ ਵਾਰ ਵਿਚ ਉਹਨਾਂ ਕਿਹਾ : ਅੰਦਰ ਛਿੱਪ ਕੇ ਠਾਕਰ ਪੂਜਦੇ ਹੋ ਪਰ ਬਾਹਰ ਮੁਸਲਮਾਨਾਂ ਦੀ, ਜਿਨ੍ਹਾਂ ਨੂੰ ਮਲੇਛ ਕਹਿੰਦੇ ਹੋ, ਦੱਸੀ ਰਹੁ-ਰੀਤੀ ਅਪਣਾਉਂਦੇ ਹੋ। ਇਸ ਤਰ੍ਹਾਂ ਕਿਵੇਂ ਬਚ ਸਕੇਗੀ ਤੁਹਾਡੀ ਸਭਿਅਤਾ। ਇਹ ਤੁਹਾਡੀ ਹਾਸੋਹੀਣੀ ਹਾਲਤ ਕਿਸ ਨੇ ਕੀਤੀ? ਜਵਾਬ ਮਿਲੇਗਾ ਸਿਆਸੀ ਤਾਕਤ ਨੇ।

ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਸੰਕਲਪ ਬਹੁ-ਪੱਖੀ ਸੀ। ਆਪ ਇਸਤਰੀ-ਪੁਰਸ਼, ਰਾਜ-ਸਰਕਾਰ, ਖੱਤਰੀ-ਬ੍ਰਾਹਮਣ ਦੇ ਜ਼ਾਤੀ ਤੇ ਜਮਾਤੀ ਫ਼ਰਜ਼ਾਂ ਨੂੰ ਧਰਮ ਆਖਦੇ ਸਨ।

ਨਾ ਕਾਜ਼ੀ, ਨਾ ਮੁੱਲਾਂ, ਨਾ ਖੱਤਰੀ, ਨਾ ਬ੍ਰਾਹਮਣ ਤੇ ਨਾ ਜੋਗੀ ਨੂੰ ਧਰਮ ਅਪਣਾਉਂਦਾ ਤੇ ਨਿਭਾਉਂਦਾ ਦੇਖ ਹੀ ਆਵਾਜ਼ ਉਠਾਈ ਸੀ :

'ਖਤ੍ਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ' ਅਤੇ 'ਕਾਦੀ ਕੂੜੁ ਬੋਲਿ ਮਲੁ ਖਾਇ', ਉਨ੍ਹਾਂ ਦੇ ਹੀ ਫ਼ਰਮਾਨ ਸਨ।

ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਤਦ ਹੀ ਮੁਰੇ ਦੀ ਪੁੱਛ ਦੇ ਉੱਤਰ ਵਿਚ ਕਿਹਾ ਸੀ : 'ਗੁਰੂ ਨਾਨਕ ਸੱਚਾ ਪਾਤਸ਼ਾਹ ਹੈ।' ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾਂ ਗੁਰੂ ਹਰਿਗੋਬਿੰਦ ਸਿੰਘ ਜੀ ਨੇ ਆਪਣੇ ਜੁੱਸੇ 'ਤੇ ਪਹਿਣ ਦਰਸਾ ਦਿੱਤਾ ਸੀ ਕਿ



Sri Satguru Jagjit Singh Ji eLibrary NamdhariElibrary@gmail.com

ਧਰਮ ਸਿਆਸਤ ਜੁਦਾ-ਜੁਦਾ ਨਹੀਂ ਕੀਤੇ ਜਾ ਸਕਦੇ। ਗੁਰੂ ਹਰਿ ਰਾਇ ਜੀ ਨੇ ਜਦ ਗੁਰੂ ਨਾਨਕ ਦੇਵ ਜੀ ਨੂੰ ਪਾਤਸ਼ਾਹ (Sovereign) ਕਿਹਾ ਸੀ ਤਾਂ ਉਹਨਾਂ ਦਾ ਇਹ ਹੀ ਭਾਵ ਸੀ ਕਿ ਸਾਡਾ ਆਪਣਾ ਅਧਿਕਾਰ ਖੇਤਰ ਹੈ। ਕ੍ਰਿਪਾਨ ਜੋ ਸਾਡੀ ਰਹਿਤ ਦਾ ਅੰਗ ਬਣੀ ਹੈ, ਉਹ ਵੀ ਦੱਸਦੀ ਹੈ ਕਿ ਅਸੀਂ ਸਿਆਸਤ ਕਦੇ ਕਿਸੇ ਦੇ ਹਵਾਲੇ ਨਹੀਂ ਕੀਤੀ ਤੇ ਨਾ ਕਰਨੀ ਹੈ।

ਮੀਰੀ ਪੀਰੀ ਨੂੰ ਜੋੜ ਕੇ ਜੋ ਖੰਡਾ ਬਣਾਇਆ ਹੈ, ਇਸ ਦਾ ਸਾਫ਼ ਅਰਥ ਹੈ ਕਿ ਕੋਈ ਮੀਰੀ ਪੀਰੀ ਨੂੰ ਨਿਖੇੜ ਨਹੀਂ ਸਕਦਾ।

❑❑

Sri Satguru Jagjit Singh Ji eLibrary NamdhariElibrary@gmail.com

92

# ਯੋਗ ਤੇ ਸਿੱਖ ਧਰਮ

## ਯੋਗ ਤੇ ਸਿੱਖ ਧਰਮ ਦਾ ਕੋਈ ਸਬੰਧ ਹੈ ਕਿ ਨਹੀਂ ?

ਯੋਗ ਦਾ ਸਿੱਖ ਧਰਮ ਵਿਚ ਯੋਗ ਦੇ ਨਾਤੇ ਕੋਈ ਥਾਂ ਨਹੀਂ ਹੈ।

ਆਸਾ ਦੀ ਵਾਰ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਇਸ ਦਾ ਨਿਬੇੜਾ ਕਰ ਦਿੱਤਾ ਹੈ। ਗੁਰੂ ਨਾਨਕ ਜੀ ਫ਼ਰਮਾਂਦੇ ਹਨ ਕਿ ਜੋਗੀਆਂ ਦਾ ਸਾਰਾ ਜਤਨ 'ਸੁੰਨ' ਵਿਚ ਟਿਕਣ ਦਾ ਹੈ ਅਤੇ ਉਹ ਇਹ ਧਿਆਨ ਦੁਆਰਾ ਪ੍ਰਾਪਤ ਕਰਨਾ ਚਾਹੁੰਦੇ ਹਨ। ਧਿਆਨ ਨੂੰ ਪਕਾਉਣ ਲਈ ਉਹ ਸੂਖਮ ਤੋਂ ਸੂਖਮ ਕਰਤਾਰ ਦਾ ਨਾਮ 'ਅਲਖ' ਤੇ 'ਨਿਰੰਜਨ' ਰੱਖ ਲੈਂਦੇ ਹਨ ਪਰ ਕਿਉਂਕਿ ਧਿਆਨ ਧਰਨ ਵਾਲੀ ਚੀਜ਼ ਕਿਤਨੀ ਸੂਖਮ ਹੋਵੇ, ਫਿਰ ਵੀ ਉਸਦਾ ਆਕਾਰ ਹੁੰਦਾ ਹੈ, ਸੋ ਯੋਗੀ ਵੀ ਆਕਾਰ ਦੇ ਪੁਜਾਰੀ ਬਣ ਗਏ, ਨਿਰੰਕਾਰ ਦੇ ਨਾ ਰਹੇ।

ਮਨ ਦੇ ਧਿਆਨ ਵਿਚ ਚਾਹੇ ਕਿਤਨੀ ਵੀ ਸੂਖਮ ਸ਼ੈ ਹੋਵੇ ਉਹ ਮੂਰਤੀ ਅਖ਼ਤਿਆਰ ਕਰ ਜਾਏਗੀ, 'ਕਾਯਾ ਦੇ ਆਕਾਰ' ਵਾਲੀ।

ਮਨ ਕਿਉਂਕਿ ਆਪੂੰ ਦੇਸ਼ ਕਾਲ ਵਿਚ ਦੀ ਕੈਦ ਵਿਚ ਹੈ, ਸੋ ਜੋ ਉਸ ਵਿਚ ਬੱਝੇਗਾ, ਉਹ ਵੀ ਦੇਸ਼ ਕਾਲ ਵਾਲਾ ਹੀ ਹੋਵੇਗਾ। ਸੋ ਯੋਗੀ ਦੀ ਭਟਕਣਾ ਮੁੱਕਦੀ ਨਹੀਂ, ਬਣੀ ਰਹਿੰਦੀ ਹੈ :

"ਜੋਗੀ ਸੁੰਨਿ ਧਿਆਵਨ੍ਹਿ ਜੇਤੇ, ਅਲਖ ਨਾਮੁ ਕਰਤਾਰੁ॥
ਸੂਖਮ ਮੂਰਤਿ ਨਾਮੁ ਨਿਰੰਜਨ, ਕਾਇਆ ਕਾ ਆਕਾਰੁ॥"

ਸਾਡੇ ਘਰ ਸਿਰਫ਼ ਸ਼ਬਦ ਰਾਹੀਂ ਮਨ ਟਿਕਾਉਣਾ ਲਿਖਿਆ ਹੈ।

'ਹਰਿਕੀਰਤ ਗੁਰਮੁਖਿ ਚਾਖੀ।'



Sri Satguru Jagjit Singh Ji eLibrary NamdhariElibrary@gmail.com

## ਕਿਹੜੇ ਕੌਮੀ ਗੁਣ ਸਨ ਜਿਨ੍ਹਾਂ ਕਾਰਨ ਸਿੱਖ ਦਬਾਇਆਂ ਨਾ ਦਬਾਏ ਗਏ?

ਉਂਜ ਤਾਂ ਕਿਤਨੇ ਹੀ ਕਾਰਨ ਸਨ, ਸਿੰਘਾਂ ਦੇ ਘੱਲੂਘਾਰਿਆਂ ਵੇਲੇ ਨਾ ਮਿਟਣ ਦੇ, ਜਿਹਨਾਂ ਵਿਚੋਂ ਚੰਗੇ ਆਗੂ, ਠੀਕ ਨੀਤੀ, ਸੁਚੱਜੀ ਰਣਨੀਤੀ, ਚੜ੍ਹਦੀ ਕਲਾ, ਤਿਕੋਣੀ ਜੰਗ ਦਾ ਹੋਣਾ, ਲੋਕਾਂ ਵਿਚ ਸਿੱਖਾਂ ਪ੍ਰਤੀ ਅਥਾਹ ਹਮਦਰਦੀ ਤੇ ਸ਼ਰਧਾ, ਸਿੰਘਣੀਆਂ ਦੇ ਕਰਤੱਵ ਪਰ ਰਾਜਰਜ਼ ਦਾ ਕਹਿਣਾ ਹੈ ਕਿ ਚਾਰ ਕੌਮੀ ਗੁਣ ਐਸੇ ਸਨ ਜਿਨ੍ਹਾਂ ਨੇ ਕੌਮ ਦਾ ਸਿਰ ਬੁਲੰਦ ਰੱਖਿਆ ਤੇ ਕੌਮ ਹਰ ਟਾਕਰੇ ਵਿਚ ਸੁਰਖ਼ਰੂ ਹੋ ਕੇ ਨਿਕਲੀ।

*ਪਹਿਲਾ ਗੁਣ* : ਸਿੱਖਾਂ ਦਾ ਅਨਿੰਨ ਵਿਸ਼ਵਾਸ (Deep Faith) ਸੀ ਕਿ ਉਹ ਇਕ ਦਿਨ ਇਸ ਧਰਤੀ ਦੇ ਰਾਜੇ ਹੋਣਗੇ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ 'ਰਾਜ ਕਰੇਗਾ ਖ਼ਾਲਸਾ' ਦਾ ਵਰ ਦੇ ਗਏ ਹਨ। ਸਿੱਖਾਂ ਦਾ ਵਿਸ਼ਵਾਸ ਸੀ ਕਿ ਜਿੱਥੇ ਵੀ ਉਹ 'ਧਰਮ ਯੁੱਧ' ਕਰ ਰਹੇ ਹਨ, ਗੁਰੂ ਆਪ ਵਿਚ ਹੋ ਕੇ ਲੜਦੇ ਹਨ :

ਕਲਗੀਧਰ ਨੇ ਇਕ ਵਾਰੀ ਬਚਨ ਕੀਤਾ ਸੀ :

'ਜਿੱਥੇ ਸਿੰਘ ਧਰਮ ਦੇ ਵਾਸਤੇ ਸਿੱਖੀ ਦੇ ਪਰਉਪਕਾਰ ਲਈ ਯੁੱਧ ਕਰਨਗੇ ਉਥੇ ਮੇਰਾ ਸਿੱਖਾਂ ਦੇ ਵਿਚ ਦੀਦਾਰ ਹੋਸੀ।'

'ਪੂਰਨ ਪੁਰਖ ਬਚਨ ਕੀਤਾ ਸੀ, ਆਪ ਦਸਵੇਂ ਪਾਤਸ਼ਾਹ।
ਪੰਥ ਹੈ ਗੁਰੂ ਕਾ, ਆਪ ਰਹਾਂਗਾ ਪੰਥ ਵਿਚ ਸਿਪਾਹ'॥ (ਬੰਸਾਵਲੀਨਾਮਾ)

ਪ੍ਰਾਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ ਸਿੱਖ ਕਹਿੰਦੇ ਸਨ :

ਕਬ ਹਮ ਬਖਤ ਆਵੈਗੋ॥
ਹਮ ਤੈ ਲੁਕ ਤੁਰਕ ਜਿੰਦ ਬਚਾਵੈਗੋ॥
ਹੰਨੈ ਹੰਨੈ ਹੁਇ ਬਹਿ ਪਾਤਸ਼ਾਹਿ॥
ਲਹਿ ਆਪ ਆਪਨੋ ਮੁਲਖ ਉਗਰਾਹਿ॥
ਹਮ ਗੁਰਬਚਨਨ ਝੂਠ ਤੌਂ ਨਾਹੀ॥
ਹਮ ਸਹੀ ਜਾਇ ਦੁੱਖ, ਕਟੈ ਤਾ ਹੀ॥'

ਬਾਤ-ਬਾਤ ਵਿਚ ਸਿੱਖ 'ਗੁਰੂ-ਗੁਰੂ' ਕਰਦੇ ਸਨ। ਸਿੱਖ ਸ਼ਹੀਦੀਆਂ ਪਾਉਣ ਵੇਲੇ ਇਹ ਹੀ ਕਹਿੰਦੇ ਸਨ :

ਸਿੱਖਨ ਕਾਰਨ ਸਤਿਗੁਰ,
ਦੀਨ ਸੀਸ ਲਗਾਇ॥



Sri Satguru Jagjit Singh Ji eLibrary NamdhariElibrary@gmail.com

ਸੋ ਸਿੱਖ ਹਮ ਉਸ ਗੁਰ ਕੇ,
ਕਿਮ ਰਾਖੇ ਸੀਸ ਬਚਾਇ॥

ਅਬਦਾਲੀ ਨੇ ਬਾਬਾ ਆਲਾ ਸਿੰਘ ਕੋਲੋਂ ਹੀ ਪੁੱਛਿਆ ਕਿ ਇਹ ਮਾਰਿਆਂ ਮਰਦੇ ਕਿਉਂ ਨਹੀਂ ਤਾਂ ਉਨ੍ਹਾਂ ਕਿਹਾ :

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਵਰ ਦੇ ਗਏ ਹਨ ਕਿ ਜਿੱਥੇ ਇਕ ਧਰਮ ਦੇ ਰਾਹ ਸ਼ਹੀਦ ਹੋਵੇਗਾ, ਉਥੇ ਹੀ ਦੋ ਹੋਰ, ਦੂਣੇ ਉਤਸ਼ਾਹ ਤੇ ਜਜ਼ਬੇ ਨਾਲ ਜਨਮ ਲੈ, ਥਾਂ ਲੈ ਲੈਣਗੇ।

"ਅਗਰ ਯਕ ਸਗੇ ਮੁਰਦ ਪਰ ਜਾਇ ਊ,
ਦੋ ਸਗ ਦੀਗਰ ਆਇਦ ਸ਼ਵਦ ਕੀਨਾ ਜੂ,
ਕਿ ਹਸਤ ਈਂ, ਦੁਆਇ ਗੁਰੂ-ਏ-ਸਗਾਂ
ਕਿ ਯਕ ਸਗ ਰੂਦ, ਦੋ ਸਗ ਆਇਦ ਅਜ਼ਾਂ।

(ਜੰਗਨਾਮਾ, ਬਿਆਨ ਪੈਂਤੀਆਂ)

***ਦੂਜਾ ਕੌਮੀ ਗੁਣ***—ਧਰਤੀ ਦੇ ਜਾਣੂ ਪੁੱਤਰ (Son of the Soil) ਸੀ।

ਸਿੱਖ ਪੰਜਾਬ ਦੀ ਹਰ ਇਕ ਛੰਭ, ਹਰ ਨਗਰ, ਹਰ ਜੂਹ, ਹਰ ਕੰਦਰ ਤੇ ਰਾਹਾਂ ਤੋਂ ਜਾਣੂ ਸਨ। ਆਪੂੰ ਅਫ਼ਗਾਨ ਕਹਿੰਦੇ ਸਨ :

ਉਹ (ਸਿੱਖ) ਭੂਮੀਏ,
ਹਮ ਪ੍ਰਦੇਸੀ।

ਸਿੱਖ ਪੰਜਾਬ ਦੇ ਆਪਣੇ ਆਪ ਨੂੰ 'ਵਾਰਿਸ' ਸਮਝਦੇ ਸਨ ਤੇ ਉਹਨਾਂ ਦਾ ਸਦਾ ਇਹ ਕਹਿਣਾ ਸੀ ਕਿ ਜਦ ਸੰਸਾਰ ਭਰ ਦੇ ਮੁਲਕਾਂ ਦੀ ਵੰਡ ਕੀਤੀ ਗਈ ਤਾਂ ***'ਪੰਜਾਬ ਮੁੱਲਖ ਨਾਨਕ ਕੋ ਆਇਆ'*** ਇਸ ਤੇ ਗ਼ੈਰਾਂ ਦਾ ਕਬਜ਼ਾ ਨਹੀਂ ਹੋਣ ਦੇਣਾ। ਪੰਜਾਬ ਨਾ ਮੁਗ਼ਲ ਸਾਮਰਾਜ ਦਾ ਤੇ ਨਾ ਹੀ ਅਫ਼ਗਾਨ ਸਾਮਰਾਜ ਦਾ ਹਿੱਸਾ ਬਣਨ ਦੇਣਾ ਹੈ। ਸਿੱਖ ਇਹ ਸਮਝਦੇ ਸਨ ਕਿ ਦੱਖਣ-ਪੱਛਮ ਨੇ ਪੰਜਾਬ ਨੂੰ ਲੁੱਟਣ ਦਾ ਮਨਸੂਬਾ ਬਣਾਇਆ ਹੈ ਅਤੇ ਇਹ ਸਾਜ਼ਸ਼ ਸਿਰੇ ਨਹੀਂ ਚੜ੍ਹਨ ਦੇਣੀ :

'ਯਹੀ ਦੌਲਤ ਪੰਜਾਬ ਸਿੱਖ ਖਾਹਿ॥
ਦੱਖਣੀ ਪੱਛਮੀ ਕਿਮ ਲੁੱਟ ਲੈ ਜਾਇ॥'

***ਤੀਜਾ ਕੌਮੀ ਗੁਣ***—ਆਚਰਣ ਦੀ ਉਚਿਤਾ, ਤਿਆਗ ਦੀ ਭਾਵਨਾ (Self Denial) ਸੀ।

ਸਿੱਖਾਂ ਨੇ ਪਹਿਲਾ ਸਬਕ ਹੀ 'ਮਰਣ ਕਬੂਲ' ਦਾ ਗੁਰੂ ਘਰ ਤੋਂ ਲਿਆ ਸੀ। ਗੁਰਾਂ ਦਾ ਫ਼ਰਮਾਨ ਉਨ੍ਹਾਂ ਨੂੰ ਯਾਦ ਸੀ :

'ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥'

ਆਪਾ ਵਾਰਨ ਤੇ ਤਿਆਗ ਦੀ ਇਹ ਭਾਵਨਾ ਸੀ ਕਿ :

'ਕੋਈ ਨਾ ਕਰੈ ਕਿਸੀ ਸ਼ਰੀਕਾ॥
ਕੋਈ ਨਾ ਸੁਣਾਵੈ ਦੁਖ ਨਿਜ ਜੀਅ ਕਾ॥'

Sri Satguru Jagjit Singh Ji eLibrary NamdhariElibrary@gmail.com

ਐਸੇ ਸਨ ਸਿੱਖ :

'ਆਪ ਸਹੈ ਵੈ ਨੰਗ ਅਰ ਭੁੱਖ।
ਦੇਖ ਸਕੈ ਨ ਸਿੰਘਨ ਦੁੱਖ।
ਆਪ ਗੁਜ਼ਾਰੈ ਅਗਨੀ ਨਾਲ।
ਸਿੰਘਨ ਘਲੈ ਪੁਸ਼ਾਕ ਸਿਵਾਲ।
ਕਈ ਪਸੀਨਾ ਪੀਸ ਕਮਾਵੈ।
ਵੈ ਭੀ ਸਿੰਘਨ ਪਾਸ ਪੁਚਾਵੈ।
ਵਾਨ ਵਟ ਕਈ ਕਰੈ ਮਜੂਰੀ।
ਭੇਜੈ ਸਿੰਘਨ ਪਾਸ ਜ਼ਰੂਰੀ।
ਦੂਰ ਜਾਇ ਜੋ ਚਾਕਰੀ ਕਰ ਹੀ।
ਆਇ ਸਿੰਘਨ ਕੇ ਆਗੇ ਧਰਿ ਹੀ।
ਸਿੰਘਨ ਜੋਊ ਪਰਦੇਸ ਸਿਧਾਰੈ।
ਭੋਜਨ ਸਿੰਘਨੁ ਉਇ ਗੁਰ ਪਿਆਰੇ।।' (ਪ੍ਰਾਚੀਨ ਪੰਥ ਪ੍ਰਕਾਸ਼)

ਬੰਸਾਵਲੀਨਾਮੇ ਨੇ ਲਿਖਿਆ ਹੈ :

ਤਿਨਾ ਸਿੱਖਾਂ ਕੇ ਤਪ ਕਰ,
ਤੁਰਕਾਂ ਦਾ ਹੋਆ ਹੈ ਨਾਸ।

ਅਤੇ (ਹੁਣ ਵੀ) ਉਹਨਾਂ ਹੀ ਸਿੱਖਾਂ ਦੇ ਤਪ ਭਜਨ ਅਤੇ ਸੀਸ ਦੇਣੇ ਕਰ, ਖ਼ਾਲਸੇ ਦਾ ਹੋਣਾ ਹੈ ਪ੍ਰਕਾਸ਼।

ਆਚਰਣ ਸਿੱਖਾਂ ਦਾ ਸਿਖਰ 'ਤੇ ਸੀ।

ਕਾਜ਼ੀ ਨੂਰ ਮੁਹੰਮਦ ਨੇ ਲਿਖਿਆ ਹੈ :

ਲੜਨ ਢੰਗ ਤੋਂ ਇਲਾਵਾ ਸਿੱਖਾਂ ਦਾ ਇਕ ਹੋਰ ਗੁਣ ਵੀ ਸੁਣਨ ਵਾਲਾ ਹੈ, ਉਸ ਗੁਣ ਵਿਚ ਹੋਰਨਾਂ ਸੂਰਮਿਆਂ ਨਾਲੋਂ ਬਹੁਤ ਉਚੇਰੇ ਹਨ।

ਉਸ ਮਰਦ ਨੂੰ ਜੋ ਲੜਾਈ ਵਿਚ ਹਥਿਆਰ ਸੁੱਟ ਦੇਵੇ, ਸਿੱਖ ਕਦੇ ਨਹੀਂ ਮਾਰਦੇ ਅਤੇ ਨਾਂਹ ਹੀ ਨੱਸੇ ਜਾਂਦੇ ਨੂੰ ਪਕੜਦੇ ਹਨ।

ਸਿੱਖ ਕਿਸੇ ਤ੍ਰੀਮਤ ਦਾ ਗਹਿਣਾ, ਰੁਪਿਆ ਨਹੀਂ ਲੁੱਟਦੇ ਭਾਵੇਂ ਸੁਆਣੀ ਹੋਵੇ ਭਾਵੇਂ ਮਾਮੂਲੀ ਗੋਲੀ ਬਾਂਦੀ।

*ਹੋਰ :* ਜੇ ਜੰਗ ਕਰਦਿਆਂ ਕਿਸੇ ਦੀ ਪਗੜੀ ਉਤਰ ਜਾਏ ਤਾਂ ਕਹਿੰਦੇ ਸਨ ਪਗੜੀ ਸੰਭਾਲ, ਮੈਂ ਤੇਰੀ ਇੱਜ਼ਤ ਨਹੀਂ ਉਤਾਰਨ ਆਇਆ। ਸਿੱਖਾਂ ਨੂੰ ਇਹ ਹੁਕਮ ਸੀ :

ਇਸਤਰੀ ਤਨ ਜੋ ਗਹਣਾ ਹੋਈ।।
ਤਾਕੋ ਹਾਥ ਨ ਲਾਓ ਕੋਈ।।

ਅਤੇ

ਪੁਰਸ਼ ਪੋਸ਼ਾਕ ਅਰ ਸਿਰ ਕੀ ਪਾਗ।।
ਇਨ ਭੀ ਕੋਈ ਹਾਥ ਨ ਲਾਗ।। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

***ਚੌਥਾ ਕੌਮੀ ਗੁਣ***—'ਘਰ ਘੋੜਿਆਂ ਦੀਆਂ ਕਾਠੀਆਂ ਤੇ (ਖ਼ਾਨਾਇ ਊਸ਼ਾ ਜ਼ੀਨ ਅਸਤ) ਅਤੇ ਘਰਾਂ ਦਾ ਮੋਹ ਤੋੜ ਲੜਦੇ ਸਨ। (Open house policy)। ਘਰ ਦੀ ਪਕੜ ਨਹੀਂ ਸੀ :

ਪੰਜ ਵਾਰ ਤੋਂ ਸਣ ਪਰਵਾਰ।
ਭੀੜ ਪਈ ਬਿਗਾਨੈ ਬਾਰ।

ਨਿਸ਼ਾਨੇ ਵਿਚ ਤਬਦੀਲੀ ਨਾ ਆਈ ਅਤੇ ਨਾਂਹ ਹੀ ਸਿੰਘ ਥਿੜਕੇ ਰੁਕੇ ਭਾਵੇਂ ਉਜਾੜੇ ਸਹਿਣੇ ਪਏ। ਉਸ ਸਮੇਂ ਦਾ ਇਕ ਲੋਕ ਗੀਤ ਸੀ :

ਕਿਥੋਂ ਨੂੰ ਘੋੜਿਆ ਪੀੜਿਆ ਸਿੰਘ ਜੀ,
ਕਿਥੋਂ ਦੀ ਆ ਗਈ ਵੇ ਮੁਹੰਮ।

ਤਾਂ ਸਿੰਘ ਦਾ ਉੱਤਰ ਹੁੰਦਾ ਸੀ :

ਉੱਚੇ ਨੂੰ ਘੋੜਿਆ ਪੀੜਿਆ ਸੀ ਨਾਜੋ ਗੋਰੀਏ,
ਨੀਚ ਦੀ ਆ ਗਈ ਨੀ ਮੁਹੰਮ॥

ਇਹ ਸੀ ਦਸ਼ਾ ਸਿੰਘਾਂ ਦੀ :

ਸੋਵਤ ਫਿਰਤੇ, ਤੁਰਤੇ ਖੈ ਹੈ॥
ਪੀਠ ਲਗਾਇ ਨ ਧਰ ਪਰ ਸੈ ਹੈ॥

ਕਿਸੇ ਨੇ ਕਦੇ ਸਿੰਘ ਨੂੰ ਪਿਠ ਪਰਨੇ ਆਰਾਮ ਕਰਦੇ ਨਹੀਂ ਸੀ ਦੇਖਿਆ।

ਉਹਨਾਂ ਨੂੰ 'ਸ਼ਸਤਰ' ਚਲਾਉਣ ਤੇ ਧਰਮ ਯੁੱਧ ਕਰਨ ਦਾ ਹੀ ਚਾਅ ਸੀ। ਸਰੀਰ ਨੂੰ ਸ਼ਸਤਰਾਂ ਦਾ ਘਾਉ ਲੱਗੇ ਤਾਂ ਸਮਝਦੇ ਸਨ ਕਿ ਦੇਹੀ ਪਵਿੱਤਰ ਹੋਈ ਹੈ :

"ਦੇਹ ਪਵਿੱਤਰ,
ਸ਼ਸਤਰ ਲਗਾਇ।"

ਜੁਝ ਨੀਤੀ ਸੀ : 'ਲੜੋ, ਪਰ ਮੁੜ-ਮੁੜ ਭਾਜ।

ਕਾਜ਼ੀ ਨੂਰ ਮੁਹੰਮਦ ਨੇ ਲਿਖਿਆ ਸੀ : "ਜੇ ਇਹ ਜੰਗ ਕਰਦੇ ਵਿਚੋਂ ਹੀ ਨੱਸ ਉੱਠਣ ਤਾਂ ਇਸ ਨੂੰ ਭਾਜੜ ਪਈ ਨਾ ਸਮਝ ਬੈਠੀਂ। ਇਹ ਵੀ ਇਨ੍ਹਾਂ ਦਾ ਲੜਾਈ ਢੰਗ ਹੈ। ਵੇਖੀਂ! ਇਹਨਾਂ ਦੀ ਇਸ ਫਾਹੀ ਤੋਂ ਬਚੀਂ, ਤੈਨੂੰ ਫਿਰ ਕਹਿ ਰਹਿਆ ਹਾਂ। ਬਚੀਂ।"

❑❑

Sri Satguru Jagjit Singh Ji eLibrary NamdhariElibrary@gmail.com

# 94 ਛੋਟਾ ਤੇ ਵੱਡਾ ਘੱਲੂਘਾਰਾ

**ਛੋਟਾ ਤੇ ਵੱਡਾ ਘੱਲੂਘਾਰਾ ਕਦ ਤੇ ਕਿੱਥੇ ਹੋਏ ? ਕਿਤਨੇ ਸਿੱਖ ਇਨ੍ਹਾਂ ਘੱਲੂਘਾਰਿਆਂ ਵਿਚ ਸ਼ਹੀਦ ਹੋਏ ?**

ਪਹਿਲੀ ਜੂਨ ਤੋਂ ਤੀਹ ਜੂਨ, ੧੭੪੬ ਨੂੰ ਕਾਹਨੂੰਵਾਨ ਦੇ ਛੰਭ ਵਿਖੇ ਹੋਇਆ।

ਲੱਖਪਤ ਰਾਇ ਤੇ ਯਾਹੀਆ ਖ਼ਾਨ, ਨਵਾਬ ਲਾਹੌਰ ਨੇ ਭਰਪੂਰ ਵਾਰ ਕੀਤੇ ਸਨ।

ਇਕ ਅੰਦਾਜ਼ੇ ਮੁਤਾਬਿਕ ਦਸ ਹਜ਼ਾਰ ਸਿੰਘ ਸ਼ਹੀਦ ਹੋਏ। ਭਾਈ ਰਤਨ ਸਿੰਘ ਭੰਗੂ ਨੇ ਲਿਖਿਆ ਹੈ ਹਾਲਤ ਇਹ ਸੀ ਕਿ :

'ਬੇਟਾ ਮਿਲਯੋ ਨਾ ਬਾਪ ਕੋ,<br>ਭਾਈ ਮਿਲਯੋ ਨ ਭਾਈ।'

ਸਿੰਘਾਂ ਨੇ ਆਪਣੇ ਪ੍ਰਸ਼ਾਦੇ ਰੇਤ ਵਿਚ ਢਾਲਾਂ ਗਰਮ ਕਰ ਕੱਚੇ ਪੱਕੇ ਖਾ ਗੁਜ਼ਾਰਾ ਕਰ ਸ਼ੁਕਰ ਮਨਾਇਆ।

**ਵੱਡਾ ਘੱਲੂਘਾਰਾ—**

ਪੰਜ ਫ਼ਰਵਰੀ, ੧੭੬੨ ਨੂੰ ਸਵੇਰ ਵੇਲੇ ਕੁੱਪ (ਮਲੇਰ ਕੋਟਲੇ ਲਾਗੇ) ਦੇ ਮੈਦਾਨ ਵਿਖੇ ਹੋਇਆ।

ਅਹਿਮਦਸ਼ਾਹ ਅਬਦਾਲੀ ਹਮਲਾਵਰ ਹੋਇਆ ਸੀ।

ਤੀਹ ਹਜ਼ਾਰ ਸਿੰਘ ਸ਼ਹੀਦ ਹੋਏ ਪਰ ਜਜ਼ਬਾ ਨਾ ਮਰਿਆ। ਉਸੇ ਸ਼ਾਮ ਨੂੰ ਜਦ ਰਹਿਰਾਸ ਸਾਹਿਬ ਦਾ ਪਾਠ ਕਰਕੇ ਜੈਕਾਰੇ ਛੱਡੇ ਤਾਂ ਇਕ ਨਿਹੰਗ ਸਿੰਘ ਉੱਚੀ-ਉੱਚੀ ਕਹਿ ਰਿਹਾ ਸੀ :

"ਤਤ ਖ਼ਾਲਸੋ ਕੋ ਰਹਯੋ,<br>ਗਯੋ ਸੁ ਖੋਟ ਗਵਾਇ'॥

ਇਸ ਘੱਲੂਘਾਰੇ ਵਿਚ ਦਸ਼ਾ ਇਹ ਹੋਈ ਕਿ :

'ਸਰਦਾਰ ਸਬੈ ਜ਼ਖ਼ਮੀ ਭਏ,<br>ਸਾਬਤ ਰਹਯੋ ਨਾ ਕੋਇ॥'

ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੇ ਸਰੀਰ ਤੇ ੨੨ ਜ਼ਖ਼ਮ ਅਤੇ ਸਰਦਾਰ ਚੜ੍ਹਤ ਸਿੰਘ ਜੀ 'ਸ਼ੁਕਰਚੱਕੀਏ' ਦੇ ੧੯ ਜ਼ਖ਼ਮਾਂ ਦਾ ਜ਼ਿਕਰ ਪ੍ਰਾਚੀਨ ਪੰਥ ਪ੍ਰਕਾਸ਼ ਨੇ ਕੀਤਾ ਹੈ :

'ਜੱਸਾ ਸਿੰਘ ਖਾਏ ਬਾਈ ਘਾਇ।<br>ਤੌ ਭੀ ਸਿੰਘ ਜੀ ਲੜਤਾ ਜਾਇ।'



Sri Satguru Jagjit Singh Ji eLibrary NamdhariElibrary@gmail.com

ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੇ ਉਹ ਬਚਨ ਵੀ ਯਾਦ ਰੱਖਣ ਵਾਲੇ ਹਨ ਜੋ ਉਨ੍ਹਾਂ ਸਰਦਾਰ ਚੜ੍ਹਤ ਸਿੰਘ 'ਸ਼ੁਕਰਚੱਕੀਆ' ਨੂੰ ਉਸ ਸਲਾਹ ਦੇ ਜਵਾਬ ਵਿਚ ਕਹੇ ਕਿ ਸਭ ਨੂੰ ਆਪਣੀਆਂ ਮਿਸਲਾਂ ਦੇ ਝੰਡੇ ਹੇਠਾਂ ਲੜਨਾ ਚਾਹੀਦਾ ਹੈ। ਸਰਦਾਰ ਜੱਸਾ ਸਿੰਘ ਜੀ ਨੇ ਤਾੜਨਾ ਕੀਤੀ :

"ਮਿਸਲ ਵੰਡ ਅਬ ਕਬਹੂੰ ਨਾ ਪਾਵੋ।
ਰਲ ਮਿਲ ਖੜ ਤੁਰ ਪੰਥ ਬਚਾਵੋ।

ਅਤੇ

ਜਦ ਅੰਗ ਰਖ਼ਸ਼ਕ ਨੇ ਦੁਸ਼ਮਣਾਂ ਵਿਚ ਘਿਰੇ ਦੇਖ ਘੋੜੇ ਨੂੰ ਚਾਬਕ ਮਾਰਨ ਲਈ ਹੱਥ ਚੁਕਿਆ ਹੀ ਸੀ ਤਾਂ ਉਸ ਵੇਲੇ ਵੀ ਉੱਚੀ ਆਵਾਜ਼ ਦੇ ਕੇ ਸਰਦਾਰ ਜੱਸਾ ਸਿੰਘ ਨੇ ਰੋਕਿਆ ਤੇ ਪੁਕਾਰ ਆਖਿਆ :

'ਪੰਥ ਸੁਨੈ, ਹਮ ਕੋ ਕਰੇ ਠੱਠਾ।
ਘੋੜਾ ਕੁਟਾਇ, ਜੱਸਾ ਸਿੰਘ ਨੱਠਾ।
ਕਿਆ ਮੁੱਖ ਲੈ ਮੈਂ ਬਹੋਂ ਦੀਵਾਨ।
ਕਰੇ ਮਸਕਰੀ ਹਮ ਕੋ ਆਨ।
ਮੈਂ ਖ਼ਾਲਸੇ ਪਾਤਿਸ਼ਾਹ ਕਹਾਯੋ।
ਤੁਮ ਚਾਹਤ ਹਮ ਗੀਦੀ ਬਨਾਯੋ।'

ਇਹ ਯਾਦ ਰੱਖੋ ਕਿ ਸਿੰਘ ਕਿਸੇ ਦੇ ਮੁਕਾਇਆਂ ਮੁੱਕ ਨਹੀਂ ਸਕਦੇ। ਧਰਤੀ ਹੇਠਾਂ ਚਲਦੇ ਪਾਣੀ ਵਾਂਗ ਇਹ ਸਦਾ ਵਗਦੇ ਰਹਿਣਗੇ। ਦੇਖਣ ਨੂੰ ਭਾਵੇਂ ਕੋਈ ਮੁੱਕ ਗਿਆ ਕਹਿ ਦੇਵੇ :

ਸਿੰਘ ਸੁ ਮਰੈ ਮੁਕੈ ਨਾਹੀ,
ਜੈਸੇ ਓਗਲ ਨੀਰ।

❑❑

## 95 ਸ਼ਹੀਦ ਸਿੰਘਾਂ ਦੇ ਅੰਤਮ ਬਚਨ

***ਬਾਬਾ ਬੰਦਾ ਸਿੰਘ ਜੀ, ਭਾਈ ਤਾਰਾ ਸਿੰਘ ਜੀ 'ਵਾਂ', ਭਾਈ ਮਨੀ ਸਿੰਘ ਜੀ, ਭਾਈ ਗੁਲਜ਼ਾਰ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੁਬੇਗ ਸਿੰਘ ਜੀ, ਭਾਈ ਸ਼ਹਿਬਾਜ਼ ਸਿੰਘ ਜੀ, ਭਾਈ ਸੁੱਖਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ, ਬਾਬਾ ਦੀਪ ਸਿੰਘ ਜੀ ਅਤੇ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਸ਼ਹੀਦੀਆਂ ਪ੍ਰਾਪਤ ਕਰਨ ਵੇਲੇ ਜੋ ਬਚਨ ਕਹੇ, ਉਨ੍ਹਾਂ ਨੂੰ ਲਿਖ ਦਰਸਾਓ।***

*ਬਾਬਾ ਬੰਦਾ ਸਿੰਘ ਜੀ* ਨੂੰ ਫ਼ਰਖ਼ਸੀਅਰ ਨੇ ਪੁੱਛਿਆ ਕਿ ਤੈਨੂੰ ਕਿਸ ਮੌਤ ਮਾਰੀਏ ਤਾਂ ਦ੍ਰਿੜ੍ਹਤਾ ਦੀ ਮੂਰਤ ਬਾਬਾ ਬੰਦਾ ਸਿੰਘ ਜੀ ਨੇ ਕਿਹਾ—ਜਹੀ ਤੂੰ ਆਪਣੇ ਲਈ ਲੋਚਦਾ ਹੈਂ :

"ਜਿਮ ਤੈ ਮਰਨੋ
ਤਿਮ ਮੋਹਿ ਮਰਵਾਵੋ।"

ਇਹ ਜਵਾਬ ਪੋਰਸ ਦੇ ਸਿਕੰਦਰ ਨੂੰ ਦਿੱਤੇ ਜਵਾਬ ਕਿ ਜੋ ਇਕ ਬਾਦਸ਼ਾਹ ਦੂਜੇ ਬਾਦਸ਼ਾਹ ਨਾਲ ਕਰਦਾ ਹੈ, ਨਾਲੋਂ ਕਿਤੇ ਦ੍ਰਿੜ੍ਹਤਾ ਵਾਲਾ ਸੀ।

ਅੱਖੀਆਂ ਸਾਹਮਣੇ ਆਪਣੇ ਬੱਚੇ ਅਜੈ ਸਿੰਘ ਨੂੰ ਸ਼ਹੀਦ ਹੁੰਦਾ ਦੇਖ ਜਦ ਬੰਦਾ ਸਿੰਘ ਅਡੋਲ ਚਿੱਤ ਰਹੇ ਤਾਂ ਮੁਹੰਮਦ ਅਮੀਨ ਖ਼ਾਨ ਵਜ਼ੀਰ-ਆਜ਼ਮ ਨੇ ਹੀਆ ਕਰ ਪੁੱਛ ਹੀ ਲਿਆ ਕਿ ਇਹ ਸਭ ਕਿਉਂ ਹੋ ਰਹਿਆ ਹੈ। ਬਾਬਾ ਜੀ ਦਾ ਜਵਾਬ ਸੀ :

ਕਿਸੀ ਕਾ ਕਿਆ ਮਕਦੂਰ ਥਾ ਜੋ ਮੁਝ ਕੋ ਮਾਰਤਾ। ਮੈਂ ਤੈਨੂੰ ਦੱਸਦਾ ਹਾਂ ਕਿ ਇਹ ਸਭ ਕਿਉਂ ਹੋ ਰਿਹਾ ਹੈ ? ਜਦ ਮਨੁੱਖ ਅਜਿਹਾ ਪਾਪੀ ਤੇ ਦੁਸ਼ਟ ਹੋ ਜਾਏ ਕਿ ਉਹ ਇਨਸਾਫ਼ ਦਾ ਰਾਹ ਛੱਡ ਬੈਠੇ ਤੇ ਅਤਿਆਚਾਰਾਂ ਦੀ ਅੱਤਿ ਕਰ ਦੇਵੇ ਤਾਂ ਉਹ ਰੱਬ ਸੱਚਾ ਮੇਰੇ ਜਿਹੇ ਬੰਦੇ ਪੈਦਾ ਕਰ ਕੇ ਭੇਜਦਾ ਹੈ ਕਿ ਦੁਸ਼ਟਾਂ ਦਾ ਨਾਸ ਕਰੋ।

ਅਸੀਂ ਮਨੁੱਖ ਹਾਂ, ਇਹ ਨਹੀਂ ਜਾਣਦੇ ਕਿ ਕਿਤਨੀ ਸਜ਼ਾ ਦੇਣੀ ਹੈ। ਕਿਧਰੇ ਵੱਧ ਵੀ ਦਿੱਤੀ ਜਾਂਦੀ ਹੈ ਤਾਂ ਉਹ ਹੀ ਰੱਬ ਤੇਰੇ ਵਰਗੇ ਬੰਦੇ ਭੇਜ ਦੇਂਦਾ ਹੈ ਤਾਂ ਕਿ ਹਿਸਾਬ-ਕਿਤਾਬ ਇਥੇ ਹੀ ਮੁੱਕ ਜਾਏ।

ਬੰਦੇ ਸਾਹਿਬ ਰਲਿ ਸਿੱਖਾਂ ਨਾਲ ਸੀਸ ਕਟਾਇਆ।
ਪਰ ਧਰਮ ਨੂੰ ਦਾਗ਼ ਜ਼ਰਾ ਨਹੀਂ ਲਾਇਆ। (ਬੰਸਾਵਲੀਨਾਮਾ)



Sri Satguru Jagjit Singh Ji eLibrary NamdhariElibrary@gmail.com

***ਭਾਈ ਮਨੀ ਸਿੰਘ ਜੀ*** ਨੇ ਬੰਦ-ਬੰਦ ਕੱਟੇ ਜਾਣ ਵੇਲੇ ਇਹ ਬਚਨ ਕਹੇ ਸਨ :

'ਦੇਹੀ ਕਿਸ ਕੀ ਬਾਪਰੀ
ਸਿਖੀ ਜੇ ਸਾਬਤ ਹੋਇ।
ਦੇਹ ਤੋ ਆਵਣ ਜਾਣ ਹੈ,
ਸਿਖੀ ਲਭੇ ਕਬ ਕੋਇ।'

ਭਾਈ ਜੀ ਨੇ ਗੁਰਬਾਣੀ ਦੇ ਇਸ ਵਾਕ ਕਿ ਤਨ ਬੇਸ਼ਕ ਟੁੱਕੜੇ-ਟੁੱਕੜੇ ਹੋ ਜਾਏ ਪਰ ਪ੍ਰੇਮ ਨਾ ਗਵਾਚੇ ਨੂੰ ਬੰਦ-ਬੰਦ ਕਟਵਾ ਅਮਲੀ ਜਾਮਾ ਪਹਿਨਾਇਆ :

ਕਹਾ ਭਇਓ, ਜਉ ਤਨੁ ਭਇਓ ਛਿਨੁ ਛਿਨੁ।
ਪ੍ਰੇਮ ਜਾਇ, ਤਉ ਡਰਪੈ ਤੇਰੋ ਜਨ।੧।(ਆਸਾ ਕਬੀਰ ਜੀ, ਪੰਨਾ ੪੮੬)

ਉਹਨਾਂ ਦੇ ਹੀ ਇਕ ਸਾਥੀ ***ਭਾਈ ਗੁਲਜ਼ਾਰਾ ਸਿੰਘ ਜੀ ਦਾ*** ਵੀ ਬੰਦ-ਬੰਦ ਕੱਟਿਆ ਗਿਆ ਤੇ ਖੱਲੜੀ ਉਤਾਰੀ ਗਈ ਤਾਂ ਉਨ੍ਹਾਂ ਕਿਹਾ :

ਖੱਲ ਸਿੰਘ ਕੀ ਲਹਿ ਜੇ ਪੁਠੀ।
ਤਉ ਭੀ ਕਰੇ ਬਾਤ ਨ ਝੂਠੀ।

***ਭਾਈ ਤਾਰਾ ਸਿੰਘ ਜੀ 'ਵਾਂ'*** ਨੂੰ ਜਦ ਲੋਕਾਂ ਨੇ ਪਿੰਡ ਤੋਂ ਕੁਝ ਦਿਨ ਪਰ੍ਹੇ ਹੋ ਕੇ ਹਮਲੇ ਨੂੰ ਟਾਲਣ ਲਈ ਕਿਹਾ ਤਾਂ ਉਨ੍ਹਾਂ ਦਾ ਜਵਾਬ ਸੀ :

ਹਮਹ ਸ਼ਹੀਦੀ ਚਿਤ ਧਰੀ
ਹਮ ਨਠ ਨਹਿ ਕਤ ਜਾਤ।

ਅਤੇ

ਸਿੰਘ ਦੀ ਦੇਹ ਤਾਂ ਪਵਿੱਤਰ ਹੀ ਉਸ ਵੇਲੇ ਹੁੰਦੀ ਹੈ ਜਦ ਸ਼ਸਤਰ ਨਾਲ ਘਾਉ ਲੱਗਣ :

'ਦੇਹਿ ਪਵਿੱਤ੍ਰ ਹੋਇ ਸ਼ਸਤਰ ਲਗਾਇ।'

***ਭਾਈ ਤਾਰੂ ਸਿੰਘ ਜੀ*** ਦੀ ਖੋਪਰੀ ਉਤਾਰੀ ਗਈ ਪਰ

ਉਹ ਹੇਠ ਬਧਾ ਬੈਠਾ
ਜਪ ਪੜ੍ਹਦਾ ਰਹਿਆ।
ਸਿਰ ਉੱਪਰੋਂ ਖਲੜੀ
ਸਮੇਤ ਕੇਸ ਲਹਾ ਲਇਆ।

***ਭਾਈ ਸੁਬੇਗ ਸਿੰਘ ਜੀ ਤੇ ਬੇਟੇ ਭਾਈ ਸ਼ਹਿਬਾਜ਼ ਸਿੰਘ ਜੀ*** ਨੂੰ ਜਦ ਚਰਖੜੀ ਤੇ ਚੜ੍ਹਨ ਲਈ ਆਂਦਾ ਗਿਆ ਤਾਂ ਉਨ੍ਹਾਂ ਬੜੇ ਸਹਿਜ ਵਿਚ ਕਿਹਾ :

ਧਨ ਘੜੀ
ਧਨ ਚਰਖੜੀ
ਧੰਨ ਨਿਆਉ ਤੁਮਾਰਾ।
ਧਰਮ ਹੇਤ ਹਮ ਚੜਹਿ ਚਰਖੜੀ
ਧੰਨ ਵਜੂਦ ਹਮਾਰਾ।

ਹੁਣ ਜ਼ਰਾ ਕੁ ਟਾਕਰਾ ਕਰ ਕੇ ਦੇਖੋ ਈਸਾ ਜੀ ਨਾਲ ਜਿਨ੍ਹਾਂ ਸੂਲੀ ਦੇਖ ਕਿਹਾ ਸੀ : ਪ੍ਰਭੂ ਇਹ ਕੀ ? ਤਾਂ ਹੀ ਤੇ ਲਾਟ ਪਾਦਰੀ ਸੀ. ਐਫ. ਐਂਡਰੀਯੂਜ਼ ਨੇ ਗੁਰੂ ਕੇ ਬਾਗ਼ ਹੱਸ-ਹੱਸ ਡਾਂਗਾਂ ਖਾਂਦੇ ਸਿੱਖਾਂ ਨੂੰ ਦੇਖ ਕਿਹਾ ਸੀ : "ਉਹ ਹਜ਼ਾਰਾਂ ਈਸਾ ਅੱਖਾਂ ਸਾਹਮਣੇ ਸੂਲੀ ਤੇ ਚੜ੍ਹਦਾ ਦੇਖ ਰਹਿਆ ਹੈ। ਨਾ ਸੀ ਦੀ ਆਵਾਜ਼ ਸੀ ਨਾ ਆਹ ਦਾ ਹਉਕਾ।"

ਭਾਈ ਸੁਬੇਗ ਸਿੰਘ ਜੀ ਨੂੰ ਜਦ ਕਾਜ਼ੀ ਨੇ ਪੁੱਤਰ ਸ਼ਹਿਬਾਜ਼ ਸਿੰਘ ਨੂੰ ਬਚਾ ਲੈਣ ਦੀ ਸਲਾਹ ਦਿੱਤੀ ਤਾਂ ਕਿ ਉਸ ਦੀ ਕੁਲ ਟੁਰਦੀ ਰਹੇ ਤਾਂ ਭਾਈ ਜੀ ਨੇ ਕਿਹਾ : ਤੇਰੀ ਸਲਾਹ ਤਾਂ ਠੀਕ ਹੈ, ਪਰ :

"ਸਿਖ ਕਾਜ ਸੁ ਗੁਰੂ ਹਮਾਰੇ।
ਸੀਸ ਦੀਉ ਨਿਜ ਸਨ ਪਰਵਾਰੇ।
ਹਮ ਕਾਰਨ ਗੁਰ ਕੁਲਹਿ ਗਵਾਈ।
ਹਮ ਕੁਲ ਰਾਖਹਿ ਕੌਣ ਵਡਾਈ।"

***ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ*** ਜਿਨ੍ਹਾਂ ਭਾਈ ਸੁੱਖਾ ਸਿੰਘ ਜੀ ਮਾੜੀ ਕੰਬੋ ਨਾਲ ਰਲ ਕੇ ਮੱਸਾ ਰੰਘੜ ਦਾ ਸਿਰ ਵੱਢਿਆ ਸੀ, ਨੂੰ ਜਦ ਬਾਂਹ ਤੇ ਬਾਂਹ ਰੱਖ ਕੇ ਵਿਚ ਕਿੱਲੇ ਗੱਡ ਸ਼ਹੀਦ ਕਰਨ ਲੱਗੇ ਤਾਂ ਉਨ੍ਹਾਂ ਕੋਲੋਂ ਆਖ਼ਰੀ ਖ਼ਾਹਿਸ਼ ਪੁੱਛੀ ਤਾਂ ਭਾਈ ਮਹਿਤਾਬ ਸਿੰਘ ਨੇ ਕਿਹਾ—ਭਾਈ ਤਾਰੂ ਸਿੰਘ ਜੀ ਦੇ ਦਰਸ਼ਨ ਕਰਵਾ ਕੇ ਬੇਸ਼ੱਕ ਜਿਵੇਂ ਚਾਹੋ ਸ਼ਹੀਦ ਕਰ ਦਿਓ :

'ਹਮਕੋ ਉਸਕੋ (ਭਾਈ ਤਾਰੂ ਸਿੰਘ) ਹੁਤੋ ਸਨੇਹ।
ਉਸ ਹੀ ਸੰਗ ਮਿਲ ਤਜੀਏ ਦੇਹ।'

***ਭਾਈ ਸੁੱਖਾ ਸਿੰਘ ਜੀ*** ਨੇ ਜਦ ਸੁਣਿਆ ਕਿ ਮੁਗ਼ਲ ਬੰਦੂਕਚੀ ਉੱਚੀਆਂ ਮਮਟੀਆਂ ਤੇ ਬੈਠੇ ਹਨ ਤੇ ਇਹ ਐਲਾਨ ਹੋਇਆ ਹੈ ਕਿ ਕੋਈ ਦਿਨ ਦਿਹਾੜੇ ਸ੍ਰੀ ਅੰਮ੍ਰਿਤਸਰ ਦਾ ਇਸ਼ਨਾਨ ਕਰ ਕੇ ਤਾਂ ਦੱਸੇ ਤਾਂ ਭਾਈ ਜੀ ਨੇ ਲਿਖਿਆ ਸੀ :

'ਰਾਤ ਨਾਉ ਤਬ ਚੋਰ।
ਨਾਵੇਂਗੇ ਮੈਂ ਦਿਨ ਬਿਖੈ,
ਸ੍ਰੀ ਅੰਮ੍ਰਿਤਸਰ ਕੇ ਜ਼ੋਰ।'

ਦਿਨ-ਦੁਪਹਿਰ ਭਾਈ ਸੁੱਖਾ ਸਿੰਘ ਸਰਾਂ ਵਾਲਿਉਂ ਪਾਸਿਓਂ ਹਰਿਮੰਦਰ ਸਾਹਿਬ ਦਾਖ਼ਲ ਹੋ, ਇਸ਼ਨਾਨ ਕਰ ਕੇ ਲਲਕਾਰਿਆ ਸੀ :

ਆਵੌ ਕੋ ਸਨਮੁਖ ਹਮ ਮਾਹੀ।
ਨਹੀ ਤੋ ਭਜੋ ਛਡ ਹਮਰੋ ਰਾਹੀ।

***ਬਾਬਾ ਦੀਪ ਸਿੰਘ ਜੀ*** ਨੇ ਜਦ ਦਮਦਮਾ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਦੀ ਹੁੰਦੀ ਬੇਅਦਬੀ ਸੁਣੀ ਤਾਂ ਸ਼ਹੀਦੀਆਂ ਪਾਉਣ ਲਈ ਟੁਰ ਪਏ ਅਤੇ ਕਿਹਾ—ਸੀਸ ਸੁਧਾਸੁਰ ਹੇਤ ਕਰ ਦੇਵੇਂਗੇ ਹਮ ਜਾਇ।' ਕੈਸਾ ਨਿਰਾਲਾ ਪ੍ਰਣ ਸੀ। ਲੋਕੀਂ ਤਾਂ ***ਇਹ ਕਹਿੰਦੇ ਹਨ ਕਿ ਮੈਂ ਮਰ ਜਾਵਾਂਗਾ ਪਰ ਧੰਨ ਹਨ ਬਾਬਾ ਜੀ ਜਿਨ੍ਹਾਂ ਕਿਹਾ—ਮੈਂ ਜ਼ਿੰਦਾ ਰਹਾਂਗਾ ਜਦ ਤੱਕ ਪਵਿੱਤ੍ਰਤਾ ਦਰਬਾਰ ਸਾਹਿਬ ਦੀ ਕਾਇਮ ਨਹੀਂ ਕਰ ਲੈਂਦਾ।***

Sri Satguru Jagjit Singh Ji eLibrary NamdhariElibrary@gmail.com

ਜਦ ਅੰਮ੍ਰਿਤਸਰ ਦੇ ਨੇੜੇ ਅਮਾਨ ਖ਼ਾਨ ਨਾਲ ਜੂਝਦੇ ਸਿਰ ਲਹਿ ਗਿਆ ਤਾਂ ਇਕ ਸਿੱਖ ਨੇ ਕੋਲੋਂ ਕਿਹਾ ਕਿ 'ਪ੍ਰਣ ਤੁਮ੍ਹਾਰਾ ਦੀਪ ਸਿੰਘ ਰਹਯੋ', ਅੰਮ੍ਰਿਤਸਰ ਤਾਂ ਇਥੋਂ ਦੋ ਕੋਹ ਹੈ।

ਉਸ ਵੇਲੇ ਖੱਬੇ ਹੱਥ ਸਿਰ ਉਠਾ, ਸੱਜੇ ਹੱਥ ਤੇਗ ਫੜ ਲੜਦੇ ਹਰਿਮੰਦਰ ਸਾਹਿਬ ਪੁੱਜੇ ਅਤੇ :

'ਸਿਰ ਨਿਜ ਸੁਧਲ ਪਰ ਧਰ ਕੇ
ਫ਼ਤਹਿ ਗਜਾਈ ਊਚ ਉੱਚਰ ਕੇ।'

***ਬਾਬਾ ਗੁਰਬਖ਼ਸ਼ ਸਿੰਘ ਜੀ*** ਨੇ ਸ਼ਹੀਦੀਆਂ ਪਾਉਣ ਵੇਲੇ ਕੇਸਰੀ ਬਾਣਾ ਸਜਾਇਆ, 'ਪੰਜ ਪੌੜੀ ਸਿੰਘ ਅਨੰਦ ਪੜਾਯੋ', ਅੰਮ੍ਰਿਤਸਰ ਇਸ਼ਨਾਨ ਕੀਤਾ। ਅਰਦਾਸ ਅਕਾਲ ਤਖ਼ਤ ਤੇ ਖੜ੍ਹੇ ਹੋ ਕੇ ਕੀਤੀ :

ਸਤਿਗੁਰ ਸਿਖੀ ਸੰਗ ਨਿਭੈ
ਸੀਸ ਕੇਸਨ ਕੇ ਸਾਥ।

ਸੰਜੋਅ ਵੀ ਨਾ ਪਹਿਨਿਆ। ਸ਼ਹੀਦੀ ਲੈਣ ਤੋਂ ਪਹਿਲਾਂ 'ਘੋੜੀਆਂ' ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚੋਂ ਸੁਣੇ ਤੇ ਨਾਲ ਦੇ ਸਿੰਘਾਂ ਨੂੰ ਕਿਹਾ ਕਿ ਕਲਗੀਧਰ ਦੇ ਦਰਬਾਰ ਜਾ ਕੇ ਪੁੱਛਾਂਗਾ :

'ਯਾਹਿ ਦੌਲਤ ਪੰਜਾਬ ਸਿਖ ਖਾਹਿ।
ਦੇਖੋ ਤਾਂ ਸਹੀ : ਦੱਖਣੀ ਪੱਛਮੀ ਕਿਮ ਲੁਟ ਲੈ ਜਾਹਿ।'

ਅਤੇ ਸਭ ਨੂੰ ਕਿਹਾ :

ਪਗ ਆਗੈ, ਪਤਿ ਉਭਰੈ,
ਪਗ ਪਾਛੈਂ, ਪਤਿ ਜਾਇ।
ਬੈਰੀ ਖੰਡੈ ਸਿਰ ਧਰੈ
ਫਿਰ ਕਯਾ ਤਕਨ ਸਹਾਇ।

ਲੜਦੇ ਹੀ ਲੜਦੇ ਅਗਾਂਹ ਵਧਦੇ ਗਏ। ਪਿੱਛੇ ਮੁੜ ਕੇ ਤੱਕਦੇ ਹੀ ਨਹੀਂ ਸਨ :

'ਮਤ ਕੋਈ ਆਖੈ ਜਗਤ ਕੋ
ਸਿਖ ਮੁਯੋ ਮੁਖ ਫੇਰ ਪਛਾਹਿ।'

Sri Satguru Jagjit Singh Ji eLibrary NamdhariElibrary@gmail.com

# 96 ਚਿੱਠੀ ਬਾਬਾ ਬੋਤਾ ਸਿੰਘ ਜੀ

***ਬਾਬਾ ਬੋਤਾ ਸਿੰਘ ਜੀ ਨੇ ਜੋ ਚਿੱਠੀ ਪੰਜਾਬ ਦੇ ਹਾਕਮ ਜ਼ੱਕਰੀਆ ਖ਼ਾਨ ਨੂੰ ਲਿਖੀ, ਉਸ ਦੇ ਸ਼ਬਦ ਲਿਖੋ।***

*ਬਾਬਾ ਬੋਤਾ ਸਿੰਘ ਜੀ* ਅਤੇ ਭਾਈ ਗਰਜਾ ਸਿੰਘ ਜੀ ਪਿੰਡਾਂ ਵਿਚ ਵਿਚਰ ਰਹੇ ਸਨ ਕਿ ਉਨ੍ਹਾਂ ਦੋ ਮੁਸਲਮਾਨਾਂ ਦੀ ਹੁੰਦੀ ਆਪਸ ਦੀ ਗੱਲਬਾਤ ਸੁਣੀ ਇਕ ਦੂਜੇ ਨੂੰ ਕਹਿ ਰਿਹਾ ਸੀ ਕਿ ਤੂੰ ਤਾਂ ਕਹਿੰਦਾ ਸੈਂ ਕਿ ਸਿੱਖ ਖ਼ਤਮ ਹੋ ਗਏ ਪਰ ਇਹ ਦੇਖ ਦੋ ਜਾਂਦੇ ਹਨ ਤਾਂ ਦੂਜੇ ਨੇ ਪਹਿਲੇ ਨੂੰ ਕਿਹਾ :

ਇਹ ਬਹਿਰੂਪੀਏ ਹੋਣਗੇ ਜਾਂ 'ਕਾਇਰ ਕੂਰ' ਕਿਉਂਕਿ ਖ਼ਾਲਸੇ ਤਾਂ ਅੱਗੇ ਵਧ ਸ਼ਹੀਦੀਆਂ ਲੈਂਦੇ ਹਨ।

ਇਹ ਬੋਲੀ ਬਾਤਾ ਬੋਤਾ ਸਿੰਘ ਜੀ ਕੋਲੋਂ ਸਹਾਰੀ ਨਾ ਗਈ ਤਾਂ ਉਥੇ ਹੀ ਨੂਰਦੀਨ ਦੀ ਸਰਾਂ ਦੀ ਪੁਲੀ ਤੇ ਹਾਲਾ ਉਗ੍ਰਾਹੁਣ ਲੱਗ ਪਏ ਤੇ ਜ਼ੱਕਰੀਆ ਖ਼ਾਨ, ਲਾਹੌਰ ਦੇ ਨਵਾਬ ਨੂੰ ਚਿੱਠੀ ਲਿਖੀ ਤਾਂ ਕਿ ਸਿੱਖਾਂ ਦੀ ਹੋਂਦ ਦਾ ਪਤਾ ਲੱਗ ਜਾਏ।

ਚਿੱਠੀ ਦੇ ਸ਼ਬਦ ਹਨ :

ਚਿੱਠੀ ਲਿਖੈ ਯੋਂ ਸਿੰਘ ਬੋਤਾ
ਹੱਥ ਹੈ ਸੋਟਾ।
ਵਿਚ ਰਾਹਿ ਖਲੋਤਾ।
ਆਨਾ ਲਾਇ ਗੱਡੇ ਨੂੰ
ਪੈਸਾ ਲਾਇ ਖੋਤਾ।
ਆਖ ਭਾਬੀ ਖਾਨੋ ਨੂੰ
ਯੋ ਆਖੈ ਸਿੰਘ ਬੋਤਾ।

ਭਾਬੀ ਖਾਨੋ ਦਾ ਲਿਖਣਾ ਜ਼ੱਕਰੀਆ ਖ਼ਾਨ ਨੂੰ ਇਹ ਪ੍ਰਗਟਾਉਣਾ ਸੀ ਕਿ ਤੇਰੀ ਤਾਕਤ ਦੇਖ ਲਈ। ਭਾਬੀ ਚਿੱੜਾ ਕੇ ਲਿਖਿਆ ਸੀ।

ਕਈਆਂ ਦਾ ਕਹਿਣਾ ਹੈ ਕਿ ਜ਼ੱਕਰੀਆ ਦੀ ਬੇਗ਼ਮ ਬਾਬਾ ਬੋਤਾ ਸਿੰਘ ਦੇ ਪਿੰਡ ਦੀ ਸੀ।

ਦੋਵੇਂ ਸਿੰਘ ਜਿਵੇਂ ਜੂਝੇ ਉਹ ਵੀ ਖ਼ਾਸ ਵਰਨਣਯੋਗ ਹੈ।

ਇਸ ਚਿੱਠੀ ਦਾ ਲਿਖਣਾ ਸੁਣ ਤਰਨਤਾਰਨ ਦਾ ਫ਼ੌਜਦਾਰ ਫ਼ੌਜ ਚੜ੍ਹਾ ਲਿਆਇਆ। ਦੋਵਾਂ ਨੇ ਪਿੱਠਾਂ ਜੋੜ ਲਈਆਂ ਤੇ ਟਾਕਰੇ ਤੇ ਡੱਟ ਗਏ। ਬੋਤਾ ਸਿੰਘ ਪਾਸ ਸੋਟਾ ਸੀ ਅਤੇ ਗਰਜਾ ਸਿੰਘ ਕੋਲ ਇਕ ਨੇਜ਼ਾ।

ਫ਼ੌਜਦਾਰ ਨੇ ਉੱਚੀ ਆਵਾਜ਼ ਨਾਲ ਕਿਹਾ, 'ਕਿਉਂ ਅਜਾਈਂ ਜਾਨ ਗਵਾਂਦੇ ਹੋ',



Sri Satguru Jagjit Singh Ji eLibrary NamdhariElibrary@gmail.com

ਤਾਂ ਸੂਰਮਿਆਂ ਨੇ ਮੋੜਵਾਂ ਉੱਤਰ ਦਿੱਤਾ :

ਹਮ ਕਬ ਜਾਨ ਬਚਾਵੈਂ।
ਹਮ ਤੋ ਮਰਨਾ ਆਪ ਤਕਾਵੈਂ।

ਗੋਲੀ ਤੇ ਤੀਰ ਦਾ ਵਾਰ ਫ਼ੁਰਤੀ ਨਾਲ ਬਚਾ ਲੈਂਦੇ ਤੇ ਵਿਅੰਗ ਕਰਦੇ ਕਹਿੰਦੇ :

"ਕੈਸੇ ਰੱਖੇ ਹਨ ਘਟੀਆ ਤੀਰ।
ਜੋ ਹਮਰੇ ਚੀਰ ਨ ਸਕੈ ਸਰੀਰ।"

ਸੋਟਿਆਂ ਨਾਲ ਘੋੜੇ ਨਸਾ ਦਿੱਤੇ। ਜਦ ਗੋਲੀਆਂ ਖਾ ਲੱਤਾਂ ਬੇਕਾਰ ਹੋ ਗਈਆਂ, ਗੋਡਿਆਂ ਭਾਰ ਹੋ ਆਖ਼ਰੀ ਦਮ ਤੱਕ ਦੋਵੇਂ ਸਿੰਘ ਲੜਦੇ ਰਹੇ।

"ਸਨਮੁਖ ਸੂਰੇ ਭਿੜਤ ਹੈਂ,
ਆਖਨ ਆਖ ਮਿਲਾਇ।
ਲਾਲੀ ਮੁੱਖ, ਭੁਜ ਫਰਕਤ ਹੈ,
ਮੁੱਖ ਤਲਵਾਰ ਖਾਇ।
ਟੋਟੇ ਟੋਟੇ ਹੋ ਗਏ,
ਪਰ ਪੈਰ ਨ ਪਿਛੈ ਹਟਾਇ।"

❑❑

Sri Satguru Jagjit Singh Ji eLibrary NamdhariElibrary@gmail.com

## ਬੁੱਤ-ਪੂਜਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਰਤਾ ਭਰ ਵੀ ਕਿਉਂ ਸਥਾਨ ਨਹੀਂ ਅਤੇ ਕੀ ਗੁਰੂ ਗ੍ਰੰਥ ਸਾਹਿਬ ਦਾ ਆਦਰ ਬੁੱਤ-ਪੂਜਾ ਤਾਂ ਨਹੀਂ?

ਸਿੱਖ ਕੋਈ ਗ੍ਰੰਥ-ਪੂਜਾ (Bibliotary) ਨਹੀਂ ਕਰਦਾ, ਸ਼ਬਦ ਸੇਵੀ ਹੈ। ਇਹ ਆਦਰ ਦਰਸਾਉਣਾ ਕੋਈ ਪੂਜਾ ਨਹੀਂ ਹੈ।

ਬੁੱਤ ਹੁੰਦਾ ਹੈ ਕਿਸੇ ਦੀ ਸ਼ਕਲ ਜਾਂ ਨਕਲ। ਬੁੱਤ ਘਾੜਾ ਇਹ ਮਿੱਥ ਕੇ ਬੁੱਤ ਬਣਾਂਦਾ ਹੈ ਕਿ ਜੋ ਬੁੱਤ ਬਣੇਗਾ,ਉਹ ਅਸਲ ਦੀ ਹੂ-ਬਹੂ ਨਕਲ ਹੈ। ਬੁੱਧ, ਰਾਮ, ਕ੍ਰਿਸ਼ਨ, ਸ਼ਿਵ ਨੂੰ ਬੁੱਤਾਂ ਵਿਚ ਢਾਲ, ਇਹ ਕਹਿ ਕੇ ਪੂਜਾ ਕੀਤੀ ਜਾਂਦੀ ਹੈ ਕਿ ਉਹ ਅਸਲ ਹਨ। ਅਸੀਂ 'ਗ੍ਰੰਥ' ਨੂੰ 'ਗ੍ਰੰਥ' ਹੀ ਕਹਿੰਦੇ ਹਾਂ। ਹੋਰ ਕਿਸੇ ਨਾਮ ਨਾਲ ਯਾਦ ਨਹੀਂ ਕਰਦੇ। ਸਿੱਖਿਆ-ਦਾਤਾ, ਉਪਦੇਸ਼-ਦਾਤਾ, ਆਤਮ-ਦਾਨ ਤੇ ਜੀਵਨ-ਦਾਨ ਦੇਣ ਕਾਰਨ 'ਗੁਰੂ' ਕਹਿੰਦੇ ਹਾਂ ਅਤੇ 'ਸਾਹਿਬ ਜੀ' ਆਦਰ ਲਈ ਵਰਤਦੇ ਹਾਂ। ਕਦੇ ਕਿਸੇ ਇਹ ਨਹੀਂ ਕਿਹਾ ਕਿ 'ਗ੍ਰੰਥ' ਨਿਰੋਲ ਗੁਰੂ ਨਾਨਕ ਹੈ ਜਾਂ ਭਗਤ ਕਬੀਰ ਹੈ। ਅਸੀਂ ਦਸਾਂ ਪਾਤਸ਼ਾਹਾਂ ਦੀ ਜੋਤ ਹੀ ਕਹਿੰਦੇ ਹਾਂ।

ਭਾਈ ਕਨ੍ਹਯਾ ਜੀ ਨੂੰ ਵੀ ਇਕ ਵਾਰੀ ਕਿਸੇ ਤਰਕ ਬਾਜ਼ ਨੇ ਪੁੱਛਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ ਕੀ ਬੁੱਤ ਪੂਜਾ ਨਹੀਂ ਤਾਂ ਉਹਨਾਂ ਕਿਹਾ ਸੀ : ਹਾਂ ਮੱਥਾ ਟੇਕਣ ਤੱਕ ਅੰਜਾਣ ਪੁਰਸ਼ ਨੂੰ ਇੰਜ ਹੀ ਲੱਗਦਾ ਹੈ ਕਿ ਸ਼ਾਇਦ ਇਹ ਮੰਜੀ, ਪੀੜ੍ਹੀ, ਰੁਮਾਲ, ਤਖ਼ਤ ਨੂੰ ਹੀ ਮੱਥਾ ਟੇਕ ਰਿਹਾ ਹੈ ਪਰ ਮੱਥਾ ਟੇਕ ਕੇ ਜਦ 'ਵਾਕ' ਲਿਆ ਜਾਂਦਾ ਹੈ ਤਾਂ ਸਿੱਖ ਉਸ ਮੁਤਾਬਿਕ ਜੀਵਨ ਢਾਲਣ ਦਾ ਪ੍ਰਯਾਸ ਕਰਦਾ ਹੈ। ਸਿੱਖ ਸ਼ਬਦ-ਪੂਜ ਹੈ, ਗ੍ਰੰਥ-ਪੂਜ ਨਹੀਂ।

ਗੁਰੂ ਹਰਿ ਕ੍ਰਿਸ਼ਨ ਜੀ ਦੇ ਬਚਨ ਸਨ ਕਿ ਸਰੀਰਾਂ ਦੇ ਮੇਲ ਥੋੜ੍ਹੇ ਚਿਰ ਦੇ ਹੁੰਦੇ ਹਨ। ਜੋ ਸਾਡੇ ਨਾਲ ਬਾਤ ਕਰਨਾ ਲੋੜਚਾ ਹੈ, ਉਹ ਚਾਅ ਨਾਲ ਪਾਠ ਕਰੇ, ਧਿਆਨ ਨਾਲ ਸੁਣੇ, ਸ਼ਰਧਾ ਨਾਲ ਬਚਨ ਅਪਣਾਏ ਅਤੇ ਜ਼ਿੰਦਗੀ ਉਸ ਮੁਤਾਬਿਕ ਢਾਲੇ, ਉਸ ਨੂੰ ਚਾਰ ਪਦਾਰਥ ਪ੍ਰਾਪਤ ਹੋਣਗੇ :

ਹਮ ਕੋ ਬਾਤ ਕਰਨਿ ਕੋ ਚਾਹਿ॥
ਪੜਹਿ ਸੁਨਹਿ ਗੁਰੂ ਗ੍ਰੰਥ ਉਮਾਹਿ॥
ਤਿਸ ਮਹਿ ਕਹਯੋ ਜੁ ਕਰਹਿ ਕਮਾਵਨਿ॥
ਚਾਰ ਪਦਾਰਥ ਲੈ ਮਨੇ ਪਾਵਨਿ॥

ਇਹ ਭੀ ਯਾਦ ਰੱਖਣਾ ਕਿ ਪੂਜਾ ਦਾ ਮੂਲ ਗੁਰੂ ਘਰ ਵਿਚ ਨਿਮਰਤਾ ਵਿਚ ਰਹਿਣਾ ਤੇ ਸੇਵਾ ਕਰਨਾ ਕਿਹਾ ਗਿਆ ਹੈ।

ਪੂਜ ਮੂਲ ਸਤਿਗੁਰ ਚਰਣ, ਕਰਿ ਗੁਰਦੇਵ ਸੇਵ, ਸੁਖ ਹੋਈ।
(ਭਾਈ ਗੁਰਦਾਸ ਜੀ ਵਾਰ ੨੬, ਪਉੜੀ ੬ਵੀਂ)



Sri Satguru Jagjit Singh Ji eLibrary NamdhariElibrary@gmail.com

## ੧੪ ਸਿੱਖ ਰਾਜ ਕਿਵੇਂ ਗਿਆ ?

**ਉਹ ਕਿਹੜੇ ਵੱਡੇ ਕਾਰਨ ਸਨ ਜਿਨ੍ਹਾਂ ਕਾਰਨ ਸਿੱਖ ਰਾਜ ਜਾਂਦਾ ਵੀ ਨਾ ਦਿੱਸਿਆ ?**

ਇਹ ਸੱਚ ਹੈ ਕਿ ਸਿੱਖ ਰਾਜ ਨਾਲ ਉਹ ਹੀ ਬਣੀ ਜੋ ਬਾਬਾ ਫ਼ਰੀਦ ਜੀ ਨੇ ਕਿਸੇ ਹੋਰ ਪ੍ਰਥਾਇ ਕਹੀ ਸੀ :

'ਗੰਢੇਦਿਆਂ ਛਿਅ ਮਾਹ,
ਤੁੜੰਦਿਆਂ ਹਿਕੁ ਖਿਨੋ'॥ ੭॥

ਸਿੱਖ ਰਾਜ ਜਾਣ ਦੇ ਮੋਟੇ ਚਾਰ ਕਾਰਨ ਇਹ ਹਨ :

***ਪਹਿਲਾ***—ਜਿਨ੍ਹਾਂ ਹੱਥ ਵਾਗ-ਡੋਰ ਆਈ ਜਾਂ ਉਹ ***ਖਰੀਦੇ ਗਏ*** ਜਾਂ ਇਤਨੀ ਲੰਮੀ ਨਦਰ ਵਾਲੇ ਨਾ ਰਹੇ ਕਿ ਵਿਚਲੀ ਗੱਲ ਨੂੰ ਜਾਣ ਸਕਣ। ਆਗੂ ਜਾਂ ਲੁੱਚੇ ਲਵਾਰ (Rogues) ਜਾਂ ਬੇਵਕੂਫ਼ (Fools) ਰਾਣੀ ਜਿੰਦਾਂ 'ਜੋ ਇਕੋ ਇਕ ਮਰਦ ਸੀ ਪੰਜਾਬ ਵਿਚ' ਵਿਰੁੱਧ ਚਲਾਈ ਅੰਗਰੇਜ਼ਾਂ ਵੱਲੋਂ ਮੁਹਿੰਮ ਦਾ ਸਿੱਖ ਜਰਨੈਲ ਸ਼ਿਕਾਰ ਹੋ ਗਏ।

***ਦੂਜੇ***—ਲੋਕੀਂ ਖ਼ੁਸ਼ਹਾਲੀ ਆਉਣ ਨਾਲ ਨਿੱਸਲ ਤੇ ਅਵੇਸਲੇ ਹੋ ਗਏ (Soft with prosperity.) ਖ਼ੂਬ ਲਿਖਿਆ ਹੈ ਕਨਿੰਘਮ ਨੇ ਕਿ ਸ਼ੇਰਾਂ ਦੀ ਕੌਮ ਪਰ ਆਗੂ ਗਿੱਦੜ ਬਣ ਗਏ (Nation of Lions led by jackals).

***ਤੀਜੇ***—ਕਿੱਥੇ ਸੀ 'ਸਿੱਖ-ਸਿੱਖ ਪੈ ਵਾਰਤ ਪਰਾਣ' ਤੇ ਹੁਣ 'ਭਰਾ-ਭਰਾ ਦਾ ਵੈਰੀ', ਜਾਨ ਲੇਵਾ ਹੋ ਗਿਆ।

***ਚੌਥੇ***—'ਕਾਮ ਪੜੁਤਾ ਗੁਰਮਤਾ ਕਰ ਹੀ' ਵਾਲੀ ਸੰਸਥਾ ਹੀ ਅਲੋਪ ਕਰ ਦਿੱਤੀ। ਆਈ ਬਿਪਤ ਵੇਲੇ ਕੋਈ ਇਕੱਠ ਕਰ ਨਿਰਣੇ ਲੈਣ ਵਾਲੀ ਸੰਸਥਾ ਹੀ ਨਾ ਰਹੀ।

❑❑



Sri Satguru Jagjit Singh Ji eLibrary NamdhariElibrary@gmail.com

## ੧੧ ਹੋਰ ਧਰਮਾਂ ਦੀਆਂ ਧਰਮ ਪੁਸਤਕਾਂ

**_ਜਗਤ ਪ੍ਰਸਿੱਧ ਧਰਮਾਂ ਦੀਆਂ ਧਰਮ ਪੁਸਤਕਾਂ ਬਾਰੇ ਰਤਾ ਕੁ ਵਾਕਫ਼ੀਅਤ ਦੇਵੋ।_**

***ਬੁੱਧ ਧਰਮ*** ਦੀਆਂ ਪੁਸਤਕਾਂ ਨੂੰ ਪਾਟਿਕਾ (ਪੱਛੀਆਂ) ਕਿਹਾ ਜਾਂਦਾ ਹੈ।

ਪਹਿਲੀ ਨੂੰ ਵਿਨੈ (Descriptive)

ਦੂਜੀ ਨੂੰ ਸ਼ਤ (Teaching)

ਤੀਜੀ ਨੂੰ ਅਭਿੱਧਮ (Metaphysical) ਕਹਿੰਦੇ ਹਨ। ਧੱਮ ਪਦ ਵਿਚ ਸਦਾਚਾਰੀ ਜੀਵਨ ਦੇ ਨੇਮ ਹਨ ਜੋ ਬੁੱਧ ਜੀ ਦੇ ਕਥਨ ਸਨ।

ਇਹਨਾਂ ਦੇ ਮੌਲਕ ਹੋਣ ਬਾਰੇ ਸੰਦੇਹ ਹੈ। ਬੁੱਧ ਜੀ ਦੇ ਗੁਜ਼ਰਨ ਤੋਂ ਪੰਜ ਸੌ ਸਾਲ ਬਾਅਦ ਰਾਜਗ੍ਰੀਹ ਵਿਖੇ ਪੰਜ ਸੌ ਅਰਹਤ ਇਕੱਠੇ ਹੋਏ ਤੇ ਸਾਇਨਾਡ (ਵੱਡੀ ਸਭਾ) ਹੋਈ ਤੇ ਉਥੇ ਹੀ ਇਹ ਤਿੰਨ ਪਾਟਿਕਾ ਬਣੀਆਂ ਸਨ।

***ਪਾਰਸੀਆਂ*** (ਜ਼ਰੁਸਤਰਾਂ) ਦੀਆਂ ਪੰਜ ਪੁਸਤਕਾਂ ਹਨ ਜਿਨ੍ਹਾਂ ਨੂੰ ਜ਼ੈਂਡ-ਅਵਿਸਤਾ ਕਹਿੰਦੇ ਹਨ।

***ਪਹਿਲੀ*** ਵਿਚ ਪੂਜਾ ਤੇ ਕੁਰਬਾਨੀ।

***ਦੂਜੀ*** ਵਿਚ ਗਾਥਾ ਗੀਤ।

***ਤੀਜੀ*** ਵਿਚ ਪੂਜਾ, ਪ੍ਰਾਰਥਨਾ ਸਬੰਧੀ (Liturgical)।

***ਚੌਥੀ*** ਵੈਦਆਦ ਵਿਚ ਪੁਜਾਰੀਆਂ ਲਈ ਨੇਮ ਹਨ।

***ਪੰਜਵੀਂ*** ਯਤਸ਼ਾਹ ਵਿਚ ਸਾਰੀ ਤਾਲੀਮ ਦਾ ਤਤਸਾਰ ਹੈ। ਇਹ ਸਭ ਪੁਸਤਕਾਂ ਵੀ ਪੈਗ਼ੰਬਰ ਤੋਂ ਬਹੁਤ ਮਗਰੋਂ ਹੋਂਦ ਵਿਚ ਆਈਆਂ।

***ਟਾਓਇਜ਼ਮ,*** ਜਿਸ ਨੂੰ ਲਾਊ-ਜ਼ੀ ਨੇ ਈਸਾ ਤੋਂ ਛੇ ਸੌ ਸੱਤ (੬੦੭) ਸਾਲ ਪਹਿਲਾਂ ਚਲਾਇਆ ਸੀ, ਉਹਨਾਂ ਦੀਆਂ ਲਿਖਤਾਂ ਬਾਅਦ ਵਿਚ 'ਟਾਓਇਜ਼' ਦੇ ਨਾਂ ਹੇਠ ਇਕੱਠੀਆਂ ਕੀਤੀਆਂ ਗਈਆਂ। ***ਸ਼ਿੰਟ*** ਜਾਪਾਨ ਵਿਚ ਅਪਣਾਇਆ ਜਾਂਦਾ ਧਰਮ ਹੈ। ਉਹਨਾਂ ਦੀ ਪ੍ਰਸਿੱਧ ਪੁਸਤਕ ਕੌਜ਼ਿਕੀ ਹੈ ਜਿਸ ਵਿਚ ਕਹਾਣੀਆਂ ਹਨ ਤੇ ਬੜੀ ਪਿਛੋਂ ਜਾ ਕੇ ਲਿਖੀ ਗਈ ਹੈ।

***ਜੈਨ ਧਰਮ*** ਦੀਆਂ ਪੁਸਤਕਾਂ ਦੇ ਨਾਮ ***ਅਗਮ ਤੇ ਅਯਰਣ ਸਤੋੜ੍ਹ*** ਹਨ। ਪਹਿਲੀ ਅਗਮ ਵਿਚ ਸਿਧਾਂਤ ਹਨ ਤੇ ਦੂਜੀ ਅਯਰਣ ਦੇ ਅੱਗੋਂ ੧੨ ਹਿੱਸੇ ਹਨ ਜਿਸ ਵਿਚ ਕਥਾਵਾਂ ਹੀ ਕਥਾਵਾਂ ਹਨ।

***ਯਹੂਦੀਆਂ*** ਦੀ ਪੁਰਾਣੀ ਸਾਖ (Old Testament) ਵਿਚ ੩੯ ਪੁਸਤਕਾਂ ਹਨ



Sri Satguru Jagjit Singh Ji eLibrary NamdhariElibrary@gmail.com

ਜੋ ਅੱਗੋਂ ਤਿੰਨ ਹਿੱਸਿਆਂ ਵਿਚ ਵੰਡੀਆਂ ਹੋਈਆਂ ਹਨ :

ਇਕ ਤੋਰਾ (ਵਿਧੀ ਵਿਧਾਨ)।

ਦੂਜੇ ਨਬੀ (ਜਿਸ ਵਿਚ ਪੈਗੰਬਰਾਂ ਦਾ ਹਾਲ)।

ਤੀਜੇ ਕਤੇਬ (ਰੂਹਾਨੀ ਬਾਤਾਂ) ਹਨ।

ਦੋ ਹੋਰ ਪੁਸਤਕਾਂ ਮਿਸ਼ਨ (ਪਾਠ-ਪੁਸਤਕ) ਤੇ ਜੈਮਰ (ਵਿਸਥਾਰ ਕੀਤਾ ਹੋਇਆ) ਵੀ ਹਨ।

ਇਹ ਸਭ ਪੁਸਤਕਾਂ ਹਜ਼ਰਤ ਮੂਸਾ ਦੇ ਬਹੁਤ ਚਿਰ ਪਿਛੋਂ ਲਿਖੀਆਂ ਗਈਆਂ।

***ਈਸਾਈਆਂ*** ਦੀ ਬਾਈਬਲ ੨੭ ਪੁਸਤਕਾਂ ਦਾ ਸਮੂੰਹ ਹੈ। ਵੱਡੀ ਗੱਲ ਬਾਈਬਲ ਦਾ ਸ਼ਬਦ ਹੀ ਬਾਈਬਲ ਵਿਚ ਨਹੀਂ ਹੈ। ਬਾਈਬਲ ਦਾ ਸ਼ਬਦ ਕਿਧਰੇ ਨੌਵੀਂ ਸਦੀ ਵਿਚ ਜਾ ਕੇ ਵਰਤਿਆ ਗਿਆ।

ਇਸ ਨੂੰ ਗਾਸਪਲ (ਖ਼ੁਸ਼ਖਬਰੀ) ਕਹਿੰਦੇ ਸਨ। ਪਹਿਲਾਂ ਇਹ ਹਿਬਰਿਯੂ ਬੋਲੀ ਵਿਚ ਲਿਖੀ ਹੋਈ ਸੀ ਫਿਰ ਗਰੀਕ ਵਿਚ ਕੀਤੀ ਗਈ, ਮਗਰੋਂ ਲਾਤੀਨੀ ਤੇ ਹੁਣ ਅੰਗਰੇਜ਼ੀ ਵਿਚ ਹੈ।

ਤਰਜਮਾ ਕਦੀ ਸ਼ੁੱਧ, ਠੀਕ ਤੇ ਪੂਰਾ ਨਹੀਂ ਹੁੰਦਾ। ਇਸੇ ਕਰਕੇ ਕਿਤਨੇ ਹੀ ਪਾਠੰਤਰ (Version) ਹਨ।

***ਇਸਲਾਮ*** ਦੀ ਧਰਮ ਪੁਸਤਕ ਕੁਰਾਨ ਹੈ। ਕੁਰਾਨ ਦਾ ਅਰਥ ਹੈ ਸੁਗਾਤਾਂ ਇਕੱਠੀਆਂ ਕਰ ਬੀੜ ਬੰਨ੍ਹਣੀ। ਜਬਰਾਈਲ ਫ਼ਰਿਸ਼ਤੇ ਰਾਹੀਂ ਖ਼ੁਦਾ ਨੇ ਵਹੀ ਹਜ਼ਰਤ ਮੁਹੰਮਦ ਸਾਹਿਬ ਤੇ ਨਾਜ਼ਲ ਕੀਤੀ ਤੇ ਉਹਨਾਂ ਅਗੋਂ ਲਿਖਵਾਈ। ਪਹਿਲੀ ਵਹੀ ਹਿਰਾ ਪਰਬਤ ਤੇ ਰਮਜ਼ਾਨ ਦੇ ਮਹੀਨੇ ਨੂੰ ਆਈ ਸੀ ਤੇ ਜੋ ਕੁਝ ਵੀ ਹਜ਼ਰਤ ਮੁਹੰਮਦ ਸਾਹਿਬ ਦੇ ਹੱਥ ਆਉਂਦਾ ਲਿਖ ਲੈਂਦੇ। ਭਾਵੇਂ ਖਲੜੀ ਹੋਵੇ, ਭਾਵੇਂ ਪੱਥਰ, ਭਾਵੇਂ ਛਿੱਲੜ, ਭਾਵੇਂ ਪੱਤਾ। ਕਈ ਵਾਰੀ ਲਿਖਿਆ ਮਿੱਟ ਵੀ ਜਾਂਦਾ। ਪੁੱਛਣ ਤੇ ਹਜ਼ਰਤ ਮੁਹੰਮਦ ਸਾਹਿਬ ਕਹਿੰਦੇ ਕਿ ਖ਼ੁਦਾ ਨੇ ਵਾਪਸ ਲੈ ਲਈ ਹੈ। ਇਸ ਨੂੰ 'ਨਸਖ਼' ਕਹਿੰਦੇ ਸਨ।

ਉਦਾਹਰਣ ਵਜੋਂ ੧੯੦ ਤੇ ੮੪ ਦੀਆਂ ਆਇਤਾਂ ਬਦਲ ਗਈਆਂ ਹਨ।

ਮੁਹੰਮਦ ਸਾਹਿਬ ਦੀ ਹਯਾਤੀ ਦੇ ੨੩ ਸਾਲਾਂ ਵਿਚ ਜੋ ਵਹੀਆਂ ਨਾਜ਼ਲ ਹੋਈਆਂ, ਉਹਨਾਂ ਨੂੰ ਤੀਜੇ ਖ਼ਲੀਫ਼ੇ ਉਸਮਾਨ ਨੇ ਛਾਂਟ ਕੇ ਕੁਰਾਨ ਦੀ ਸ਼ਕਲ ਦਿੱਤੀ। ਜਿਵੇਂ ਜਿਹੜੀ ਪਹਿਲੀ ਵਹੀ ਨਾਜ਼ਲ ਹੋਈ ਸੀ, ਉਸ ਨੂੰ ਕੁਰਾਨ ਵਿਚ ਛਿਆਨਵਾਂ (੯੬) ਨੰਬਰ ਦਿੱਤਾ ਗਿਆ।

***ਕੁਰਾਨ ਵਿਚ ਇਕ ਹਜ਼ਾਰ*** ਆਇਤਾਂ ਵਿਚ ਕਥਾ ਕਹਾਣੀ ਹੈ। ੨੦੬੬ ਆਇਤਾਂ ਵਿਚ ਸ਼ਰਯ, ਨਿਮਾਜ਼ ਤੇ ਕਿਆਮਤ ਵਾਲੇ ਦਿਨ ਕੀ ਹੋਣਾ ਹੈ, ਦਾ ਜ਼ਿਕਰ ਹੈ।

੩੪੦੦ ਆਇਤਾਂ ਸਮਾਜਕ ਵਤੀਰੇ, ਕੁਰਬਾਨੀ, ਲੁੱਟ ਦੇ ਮਾਲ ਨੂੰ ਵੰਡਣ, ਔਰਤਾਂ ਨਾਲ ਸਲੂਕ ਬਾਰੇ ਹਨ। ਸਿਫ਼ਤ ਸਾਲਾਹ ਜੋ ਕੁਰਾਨ ਵਿਚ ਹੈ, ਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਨੇ ਪ੍ਰਵਾਨ ਕੀਤਾ ਹੈ।

*ਹਿੰਦੂਆਂ ਦੇ ਵੇਦ ਚਾਰ ਹਨ*—ਰਿਗ, ਸਾਮ, ਯੁੱਜਰ ਅਤੇ ਅਥਰਬਣ। ਹਰ ਵੇਦ ਦੇ ਅੱਗੋਂ ਦੋ ਹਿੱਸੇ ਇਕ ਸਹੰਤਾ-ਮੰਤਰ ਅਤੇ ਦੂਜੇ ਬ੍ਰਾਹਮਣ, ਜਿਸ ਵਿਚ ਉਪਮਾ ਦੁਹਾਈ ਪਾਉਣਾ, ਵੇਦ ਉਸਤਤੀ-ਵਾਰਤਾ, ਫ਼ਰਮਾਨ-ਹੁਕਮ, ਚਿੰਤਨ-ਸ਼ਿਕਾਇਤਾਂ ਅਤੇ ਸਵਾਲ-ਜਵਾਬ ਹਨ।

ਆਰੀਆ ਸਮਾਜ ਦੇ ਮੁੱਖੀ ਦਇਆਨੰਦ ਜੀ ਕਹਿੰਦੇ ਸਨ ਕਿ ਵੇਦਾਂ ਅਤੇ ਧਰਤੀ ਨੂੰ ਬਣਿਆਂ ਇਕ ਅਰਬ, ਛਿਆਨਵੇਂ ਕਰੋੜ, ਅੱਠ ਲੱਖ, ਬਵੰਜਾ ਹਜ਼ਾਰ, ਨੌਂ ਸੌ ਸਤਾਸੀ ਸਾਲ ਹੋਏ ਹਨ। (੧, ੯੬, ੦੮, ੫੨, ੯੮੭)।

ਮੈਕਸ ਮੂਲਰ ਦਾ ਕਹਿਣਾ ਹੈ ਕਿ ਇਹ ਸਭ ਖ਼ਿਆਲੀ ਅੰਦਾਜ਼ੇ ਹਨ। ਜਿਵੇਂ ਬਾਈਬਲ ਨੇ ਕਹਿ ਦਿੱਤਾ ਸੀ ਕਿ ਪਹਿਲਾ ਮਨੁੱਖ ੨੩ ਮਾਰਚ, ੪੦੦੪ ਈਸਾ ਤੋਂ ਪਹਿਲਾਂ ਹੋਇਆ ਤੇ ਇਕ ਜਾਹਨ ਲਾਈਨ ਫੁੱਟ, ਕੈਂਬਰਜ ਦੇ ਵਾਈਸ ਚਾਂਸਲਰ ਨੇ ਇਥੋਂ ਤੱਕ ਕਹਿ ਦਿੱਤਾ ਕਿ ਪਹਿਲਾ ਮਨੁੱਖ ੨੬ ਅਕਤੂਬਰ, ੪੦੦ ਬੀ. ਸੀ. ਸਵੇਰੇ ੯ ਵਜੇ ਪੈਦਾ ਹੋਇਆ। ਕਿਆ ਮਜ਼ਾਕ ਹੈ!

ਜਿਸ ਨੂੰ ਹਿੰਦੂਆਂ ਵਿਚ ਵਿਆਸ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਉਹ ਵੀ ਖ਼ਿਆਲੀ ਹੈ। ਵਿਆਸ ਦੇ ਅਰਥ ਹਨ : ਤਰਤੀਬ ਦੇਣ ਵਾਲਾ। ਤ੍ਰੀਹ ਤਾਂ ਵਿਆਸ ਹੀ ਹਨ।

ਸਰੁਤੀ ਤੇ ਸਿਮ੍ਰਤੀ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਜਾਂ ਇਹ ਸੁਣ ਕੇ ਜਾਂ ਯਾਦ ਤੋਂ ਲਿਖੇ ਗਏ। ਸਿਮ੍ਰਤੀਆਂ ਦੀ ਗਿਣਤੀ ੨੭ ਤੱਕ ਹੋ ਗਈ।

ਐਚ. ਜੀ. ਵੈਲਜ਼ ਨੇ ਲਿਖਿਆ ਸੀ ਕਿ ਹਿੰਦੂ ਲਿਖਤ ਵਿਚ ਯਕੀਨ ਹੀ ਨਹੀਂ ਸੀ ਕਰਦਾ, ਉਹ ਤਾਂ 'ਦੁਹਾਈ ਪਾਉਣ ਵਾਲੇ ਲੋਕੀਂ (People of Voice) ਹਨ। ਇਸ ਦੇ ਉਲਟ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ :

ਕਹਤੇ ਪਵਿਤ੍ਰ,
ਸੁਣਤੇ ਸਭਿ ਧੰਨੁ,
ਲਿਖਤੀਂ ਕੁਲੁ ਤਾਰਿਆ ਜੀਉ॥ (ਸ੍ਰੀ ਰਾਗ ਮਹਲਾ ੫)

ਜਿਨ੍ਹਾਂ-ਜਿਨ੍ਹਾਂ ਦੇ ਨਾਮ ਵੇਦਾਂ ਵਿਚ ਆਏ ਹਨ ਸਭ ਮਿਥਿਹਾਸਕ ਹਨ।

Sri Satguru Jagjit Singh Ji eLibrary NamdhariElibrary@gmail.com

100

# ਸਵਾਲ ਆਖ਼ਰੀ ਪੂਰਾ ਸੌ
# ਕੈਂਪ ਸਿੱਖ ਸਟੂਡੈਂਟਸ ਫੈਡਰੇਸ਼ਨ

***ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪਹਿਲਾ ਕੈਂਪ ਕਦ ਤੇ ਕਿਥੇ ਲੱਗਾ?***

ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪਹਿਲਾ ਟਰੇਨਿੰਗ ਕੈਂਪ ਸ੍ਰੀ ਪਾਉਂਟਾ ਸਾਹਿਬ ਸੰਨ ੧੯੫੦ ਨੂੰ ਲੱਗਾ ਸੀ। ਇਸ ਦੇ ਪ੍ਰਿੰਸੀਪਲ ਫ਼ੈਡਰੇਸ਼ਨ ਦੇ ਫਾਊਂਡਰ ਪ੍ਰੈਜ਼ੀਡੈਂਟ ਸਰਦਾਰ ਸਰੂਪ ਸਿੰਘ ਜੀ ਸਨ। ਮੈਂ ਆਪੂੰ ਇਕ ਟਰੇਨੀ ਦੀ ਹੈਸੀਅਤ ਵਿਚ ਸ਼ਾਮਲ ਹੋਇਆ ਸੀ।



Sri Satguru Jagjit Singh Ji eLibrary NamdhariElibrary@gmail.com